ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 22 | Issue 156| 1 Jan. to 7 Jan., 2025 | Ph.: (510) 240-5949 | Email: asrtimes@gmail.com



ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
ਵੱਲੋਂ ਸਰਬੰਸ ਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦੀਆਂ
ਅਤੇ ਨਵੇਂ ਵਰ੍ਹੇ 2025 ਦੀਆਂ ਲੱਖ-ਲੱਖ ਵਧਾਈਆਂ

# ਨਵੇਂ ਵਰ੍ਹੇ ਨੂੰ ਜੀ ਆਇਆਂ ਆਖਣ ਲਈ ਸ੍ਰੀ ਦਰਬਾਰ ਸਾਹਿਬ ’ਚ ਸ਼ਰਧਾਲੂਆਂ ਦਾ ਆਇਆ ਸੈਲਾਬ

## ਲੱਖਾਂ ਦੀ ਗਿਣਤੀ ਵਿੱਚ ਆਈ ਸੰਗਤ ਸ਼ਰਧਾ ਤੇ ਉਤਸ਼ਾਹ ਨਾਲ ਹੋਈ ਨਤਮਸਤਕ



ਅੰਮ੍ਰਿਤਸਰ/ਏ.ਟੀ.ਨਿਊਜ਼ : ਨਵਾਂ ਸਾਲ 2025 ਨੂੰ ਜੀ ਆਇਆਂ ਆਖਣ ਲਈ ਗੁਰੂ ਘਰ ਵਿਖੇ ਨਤਮਸਤਕ ਹੋਣ ਵਾਸਤੇ ਲੱਖਾਂ ਦੀ ਗਿਣਤੀ ਵਿੱਚ ਸ਼ਰਧਾਲੂ ਸ੍ਰੀ ਦਰਬਾਰ ਸਾਹਿਬ ਪੁੱਜੇ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸੰਗਤ ਲਈ ਢੁੱਕਵੇਂ ਪ੍ਰਬੰਧ ਕੀਤੇ ਗਏ ਹਨ। ਜ਼ਿਕਰਯੋਗ ਹੈ ਕਿ ਨਵੇਂ ਸਾਲ ਨੂੰ ਜੀ ਆਇਆਂ ਆਖਣ ਲਈ ਦੇਸ਼-ਵਿਦੇਸ਼ ਤੋਂ ਵੱਡੀ ਗਿਣਤੀ ਵਿੱਚ ਸ਼ਰਧਾਲੂ ਇੱਥੇ ਹਰਿਮੰਦਰ ਸਾਹਿਬ ਵਿਖੇ ਵੀ ਨਤਮਸਤਕ ਹੋਣ ਲਈ ਆਉਂਦੇ ਹਨ। ਅੱਜ ਨਵੇਂ ਸਾਲ ਮੌਕੇ ਅੰਮ੍ਰਿਤ ਵੇਲੇ ਹੀ ਵੱਡੀ ਗਿਣਤੀ ਸੰਗਤ ਸ੍ਰੀ ਦਰਬਾਰ ਸਾਹਿਬ ਨਤਮਸਤਕ ਹੋਣੀ ਸ਼ੁਰੂ ਹੋ ਗਈ ਸੀ। ਵੱਡੀ ਗਿਣਤੀ ਸ਼ਰਧਾਲੂਆਂ ਨੇ ਇਸ ਮੌਕੇ ਪਵਿੱਤਰ ਸਰੋਵਰ ਵਿੱਚ ਇਸ਼ਨਾਨ ਕੀਤਾ।

ਗੁਰੂ ਨਗਰੀ ਦੇ ਨਿਵਾਸੀਆਂ ਦੇ ਨਾਲ-ਨਾਲ ਦੇਸ਼-ਵਿਦੇਸ਼ ਤੋਂ ਸੰਗਤ ਸਾਲ 2025 ਦੀ ਸ਼ੁਰੂਆਤ ਮੌਕੇ ਸ੍ਰੀ ਦਰਬਾਰ ਸਾਹਿਬ ਵਿਖੇ ਮੱਥਾ ਟੇਕਿਆ। ਅੰਦਾਜ਼ਾ ਹੈ ਕਿ ਅੱਜ ਨਵੇਂ ਸਾਲ ਦੇ ਪਹਿਲੇ ਦਿਨ 3 ਲੱਖ ਦੇ ਕਰੀਬ ਸ਼ਰਧਾਲੂ ਦਰਬਾਰ ਸਾਹਿਬ ਦੇ ਦਰਸ਼ਨਾਂ ਲਈ ਪਹੁੰਚੇ। ਅਸਲ ਵਿੱਚ ਬੀਤੀ 31 ਦਸੰਬਰ ਦੀ ਸਵੇਰ ਤੋਂ ਹੀ ਸ਼ਰਧਾਲੂ ਦਰਬਾਰ ਸਾਹਿਬ ਮੱਥਾ ਟੇਕਣ ਲਈ ਪਹੁੰਚ ਰਹੇ ਸਨ। ਬੀਤੀ ਰਾਤ 9 ਤੋਂ 12 ਵਜੇ ਤੱਕ 2 ਲੱਖ ਤੋਂ ਵੱਧ ਸ਼ਰਧਾਲੂਆਂ ਨੇ ਦਰਬਾਰ ਸਾਹਿਬ ਵਿਖੇ ਮੱਥਾ ਟੇਕਿਆ।

ਸੰਗਤ ਇੰਨੀ ਸੀ ਕਿ ਪੈਰ ਰੱਖਣ ਲਈ ਵੀ ਥਾਂ ਨਹੀਂ ਸੀ। ਬੀਤੀ ਰਾਤ 9 ਵਜੇ ਤੋਂ ਹੀ ਹਰਿਮੰਦਰ ਸਾਹਿਬ ਵਿਖੇ ਸੰਗਤ ਇਕੱਠੀ ਹੋਣੀ ਸ਼ੁਰੂ ਹੋ ਗਈ। ਭੀੜ ਇੰਨੀ ਜ਼ਿਆਦਾ ਹੋ ਗਈ ਕਿ ਲੋਕਾਂ ਨੂੰ ਦਰਬਾਰ ਸਾਹਿਬ ਦੀ ਪਰਕਰਮਾ ਲਈ ਸੰਘਰਸ਼ ਕਰਨਾ ਪਿਆ। ਪਰਿਕਰਮਾ ਦੌਰਾਨ ਹਰ ਪਾਸੇ ਸ਼ਰਧਾਲੂ ਨਜ਼ਰ ਆਏ।

ਰਾਤ ਦੇ 12 ਵਜੇ ਦਾ ਇੰਤਜ਼ਾਰ ਕਰਦੇ ਹੋਏ ਲੋਕ ਜਿੱਥੇ ਵੀ ਜਗ੍ਹਾ ਮਿਲੀ ਉੱਥੇ ਬੈਠ ਕੇ ਨਾਮ ਜਪਦੇ ਦੇਖੇ ਗਏ। ਇਸ ਦੌਰਾਨ ਸੰਗਤਾਂ ਸਾਰਾ ਸਮਾਂ ਬੈਠ ਕੇ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਕਰਦੀਆਂ ਰਹੀਆਂ। ਜਿਵੇਂ ਹੀ ਘੜੀ ਦੇ 12 ਵੱਜੇ, 1 ਲੱਖ ਤੋਂ ਵੱਧ ਸ਼ਰਧਾਲੂ ਹਰਿਮੰਦਰ ਸਾਹਿਬ ਵਿੱਚ ਇਕੱਠੇ ਹੋ ਗਏ ਅਤੇ ‘ਬੋਲੇ ਸੋ ਨਿਹਾਲ’ ਦੇ ਨਾਅਰੇ ਲਗਾਏ। ਹਰਿਮੰਦਰ ਸਾਹਿਬ ਦੇ ਮੈਨੇਜਰ ਭਗਵੰਤ ਸਿੰਘ ਧੰਗੇੜਾ ਨੇ ਦੱਸਿਆ ਕਿ ਸੰਗਤ ਦੀ ਸਹੂਲਤ ਤੇ ਪ੍ਰਬੰਧਾਂ ਵਾਸਤੇ ਵਧੇਰੀ ਗਿਣਤੀ ਵਿੱਚ ਕਰਮਚਾਰੀਆਂ ਤੇ ਅਧਿਕਾਰੀਆਂ ਦੀ ਡਿਊਟੀ ਲਾਈ ਗਈ ਹੈ।

### ਅੰਤ੍ਰਿੰਗ ਕਮੇਟੀ ਦੀ ਮੀਟਿੰਗ ਵਿੱਚ ਕੀਤਾ ਗਿਆ ਫ਼ੈਸਲਾ

## ਸ਼੍ਰੋਮਣੀ ਕਮੇਟੀ ਵੱਲੋਂ ਭਾਈ ਨਰਾਇਣ ਸਿੰਘ ਚੌੜਾ ਨੂੰ ਪੰਥ ’ਚੋਂ ਛੇਕਣ ਸਬੰਧੀ ਮਤਾ ਰੱਦ



ਅੰਮ੍ਰਿਤਸਰ/ਏ.ਟੀ.ਨਿਊਜ਼: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਨੇ ਭਾਈ ਨਰਾਇਣ ਸਿੰਘ ਚੌੜਾ ਨੂੰ ਪੰਥ ’ਚੋਂ ਛੇਕਣ ਦੀ ਅਪੀਲ ਸਬੰਧੀ ਆਪਣਾ ਮਤਾ ਰੱਦ ਕਰ ਦਿੱਤਾ ਹੈ। ਇਹ ਫੈਸਲਾ ਬੀਤੇ ਦਿਨ ਇੱਥੇ ਹੋਈ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਵਿੱਚ ਕੀਤਾ ਗਿਆ। ਇਸ ਦਾ ਖੁਲਾਸਾ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕੀਤਾ ਹੈ। ਇਸ ਦੌਰਾਨ ਬੀਤੇ ਦਿਨੀਂ ਯੂ.ਪੀ. ਵਿੱਚ ਪੰਜਾਬ ਦੇ ਤਿੰਨ ਨੌਜਵਾਨਾਂ ਦੇ ਪੁਲਿਸ ਮੁਕਾਬਲੇ ’ਚ ਮਾਰੇ ਜਾਣ ਦੇ ਮਾਮਲੇ ਦੀ ਨਿਆਂਇਕ ਜਾਂਚ ਕਰਵਾਉਣ ਦੀ ਮੰਗ ਵੀ ਕੀਤੀ ਗਈ ਹੈ। ਪੁਲਿਸ ਨੇ ਭਾਈ ਨਰਾਇਣ ਸਿੰਘ ਚੌੜਾ ਨੂੰ ਅਕਾਲੀ ਆਗੂ ਸੁਖਬੀਰ ਸਿੰਘ ਬਾਦਲ ’ਤੇ ਜਾਨਲੇਵਾ ਹਮਲਾ ਕਰਨ ਦੇ ਦੋਸ਼ ਹੇਠ ਗ੍ਰਿਫ਼ਤਾਰ ਕੀਤਾ ਹੈ। ਉਸ ਨੇ 4 ਦਸੰਬਰ ਨੂੰ ਸੁਖਬੀਰ ਬਾਦਲ ’ਤੇ ਉਸ ਵੇਲੇ ਹਮਲਾ ਕੀਤਾ ਸੀ, ਜਦੋਂ ਉਹ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਲੱਗੀ ਤਨਖਾਹ ਤਹਿਤ ਹਰਿਮੰਦਰ ਸਾਹਿਬ ਦੇ ਘੰਟਾ ਘਰ ਵਾਲੇ ਪਾਸੇ ਪਹਿਰੇਦਾਰ ਦੀ ਸੇਵਾ ਕਰ ਰਹੇ ਸਨ। ਭਾਈ ਚੌੜਾ ਇਸ ਵੇਲੇ ਨਿਆਂਇਕ ਹਿਰਾਸਤ ਦੌਰਾਨ ਜੇਲ੍ਹ ’ਚ ਬੰਦ ਹੈ। ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਨੇ ਇਸ ਮਾਮਲੇ ਵਿੱਚ ਮਤਾ ਪਾਸ ਕਰਕੇ ਉਸ ਨੂੰ ਪੰਥ ’ਚੋਂ ਛੇਕਣ ਦੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਅਪੀਲ ਕੀਤੀ ਸੀ। ਇਸ ਤੋਂ ਬਾਅਦ ਸ਼੍ਰੋਮਣੀ ਕਮੇਟੀ ਦੇ ਇਸ ਫੈਸਲੇ ਦਾ ਸਿੱਖ ਜਥੇਬੰਦੀਆ ਵੱਲੋਂ ਵਿਰੋਧ ਕੀਤਾ ਗਿਆ। ਬੀਤੇ ਦਿਨ ਹੋਈ ਮੀਟਿੰਗ ’ਚ ਇਸ ਮਤੇ ਨੂੰ ਰੱਦ ਕਰ ਦਿੱਤਾ ਗਿਆ ਹੈ। ਇਸ ਤੋਂ ਇਲਾਵਾ ਯੂ.ਪੀ. ਵਿੱਚ ਪੰਜਾਬ ਦੇ ਤਿੰਨ ਨੌਜਵਾਨਾਂ ਦੇ ਪੁਲਿਸ ਮੁਕਾਬਲੇ ’ਚ ਮਾਰਨ ਦੇ ਮਾਮਲੇ ਦੀ ਨਿਆਂਇਕ ਜਾਂਚ ਕਰਵਾਉਣ ਦੀ ਮੰਗ ਵੀ ਕੀਤੀ ਗਈ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਦੀ ਅਗਵਾਈ ਹੇਠ ਹੋਈ ਮੀਟਿੰਗ ਦੌਰਾਨ ਕਿਹਾ ਗਿਆ ਕਿ ਇਹ ਬੇਹੱਦ ਸੰਜੀਦਾ ਮਾਮਲਾ ਹੈ। ਇਹ ਬਹੁਤ ਛੋਟੀ ਉਮਰ ਦੇ ਪੰਜਾਬ ਦੇ ਨੌਜਵਾਨਾਂ ਨੂੰ ਜਾਣਬੁਝ ਕੇ ਨਿਸ਼ਾਨਾ ਬਣਾਉਣ ਦੀ ਕੋਸ਼ਿਸ਼ ਜਾਪਦੀ ਹੈ।

(ਬਾਕੀ ਸਫ਼ਾ 30 ’ਤੇ)

### ਪਾਠਕਾਂ ਲਈ ਵਿਸ਼ੇਸ਼ ਸੂਚਨਾ

**ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਵੱਲੋਂ ਪਾਠਕਾਂ ਦੀ ਜਾਣਕਾਰੀ ਵਿੱਚ ਵਾਧਾ ਕਰਨ ਲਈ ਨਵੀਂ ਵੈਬਸਾਈਟ**

**www.amritsartimes.live**

ਸ਼ੁਰੂ ਕੀਤੀ ਗਈ ਹੈ। ਜਿਸ ਵਿੱਚ ਦੇਸ਼ ਵਿਦੇਸ਼ ਵਿੱਚ ਹਰ ਦਿਨ ਵਾਪਰਦੀਆਂ ਘਟਨਾਵਾਂ ਦਾ ਵੇਰਵਾ, ਪੰਥਕ ਖ਼ਬਰਾਂ ਵੱਖ-ਵੱਖ ਵਿਸ਼ਿਆਂ ਨਾਲ ਸਬੰਧਿਤ ਮਾਹਿਰ ਵਿਦਵਾਨਾਂ ਦੇ ਲੇਖ, ਵਿਸ਼ੇਸ ਟਿੱਪਣੀਆਂ, ਕਵਰ ਸਟੋਰੀਆਂ, ਕਹਾਣੀਆਂ ਅਤੇ ਹੋਰ ਬਹੁਤ ਕੁਝ ਜਾਣਕਾਰੀ ਭਰਪੂਰ ਦੇਣ ਦਾ ਯਤਨ ਕੀਤਾ ਗਿਆ ਹੈ। ਇਕ ਵਾਰ ਜ਼ਰੂਰ ਵਿਜ਼ਟ ਕਰੋ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES
LIKE & SHARE
www.amritsartimes.live
Please like and share

# ਅਮਰੀਕਾ ਵਿੱਚ ਬਾਇਡੇਨ ਪ੍ਰਸ਼ਾਸਨ ਦੇ ਯਤਨਾਂ ਦੇ ਬਾਵਜੂਦ ਬੇਘਰੇ ਲੋਕਾਂ ਦੀ ਗਿਣਤੀ ਵਧੀ

## ਅਮਰੀਕੀ ਮਹਿੰਗਾਈ ਕਾਰਨ ਵਧੀਆਂ ਲਾਗਤਾਂ ਤੋਂ ਹੋ ਰਹੇ ਹਨ ਪ੍ਰੇਸ਼ਾਨ



ਸੈਕਰਾਮੈਂਟੋ, ਕੈਲੀਫ਼ੋਰਨੀਆ/ਹੁਸਨ ਲੜੋਆ ਬੰਗਾ: ਬਾਇਡੇਨ ਪ੍ਰਸ਼ਾਸਨ ਵੱਲੋਂ ਬੇਘਰਿਆਂ ਲਈ ਘਰ ਬਣਾਉਣ ਦੇ ਯਤਨਾਂ ਦੇ ਬਾਵਜੂਦ ਅਮਰੀਕਾ ਵਿੱਚ ਬੇਘਰੇ ਲੋਕਾਂ ਦੀ ਗਿਣਤੀ ਵਧੀ ਹੈ। 2023 ਦੀ ਤੁਲਨਾ ਵਿਚ 2024 ਦੌਰਾਨ ਵਧ ਲੋਕ ਨੀਲੇ ਅਸਮਾਨ ਹੇਠਾਂ ਪਾਰਕਾਂ ਵਿੱਚ ਜਾਂ ਸੜਕਾਂ ਦੇ ਕੰਢਿਆਂ ਉੱਪਰ ਸੌਣ ਲਈ ਮਜਬੂਰ ਹੋਏ ਹਨ। ਇਹ ਐਲਾਨ ਸੰਘੀ ਅਧਿਕਾਰੀਆਂ ਨੇ ਕੀਤਾ ਹੈ।

ਪੂਰੇ ਅਮਰੀਕਾ ਵਿੱਚ ਜਨਵਰੀ 2024 ਵਿੱਚ ਇੱਕ ਰਾਤ ਨੂੰ ਇਕੋ ਵੇਲੇ ਸ਼ਰਨਗਾਹਾਂ, ਪਾਰਕਾਂ ਤੇ ਸੜਕਾਂ ਉਪਰ ਸੌਣ ਵਾਲੇ ਲੋਕਾਂ ਦੀ ਕੀਤੀ ਗਈ ਗਿਣਤੀ ਅਨੁਸਾਰ 7,71,800 ਤੋਂ ਵਧ ਲੋਕ ਬੇਘਰੇ ਸਨ। ਇਹ ਗਿਣਤੀ 2023 ਨਾਲੋਂ 18.1% ਵਧ ਹੈ ਜਦੋਂ ਬੇਘਰੇ ਲੋਕਾਂ ਦੀ ਗਿਣਤੀ 6,50,000 ਸੀ। 2022 ਵਿੱਚ ਬੇਘਰੇ ਲੋਕਾਂ ਦੀ ਗਿਣਤੀ 5,80,000 ਸੀ। ਘਰਾਂ ਦੀ ਸਮੱਸਿਆ ਨੂੰ ਖਤਮ ਕਰਨ ਲਈ ਗਠਿਤ ਨੈਸ਼ਨਲ ਅਲਾਇੰਸ ਦੇ ਸੀ.ਈ.ਓ. ਅਨਾ ਓਲੀਵਾ ਨੇ ਕਿਹਾ ਹੈ ਕਿ ਇਹ ਗਿਣਤੀ ਮੇਰੇ ਮਨ ਵਿੱਚ ਸ਼ੰਕਾ ਪੈਦਾ ਕਰਦੀ ਹੈ। ਪਿਛਲੇ ਸਾਲਾਂ ਦੌਰਾਨ ਬਹੁਤ ਸਾਰੇ ਸ਼ਹਿਰਾਂ ਵਿੱਚ ਲੋਕਾਂ ਨੂੰ ਵਧੀਆਂ ਲਾਗਤਾਂ ਕਾਰਨ ਘਰ ਬਣਾਉਣ ਲਈ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ ਹੈ। ਕਈ ਥਾਵਾਂ 'ਤੇ ਸਖਤ ਕਾਨੂੰਨ ਲਾਗੂ ਕਰਕੇ ਖੁਲੇ ਵਿੱਚ ਟੈਂਟ ਲਾ ਕੇ ਸੌਣ 'ਤੇ ਪਾਬੰਦੀ ਲਾ ਦਿੱਤੀ ਗਈ ਹੈ। ਇਸ ਲਈ ਬੇਘਰੇ ਲੋਕ ਲਾਚਾਰ ਨਜ਼ਰ ਆਏ ਹਨ। ਆਰਥਿਕ ਮਾਹਿਰਾਂ ਅਨੁਸਾਰ ਹੋਰ ਸਥਾਨਕ ਆਗੂਆਂ ਨੂੰ ਅੱਗੇ ਆਉਣਾ ਪਵੇਗਾ ਤਾਂ ਜੋ ਬੇਘਰਿਆਂ ਲਈ ਘਰ ਬਣਾਉਣ ਵਾਸਤੇ ਨੀਤੀਗੱਤ ਨਿਵੇਸ਼ ਵਧਾਇਆ ਜਾ ਸਕੇ। ਜੇਕਰ ਨੀਤੀਗੱਤ ਢੰਗ ਨਾਲ ਹੋਰ ਨਿਵੇਸ਼ ਨਹੀਂ ਹੁੰਦਾ ਤਾਂ ਬੇਘਰਿਆਂ ਦੀ ਗਿਣਤੀ ਨਿਰੰਤਰ ਵਧਦੀ ਜਾਵੇਗੀ। ਸੀਨੀਅਰ ਪ੍ਰਸ਼ਾਸਨਿਕ ਅਧਿਕਾਰੀਆਂ ਦਾ ਕਹਿਣਾ ਹੈ ਕਿ ਘਰ ਬਣਾਉਣ ਲਈ ਵਧੀਆਂ ਲਾਗਤਾਂ, ਸ਼ਰਨ ਸਥਾਨਾਂ ਵਿੱਚ ਪ੍ਰਵਾਸੀਆਂ ਦੀ ਵਧੀ ਗਿਣਤੀ ਤੇ ਜੰਗਲੀ ਅੱਗ ਵਰਗੀਆਂ ਕੁਦਰਤੀ

ਆਫ਼ਤਾਂ ਕਾਰਨ ਬੇਘਰੇ ਲੋਕਾਂ ਦੀ ਗਿਣਤੀ ਵਧੀ ਹੈ। ਅਧਿਕਾਰੀਆਂ ਅਨੁਸਾਰ ਇਸ ਸਾਲ ਜੂਨ ਵਿੱਚ ਰਾਸ਼ਟਰਪਤੀ ਜੋ ਬਾਇਡੇਨ ਨੇ ਸਰਹੱਦ ਪਾਰੋਂ ਗੈਰ ਕਾਨੂੰਨੀ ਢੰਗ ਨਾਲ ਅਮਰੀਕਾ ਵਿੱਚ ਦਾਖਲ ਹੋਣ ਵਾਲੇ ਲੋਕਾਂ 'ਤੇ ਸ਼ਿਕੰਜਾ ਕੱਸਿਆ ਸੀ ਜਿਸ ਕਾਰਨ ਸ਼ਰਨ ਸਥਾਨਾਂ 'ਤੇ ਦਬਾਅ ਘਟਿਆ ਹੈ। ਡੈਨਵਰ ਤੇ ਸ਼ਿਕਾਗੋ ਨੇ ਹਾਲ ਹੀ ਵਿੱਚ ਪ੍ਰਵਾਸੀਆਂ ਲਈ ਸ਼ਰਨ ਸਥਾਨ ਖਤਮ ਕਰਨ ਦਾ ਐਲਾਨ ਕੀਤਾ ਹੈ। ਮਕਾਨ ਤੇ ਸ਼ਹਿਰੀ ਵਿਕਾਸ ਵਿਭਾਗ ਅਨੁਸਾਰ ਡਲਾਸ, ਲਾਸ ਏਂਜਲਸ ਤੇ ਚੈਸਟਰ ਕਾਊਂਟੀ, ਪੈਨਸਿਲਵਾਨੀਆ ਵਿੱਚ ਬੇਘਰੇ ਲੋਕਾਂ ਦੀ ਵਰਨਣਯੋਗ ਗਿਣਤੀ ਘਟੀ ਹੈ। ਬਜ਼ੁਰਗ ਬੇਘਰੇ ਲੋਕਾਂ ਲਈ ਘਰ ਬਣਾਉਣ ਦੇ ਬਾਇਡੇਨ ਪ੍ਰਸ਼ਾਸਨ ਦੇ ਯਤਨ ਜਰੂਰ ਰੰਗ ਲਿਆਏ ਹਨ। ਜੋ ਬਾਇਡੇਨ ਦੇ ਕਾਰਜਕਾਲ ਦੌਰਾਨ ਬਜ਼ੁਰਗ ਬੇਘਰੇ ਲੋਕਾਂ ਦੀ ਗਿਣਤੀ ਤਕਰੀਬਨ 12% ਘਟੀ ਹੈ।2022 ਵਿੱਚ ਬਾਇਡੇਨ ਨੇ ਆਪਣੇ ਪਹਿਲੇ ਕਾਰਜਕਾਲ ਦੇ ਖਤਮ ਹੋਣ ਤੋਂ ਪਹਿਲਾਂ ਬੇਘਰੇ ਲੋਕਾਂ ਦੀ ਗਿਣਤੀ ਘਟਾਉਣ ਦੇ ਟੀਚੇ ਦਾ ਐਲਾਨ ਕੀਤਾ ਸੀ ਪਰੰਤੂ ਇਸ ਐਲਾਨ ਦੇ ਉਲਟ ਬੇਘਰਿਆਂ ਦੀ ਗਿਣਤੀ ਵਧਣੀ ਨਿਸਚਤ ਤੌਰ 'ਤੇ ਚਿੰਤਾ ਦਾ ਵਿਸ਼ਾ ਹੈ। ਨਵੇਂ ਰਾਸ਼ਟਰਪਤੀ ਡੋਨਾਲਡ ਟਰੰਪ ਇਸ ਸਮੱਸਿਆ ਨਾਲ ਕਿਵੇਂ ਨਜਿੱਠਦੇ ਹਨ, ਇਹ ਵੀ ਵੇਖਣ ਵਾਲੀ ਗੱਲ ਹੋਵੇਗੀ।

## ਨਵੇਂ ਸਾਲ ਦੇ ਪਹਿਲੇ ਦਿਨ 8.09 ਅਰਬ ਹੋ ਗਈ ਦੁਨੀਆਂ ਦੀ ਆਬਾਦੀ



ਨਿਊਯਾਰਕ/ਏ.ਟੀ.ਨਿਊਜ਼: ਨਵੇਂ ਸਾਲ ਦੇ ਪਹਿਲੇ ਦਿਨ ਦੁਨੀਆਂ ਦੀ ਆਬਾਦੀ 8.09 ਅਰਬ ਤੱਕ ਪਹੁੰਚ ਗਈ। ਇਹ ਜਾਣਕਾਰੀ ਅਮਰੀਕੀ ਜਨਗਣਨਾ ਬਿਊਰੋ ਦੇ ਅਨੁਮਾਨਾਂ ਤੋਂ ਆਈ ਹੈ। ਯੂ.ਐਸ. ਜਨਗਣਨਾ ਬਿਊਰੋ ਦੇ ਅਨੁਸਾਰ, 2024 ਵਿੱਚ ਵਿਸ਼ਵ ਆਬਾਦੀ ਵਿੱਚ ਵਾਧਾ 2023 ਦੇ ਮੁਕਾਬਲੇ ਥੋੜ੍ਹਾ ਘੱਟ ਹੈ, ਜਦੋਂ ਵਿਸ਼ਵ ਦੀ ਆਬਾਦੀ ਵਿੱਚ 7.5 ਕਰੋੜ ਦਾ ਵਾਧਾ ਹੋਇਆ ਹੈ।

ਅਨੁਮਾਨਾਂ ਦੇ ਅਨੁਸਾਰ, ਜਨਵਰੀ 2025 ਵਿੱਚ ਦੁਨੀਆਂ ਭਰ ਵਿੱਚ ਪ੍ਰਤੀ ਸਕਿੰਟ 4.2 ਜਨਮ ਅਤੇ 2.0 ਮੌਤਾਂ ਹੋਣ ਦੀ ਸੰਭਾਵਨਾ ਹੈ। ਜਨਗਣਨਾ ਬਿਊਰੋ ਦੇ ਅਨੁਸਾਰ, 2024 ਵਿੱਚ ਅਮਰੀਕਾ ਦੀ ਆਬਾਦੀ 26 ਲੱਖ ਦਾ ਵਾਧਾ ਹੋਇਆ ਅਤੇ ਨਵੇਂ ਸਾਲ ਦੇ ਪਹਿਲੇ ਦਿਨ ਅਮਰੀਕਾ ਦੀ ਆਬਾਦੀ 34.1 ਕਰੋੜ ਹੋਵੇਗੀ। ਜਨਗਣਨਾ ਬਿਊਰੋ ਦੇ ਅਨੁਸਾਰ, 2020 ਦੇ ਦਹਾਕੇ ਵਿੱਚ ਹੁਣ ਤੱਕ, ਯੂ.ਐਸ. ਦੀ ਆਬਾਦੀ ਵਿੱਚ ਲਗਭਗ 97 ਲੱਖ ਦਾ ਵਾਧਾ ਹੋਇਆ ਹੈ।

## ਹੁਨਰਮੰਦ ਵਿਦੇਸ਼ੀ ਕਾਮਿਆਂ ਨੂੰ ਅਮਰੀਕਾ ਆਉਣ ਦੀ ਖੁੱਲ੍ਹ ਹੋਵੇਗੀ: ਟਰੰਪ



ਸੈਕਰਾਮੈਂਟੋ ,ਕੈਲੀਫ਼ੋਰਨੀਆ/ਹੁਸਨ ਲੜੋਆ ਬੰਗਾ: ਰਾਸ਼ਟਰਪਤੀ ਚੁਣੇ ਗਏ ਡੋਨਾਲਡ ਟਰੰਪ ਨੇ ਉੱਚ ਹੁਨਰਮੰਦ ਵਿਦੇਸ਼ੀ ਕਾਮਿਆਂ ਲਈ ਵੀਜ਼ਾ ਪ੍ਰੋਗਰਾਮ ਦਾ ਸਮਰਥਨ ਕੀਤਾ ਹੈ। ਚੋਣ ਜਿੱਤਣ ਉਪਰੰਤ ਪ੍ਰਵਾਸੀ ਕਾਮਿਆਂ ਦੇ ਮੁੱਦੇ 'ਤੇ ਪਹਿਲੀ ਟਿੱਪਣੀ ਕਰਦਿਆਂ ਟਰੰਪ ਨੇ ਸੰਕੇਤ ਦਿੱਤਾ ਹੈ ਕਿ ਉੱਚ ਹੁਨਰਮੰਦ ਵਿਦੇਸ਼ੀਆਂ ਲਈ ਅਮਰੀਕਾ ਦੇ ਦਰਵਾਜ਼ੇ ਖੁੱਲ੍ਹੇ ਰਹਿਣਗੇ। ਉਨ੍ਹਾਂ ਦੀ ਇਸ ਟਿੱਪਣੀ ਕਾਰਨ ਉਨ੍ਹਾਂ ਦੇ ਸਮਰਥਕ ਵੀ ਦੋ ਹਿੱਸਿਆਂ ਵਿੱਚ ਵੰਡੇ ਗਏ ਹਨ। ਟਰੰਪ ਨੇ 'ਦ ਨਿਊਯਾਰਕ ਪੋਸਟ' ਨਾਲ ਗੱਲਬਾਤ ਦੌਰਾਨ ਕਿਹਾ ਕਿ ਉਹ ਐਚ-1 ਬੀ ਵੀਜ਼ਾ ਵਿੱਚ ਵਿਸ਼ਵਾਸ ਰੱਖਦੇ ਹਨ। ਉਨ੍ਹਾਂ ਨੇ ਬੀਤੇ ਵਿੱਚ ਵਿਸ਼ੇਸ਼ ਅਸਾਮੀਆਂ ਭਰਨ ਲਈ ਅਮਰੀਕਾ ਸੱਦੇ ਗਏ ਹਜ਼ਾਰਾਂ ਵਿਦੇਸ਼ੀ ਕਾਮਿਆਂ ਦਾ ਹਵਾਲਾ ਵੀ ਦਿੱਤਾ। ਆਪਣੇ ਪਹਿਲੇ ਕਾਰਜਕਾਲ ਦੌਰਾਨ ਟਰੰਪ ਨੇ ਵੀਜ਼ਾ ਪ੍ਰੋਗਰਾਮ ਦੀ ਅਲੋਚਨਾ ਕਰਦਿਆਂ ਵਿਦੇਸ਼ੀ ਕਾਮਿਆਂ ਨੂੰ ਅਮਰੀਕਾ ਸੱਦਣ ਦੇ ਪ੍ਰੋਗਰਾਮ ਉਪਰ ਰੋਕ ਲਾ ਦਿੱਤੀ ਸੀ ਪਰੰਤੂ 2024 ਵਿੱਚ ਆਪਣੀ ਚੋਣ ਮੁਹਿੰਮ ਦੌਰਾਨ ਉਨ੍ਹਾਂ ਨੇ ਸੰਕੇਤ ਦਿੱਤਾ ਸੀ ਕਿ ਜਿਨ੍ਹਾਂ ਵਿਦੇਸ਼ੀ ਵਰਕਰਾਂ ਨੇ ਅਮਰੀਕੀ ਯੂਨੀਵਰਸਿਟੀ ਤੋਂ ਗ੍ਰੈਜੂਏਸ਼ਨ ਕੀਤੀ ਹੈ , ਉਨ੍ਹਾਂ ਨੂੰ ਕਾਨੂੰਨੀ ਦਰਜਾ ਦਿੱਤਾ ਜਾ ਸਕਦਾ ਹੈ। ਟਰੰਪ ਨੇ ਗੱਲਬਾਤ ਦੌਰਾਨ ਕਿਹਾ ਕਿ ਉਹ ਹਮੇਸ਼ਾ ਵੀਜ਼ਾ ਪ੍ਰੋਗਰਾਮ ਸਮਰਥਕ ਰਹੇ ਹਨ। ਮੇਰੀਆਂ ਤਰਜ਼ੀਹਾਂ ਵਿੱਚ ਐਚ-1 ਬੀ ਵੀਜ਼ਾ ਰਿਹਾ ਹੈ, ਮੈਂ ਐਚ-1ਬੀ ਵੀਜ਼ੇ ਵਿੱਚ ਵਿਸ਼ਵਾਸ ਰਖਦਾ ਹਾਂ। ਮੈਂ ਇਸ ਨੂੰ ਬਹੁਤ ਵਾਰ ਵਰਤਿਆ ਹੈ। ਇਹ ਬਹੁਤ ਉੱਚ ਦਰਜੇ ਦਾ ਪ੍ਰੋਗਰਾਮ ਹੈ। ਇਥੇ ਜ਼ਿਕਰਯੋਗ ਹੈ ਕਿ ਉਦਯੋਗਪਤੀ ਏਲਨ ਮਸਕ ਤੇ ਵਿਵੇਕ ਰਾਮਾਸਵਾਮੀ, ਜਿਨ੍ਹਾਂ ਨੂੰ ਟਰੰਪ ਨੇ ਨਵੇਂ ਬਣਾਏ ਵਿਭਾਗ ਡਿਪਾਰਟਮੈਂਟ ਆਫ਼ ਐਫ਼ੀਸ਼ੀਐਂਸੀ ਦੀ ਅਗਵਾਈ ਸੌਂਪੀ ਹੈ, ਨੇ ਵਿਦੇਸ਼ੀ ਕਾਮਿਆਂ ਲਈ ਵੀਜ਼ਾ ਪ੍ਰੋਗਰਾਮ ਦਾ ਸਮਰਥਨ ਕੀਤਾ ਹੈ। ਹੁਣਟਰੰਪ ਦੁਆਰਾ ਇਸ ਪ੍ਰੋਗਰਾਮ ਉੱਪਰ ਕੀਤੀ ਹਾਂ ਪੱਖੀ ਟਿੱਪਣੀ ਨੇ ਇਸ ਮੁੱਦੇ 'ਤੇ ਨਵੀਂ ਚਰਚਾ ਛੇੜ ਦਿੱਤੀ ਹੈ। ਮਸਕ ਨੇ ਕਿਹਾ ਸੀ ਮੈਂ ਹੋਰ ਕਈ ਲੋਕਾਂ , ਜਿਨ੍ਹਾਂ ਨੇ ਸਪੇਸ ਐਕਸ, ਟੈਸਲਾ ਤੇ ਹੋਰ ਸੈਂਕੜੇ ਕੰਪਨੀਆਂ ਬਣਾਈਆਂ, ਜਿਨ੍ਹਾਂ ਸਦਕਾ ਅਮਰੀਕਾ ਮਜ਼ਬੂਤ ਬਣਿਆ, ਵਾਂਗ ਐਚ-1ਬੀ ਵੀਜ਼ੇ ਕਾਰਨ ਹੀ ਅਮਰੀਕਾ ਵਿੱਚ ਹਾਂ। ਮੈਂ ਇਸ ਮੁੱਦੇ 'ਤੇ ਆਪਣੀ ਗੱਲ ਜ਼ੋਰਦਾਰ ਢੰਗ ਨਾਲ ਰੱਖਾਂਗਾ ਕਿਉਂਕਿ

(ਬਾਕੀ ਸਫ਼ਾ 31 'ਤੇ)

ਤਾਜ਼ਾ ਸਰਵੇਖਣ 'ਚ ਹੈਰਾਨੀਜਨਕ ਖ਼ੁਲਾਸਾ

# ਕੈਨੇਡਾ 'ਚ ਪ੍ਰਧਾਨ ਮੰਤਰੀ ਟਰੂਡੋ ਦੀ ਲੋਕਪ੍ਰਿਯਤਾ ਘਟੀ

ਟੋਰਾਂਟੋ/ਏ.ਟੀ.ਨਿਊਜ਼: ਨਵੇਂ ਸਾਲ ਮੌਕੇ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ ਲੈ ਕੇ ਇੱਕ ਹੈਰਾਨੀਜਨਕ ਖੁਲਾਸਾ ਹੋਇਆ ਹੈ। ਅਸਲ ਵਿੱਚ ਕੈਨੇਡਾ ਵਿੱਚ ਕਈ ਸੰਸਦ ਮੈਂਬਰਾਂ ਵੱਲੋਂ ਅਸਤੀਫ਼ੇ ਦੀ ਮੰਗ ਦਾ ਸਾਹਮਣਾ ਕਰ ਰਹੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਨਿੱਜੀ ਲੋਕਪ੍ਰਿਅਤਾ ਆਪਣੇ ਹੇਠਲੇ ਪੱਧਰ 'ਤੇ ਪਹੁੰਚ ਗਈ ਹੈ ਅਤੇ ਉਨ੍ਹਾਂ ਦੀ ਸਰਕਾਰ ਪ੍ਰਤੀ ਸਮਰਥਨ ਦੇਣ ਵਿੱਚ ਵੀ 2014 ਤੋਂ ਬਾਅਦ ਸਭ ਤੋਂ ਵੱਧ ਗਿਰਾਵਟ ਆਈ ਹੈ।

ਇਹ ਦਾਅਵਾ ਇੱਕ ਤਾਜ਼ਾ ਸਰਵੇਖਣ ਵਿੱਚ ਕੀਤਾ ਗਿਆ ਹੈ। ਐਚ.ਟੀ ਦੀ ਇੱਕ ਰਿਪੋਰਟ ਅਨੁਸਾਰ ਹਾਊਸ ਆਫ ਕਾਮਨਜ਼ ਵਿੱਚ ਕੈਨੇਡਾ ਦੀ ਸੱਤਾਧਾਰੀ ਪਾਰਟੀ ਦੇ 153 ਸੰਸਦ ਮੈਂਬਰਾਂ ਵਿੱਚੋਂ ਅੱਧੇ ਤੋਂ ਵੱਧ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਜਲਦੀ ਵਿਦਾਇਗੀ ਦੀ ਮੰਗ ਕਰ ਰਹੇ ਹਨ ਤਾਂ ਜੋ ਅਗਲੀ ਚੋਣ ਮੁਹਿੰਮ ਦੀ ਕਮਾਨ ਇੱਕ ਨਵਾਂ ਨੇਤਾ ਸੰਭਾਲ ਸਕੇ। ਕੈਨੇਡਾ ਦੀਆਂ ਅਗਲੀਆਂ ਫੈਡਰਲ ਚੋਣਾਂ ਲਈ ਵੋਟਿੰਗ ਅਕਤੂਬਰ 2025 ਵਿੱਚ ਹੋਣੀ ਹੈ, ਪਰ ਟਰੂਡੋ ਸਰਕਾਰ ਦੀ ਨਾਜ਼ੁਕ ਸਥਿਤੀ ਨੂੰ ਦੇਖਦੇ ਹੋਏ, ਇਹ ਇਸ ਬਸੰਤ ਵਿੱਚ ਹੋਣ ਦੀ ਸੰਭਾਵਨਾ ਹੈ।



**ਟਰੂਡੋ ਦੀ ਜਲਦੀ ਵਿਦਾਇਗੀ ਚਾਹੁੰਦੇ ਹਨ ਸੰਸਦ ਮੈਂਬਰ**

ਕਈ ਸੰਸਦ ਮੈਂਬਰਾਂ ਨੇ ਜਸਟਿਨ ਟਰੂਡੋ ਖ਼ਿਲਾਫ਼ ਆਵਾਜ਼ ਉਠਾਈ ਹੈ। ਹਾਲ ਹੀ ਦੇ ਦਿਨਾਂ ਵਿੱਚ ਅਟਲਾਂਟਿਕ ਕੈਨੇਡਾ ਦੀ ਸਮੁੱਚੀ ਲਿਬਰਲ ਪਾਰਟੀ ਕਾਕਸ ਨੇ ਇਸ ਖੇਤਰ ਦੇ ਕੈਬਨਿਟ ਮੰਤਰੀਆਂ ਨੂੰ ਛੱਡ ਕੇ ਟਰੂਡੋ ਨੂੰ ਤੁਰੰਤ ਅਸਤੀਫਾ ਦੇਣ ਦੀ ਮੰਗ ਕੀਤੀ ਹੈ। ਇਸ ਤੋਂ ਪਹਿਲਾਂ ਅਲਬਰਟਾ ਤੋਂ ਇੰਡੋ-ਕੈਨੇਡੀਅਨ ਸੰਸਦ ਮੈਂਬਰ ਜਾਰਜ ਚਾਹਲ ਨੇ ਵੀ ਅਜਿਹੀ ਹੀ ਮੰਗ ਰੱਖੀ ਸੀ, ਜਿਸ ਤੋਂ ਬਾਅਦ ਓਂਟਾਰੀਓ ਦੇ ਸਮੁੱਚੇ ਕਾਕਸ ਨੇ ਮੰਤਰੀਆਂ ਤੋਂ ਬਿਨਾਂ ਪ੍ਰਧਾਨ ਮੰਤਰੀ ਤੋਂ ਅਜਿਹੀ ਹੀ ਮੰਗ ਮੁੜ ਦੁਹਰਾਈ। ਆਉਟਲੈਟ ਆਈਪੋਲੀਟਿਕਸ ਦੀ ਰਿਪੋਰਟ ਮੁਤਾਬਕ ਕਿਊਬਿਕ ਕਾਕਸ ਨੇ ਟਰੂਡੋ ਨੂੰ ਇਹ ਵੀ ਸੂਚਿਤ ਕੀਤਾ ਹੈ ਕਿ ਇਹ ਇੱਕ ਸਹਿਮਤੀ 'ਤੇ ਪਹੁੰਚ ਗਿਆ ਹੈ ਕਿ ਉਨ੍ਹਾਂ ਨੂੰ ਪ੍ਰਧਾਨ ਮੰਤਰੀ ਦਾ ਅਹੁਦਾ ਛੱਡ ਦੇਣਾ ਚਾਹੀਦਾ ਹੈ।

**ਸਰਵੇਖਣ ਦੇ ਅੰਕੜਿਆਂ ਨੇ ਕੀਤਾ ਹੈਰਾਨ**

ਕੈਨੇਡਾ ਦੀ ਇੱਕ ਗੈਰ-ਲਾਭਕਾਰੀ ਏਜੰਸੀ ਐਂਗਸ ਰੀਡ ਇੰਸਟੀਚਿਊਟ (ਏ.ਆਰ.ਆਈ) ਨੇ ਇੱਕ ਸਰਵੇਖਣ ਕਰਵਾਇਆ ਹੈ, ਜਿਸ ਤੋਂ ਪਤਾ ਲੱਗਦਾ ਹੈ ਕਿ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਅਤੇ ਉਨ੍ਹਾਂ ਦੀ ਪਾਰਟੀ ਦੀ ਹਾਲਤ ਬਹੁਤ ਖਰਾਬ ਹੈ।

ਏ.ਆਰ.ਆਈ ਦੁਆਰਾ ਸੋਮਵਾਰ (30 ਦਸੰਬਰ) ਨੂੰ ਪ੍ਰਕਾਸ਼ਿਤ ਕੀਤੇ ਗਏ ਸਰਵੇਖਣ ਵਿੱਚ ਦਿਖਾਇਆ ਗਿਆ ਹੈ ਕਿ ਨਿਰਣਾਇਕ ਅਤੇ ਝੁਕਾਅ ਵਾਲੇ ਵੋਟਰਾਂ ਵਿੱਚ ਲਿਬਰਲ ਪਾਰਟੀ ਦੀ ਹਮਾਇਤ ਘਟ ਕੇ ਸਿਰਫ 16 ਪ੍ਰਤੀਸ਼ਤ ਰਹਿ ਗਈ ਹੈ। ਏ.ਆਰ.ਆਈ. ਅਨੁਸਾਰ, 'ਇਹ 2014 ਤੋਂ ਬਾਅਦ

(ਬਾਕੀ ਸਫ਼ਾ 30 'ਤੇ)

# ਸ਼੍ਰੋਮਣੀ ਕਮੇਟੀ ਜਥੇ. ਹਰਪ੍ਰੀਤ ਸਿੰਘ ਦੀ ਜਾਂਚ ਅੱਗੇ ਵਧਾਕੇ ਗੁਰਮਤੇ ਤੋਂ ਹੋਈ ਬਾਗ਼ੀ

## ਸ੍ਰੀ ਅਕਾਲ ਤਖ਼ਤ ਸਾਹਿਬ ਨਾਲ ਟਕਰਾਅ ਰਿਹਾ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਿੱਚ ਬਾਦਲ ਦਲ

## ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਗੁਰਮਤੇ ਨੂੰ ਲਾਗੂ ਕਰਾਉਣ ਵਿੱਚ ਅਸਫ਼ਲ ਰਹੇ

ਪੰਥਕ ਸਿਆਸਤ ਤੇ ਅਕਾਲੀ ਲੀਡਰਸ਼ਿਪ ਇਸ ਦੌਰ ਦੌਰਾਨ ਡਾਵਾਂਡੋਲ ਦਿਖਾਈ ਦੇ ਰਹੀ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਧਾਰਮਿਕ ਤਨਖਾਹ ਭੁਗਤ ਚੁਕੀ ਅਕਾਲ ਤਖ਼ਤ ਸਾਹਿਬ ਦੇ ਗੁਰਮਤੇ ਦੇ ਸਿਆਸੀ ਫ਼ੁਰਮਾਨ ਨੂੰ ਮੰਨਣ ਤੋਂ ਇਨਕਾਰੀ ਹੈ, ਜਿਸ ਵਿੱਚ ਸੁਖਬੀਰ ਸਿੰਘ ਦੀ ਪ੍ਰਧਾਨਗੀ ਦਾ ਅਸਤੀਫ਼ਾ ਪ੍ਰਵਾਨ ਕਰਨ ਦਾ ਅਕਾਲੀ ਦਲ ਦੀ ਵਰਕਿੰਗ ਕਮੇਟੀ ਨੂੰ ਹੁਕਮ ਸੀ ਤੇ ਦੂਸਰਾ ਬਾਦਲ ਧੜੇ ਤੇ ਇਸ ਤੋਂ ਬਾਗੀ ਧੜੇ ਨੂੰ ਇਕੱਠੇ ਕਰਨ ਤੇ ਅਕਾਲ ਤਖ਼ਤ ਸਾਹਿਬ ਵੱਲੋਂ ਸਥਾਪਿਤ ਕਮੇਟੀ ਅਨੁਸਾਰ ਭਰਤੀ ਕਰਨ ਦੀ ਹਦਾਇਤ ਸੀ। ਬਾਦਲ ਅਕਾਲੀ ਦਲ ਤੇ ਸ਼੍ਰੋਮਣੀ ਕਮੇਟੀ ਇਸ ਹੁਕਮ ਤੋਂ ਬਾਗੀ ਹੁੰਦੀ ਰਹੀ ਤੇ ਅਕਾਲ ਤਖ਼ਤ ਸਾਹਿਬ ਦੇ ਹੁਕਮ ਤੋਂ ਇਨਕਾਰੀ ਹੁੰਦੀ ਰਹੀ ਤੇ ਸੁਖਬੀਰ ਸਿੰਘ ਬਾਦਲ ਦੀ ਪ੍ਰਧਾਨਗੀ ਬਚਾਉਣ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮ ਵਿਰੁੱਧ ਫ਼ੈਸਲੇ ਲੈਂਦੀ ਰਹੀ। ਸੀਨੀਅਰ ਪੱਤਰਕਾਰ ਤੇ ਚਿੰਤਕ ਜਗਤਾਰ ਸਿੰਘ ਦੀ ਇਨ੍ਹਾਂ ਘਟਨਾਵਾਂ ਬਾਰੇ ਟਿਪਣੀ ਹੈ ਕਿ ਸ਼੍ਰੋਮਣੀ ਕਮੇਟੀ ਬਾਦਲਾਂ ਦੀ ਕਮੇਟੀ ਬਣ ਗਈ ਹੈ ਬੀਤੇ ਦਿਨੀ ਸ਼੍ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਵਿੱਚ ਹੋਈ ਇਸ ਇਕੱਤਰਤਾ ਦੌਰਾਨ ਅੰਤ੍ਰਿੰਗ ਕਮੇਟੀ ਨੇ ਬੀਤੇ 9 ਦਸੰਬਰ ਦੀ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਦੇ ਉਸ ਮਤੇ ਨੂੰ ਵੀ ਰੱਦ ਕਰ ਦਿੱਤਾ ਹੈ, ਜਿਸ ਵਿਚ ਸ. ਨਰਾਇਣ ਸਿੰਘ ਚੌੜਾ ਨੂੰ ਪੰਥ ਵਿੱਚੋਂ ਛੇਕਣ ਦੀ ਮੰਗ ਕੀਤੀ ਗਈ ਸੀ। ਇਸ ਦੇ ਨਾਲ ਹੀ ਇਕ ਮਤਾ ਪਾਸ ਕਰਕੇ 19 ਦਸੰਬਰ ਦੀ ਅੰਤ੍ਰਿੰਗ ਕਮੇਟੀ ਇਕੱਤਰਤਾ ਵਿੱਚ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਸਬੰਧੀ ਬਣਾਈ ਗਈ ਜਾਂਚ ਕਮੇਟੀ ਦੀ ਮਿਆਦ ਵਿੱਚ



ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੀਆਂ ਚੋਣਾਂ ਦੇ ਮੱਦੇਨਜ਼ਰ ਫ਼ਿਲਹਾਲ ਇੱਕ ਮਹੀਨੇ ਦਾ ਵਾਧਾ ਕੀਤਾ ਗਿਆ ਹੈ। ਇਸ ਮਤੇ ਰਾਹੀਂ ਇਹ ਵਚਨਬੱਧਤਾ ਵੀ ਪ੍ਰਗਟਾਈ ਗਈ ਹੈ ਕਿ ਇਸ ਮਾਮਲੇ ਦੀ ਜਾਂਚ ਬਿਲਕੁਲ ਨਿਰਪੱਖ ਹੋਵੇਗੀ। ਹਾਲਾਂਕਿ ਸੂਤਰਾਂ ਦਾ ਮੰਨਣਾ ਹੈ ਕਿ ਜਾਂਚ ਕਮੇਟੀ ਦੀ ਮਿਆਦ ਹੋਰ ਵਧਾਈ ਜਾ ਸਕਦੀ ਹੈ ਸ਼੍ਰੋਮਣੀ ਕਮੇਟੀ ਵੱਲੋਂ ਭਾਈ ਨਰਾਇਣ ਸਿੰਘ ਚੌੜਾ ਨੂੰ ਪੰਥ ਵਿਚੋਂ ਛੇਕਣ ਸੰਬੰਧੀ ਬੀਤੀ 9 ਦਸੰਬਰ ਦੀ ਅੰਤ੍ਰਿਗ ਕਮੇਟੀ ਦੀ ਇਕੱਤਰਤਾ ਵਿੱਚ ਪਾਸ ਕੀਤਾ ਆਪਣਾ ਮਤਾ 24 ਦਿਨਾਂ ਬਾਅਦ ਹੀ ਰੱਦ ਕਰ ਦਿੱਤੇ ਜਾਣ ਬਾਰੇ ਪੰਥਕ ਸਫ਼ਾਂ ਵਿੱਚ ਚਰਚਾ ਹੈ ਕਿ ਦਲ ਖ਼ਾਲਸਾ ਸਮੇਤ ਹੋਰ ਪੰਥਕ ਤੇ ਗਰਮ ਖਿਆਲੀ ਜਥੇਬੰਦੀਆਂ

(ਬਾਕੀ ਸਫ਼ਾ 30 'ਤੇ)

### ਕੀ ਕਹਿੰਦੇ ਹਨ ਜਥੇਦਾਰ ਹਰਪ੍ਰੀਤ ਸਿੰਘ ?



ਇਸ ਬਾਰੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਮੈਨੂੰ ਹੁਣੇ ਪਤਾ ਲੱਗਿਆ ਹੈ ਕਿ ਮੇਰੇ ਖ਼ਿਲਾਫ਼ ਜਾਂਚ ਕਰਨ ਲਈ ਜਿਹੜੀ ਅਣ-ਅਧਿਕਾਰਤ ਕਮੇਟੀ ਬਣਾਈ ਗਈ ਸੀ, ਉਸ ਦੀ ਜਾਂਚ ਦਾ ਇੱਕ ਮਹੀਨੇ ਦਾ ਸਮਾਂ ਵਧਾ ਦਿੱਤਾ ਗਿਆ ਹੈ। ਮੈਨੂੰ ਲੱਗਦਾ ਹੈ ਕਿ ਇੱਕ ਮਹੀਨੇ ਦਾ ਸਮਾਂ ਕਮੇਟੀ ਦਾ ਨਹੀਂ ਵਧਾਇਆ, ਸਗੋਂ ਮੈਨੂੰ ਇੱਕ ਮਹੀਨੇ ਦਾ ਸਮਾਂ ਦਿੱਤਾ ਹੈ ਤਾਂ ਜੋ ਮੇਰੇ ਮਾਮਲੇ 'ਚ ਕਿਸੇ ਵੀ ਤਰ੍ਹਾਂ ਦੇ ਫ਼ੈਸਲੇ ਨੂੰ ਲਟਕਾ ਕੇ ਰੱਖਿਆ ਜਾਵੇ। ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਮੈਂ ਇੱਕ ਗੱਲ ਸਪੱਸ਼ਟ ਤੌਰ 'ਤੇ ਕਹਿਣਾ ਚਾਹੁੰਦਾ ਹਾਂ ਕਿ ਮੈਨੂੰ ਕੋਈ ਪਰਵਾਹ ਨਹੀਂ ਹੈ। ਮੇਰੇ 'ਤੇ ਦੋਸ਼ ਲਾਏ ਗਏ ਹਨ। ਇਨ੍ਹਾਂ ਦੋਸ਼ਾਂ ਅਧੀਨ ਭਾਵੇਂ ਮੇਰੀਆਂ ਸੇਵਾਵਾਂ ਖ਼ਤਮ ਕਰ ਦਿਓ, ਮੈਨੂੰ ਕੋਈ ਦੁੱਖ ਨਹੀਂ ਹੈ।

(ਬਾਕੀ ਸਫ਼ਾ 30 'ਤੇ)

## ਬਾਦਲ ਦਲ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਗੁਰਮਤੇ ਮੰਨਣ ਤੋਂ ਇਨਕਾਰੀ

ਜਗੀਰੂ ਸਰਦਾਰੀ ਦੀ ਈਗੋ ਵਿੱਚ ਗੜੁਚ ਸੁਖਬੀਰ ਸਿੰਘ ਬਾਦਲ ਤੇ ਉਸਦੇ ਖੇਮੇ ਨੂੰ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੇ ਫ਼ੈਸਲੇ ਆਪਣੀ ਰਾਜਨੀਤੀ ਲਈ ਚੁਣੌਤੀ ਜਾਪੇ। ਉਸਨੇ ਰਘਬੀਰ ਸਿੰਘ ਵਿਰਕ ਤੇ ਹਰਜਿੰਦਰ ਸਿੰਘ ਧਾਮੀ ਰਾਹੀਂ ਜਥੇਦਾਰ ਹਰਪ੍ਰੀਤ ਸਿੰਘ ਵਿਰੁੱਧ ਜਾਂਚ ਕਮੇਟੀ ਬਣਾ ਦਿੱਤੀ। ਇੱਕ ਤਰ੍ਹਾਂ ਸਸਪੈਂਡ ਕਰਕੇ ਹਵਾ ਵਿੱਚ ਫ਼ੈਸਲਾ ਲਟਕਾ ਦਿੱਤਾ। ਅਕਾਲ ਤਖ਼ਤ ਸਾਹਿਬ ਨੂੰ ਸ਼੍ਰੋਮਣੀ ਕਮੇਟੀ ਰਾਹੀਂ ਇਹ ਸੁਨੇਹਾ ਦਿੱਤਾ ਕਿ ਅਸੀਂ ਪਾਵਰਫੁਲ ਹਾਂ ਤੇ ਤੁਸੀਂ ਸਾਡੇ ਗੁਲਾਮ। ਇਹ ਸਿਧਾ ਖ਼ਾਲਸਾ ਪੰਥ ਦੀ ਅਥਾਰਟੀ ਨੂੰ ਚੈਲਿੰਜ ਹੈ ਜੋ ਗੁਰੂ ਪੰਥ ਦਾ ਦਰਜਾ ਰਖਦਾ ਹੈ।

ਜਥੇਦਾਰ ਰਘਬੀਰ ਸਿੰਘ ਇਸ ਮਾਮਲੇ ਵਿੱਚ ਬਾਦਲ ਦਲ ਦੀਆਂ ਗੁਰਮਤੇ ਵਿਰੁੱਧ ਕੋਸ਼ੀਆਂ ਹਰਕਤਾਂ ਬਾਰੇ ਸਟੈਂਡ ਨਾ ਲੈਕੇ ਆਪਣੇ ਰੁਤਬੇ ਦਾ ਘਟਾ ਕੀਤਾ ਹੈ। ਜਥੇਦਾਰ ਰਘਬੀਰ ਸਿੰਘ ਕਹਿੰਦੇ ਸਨ ਕਿ ਜੇਕਰ ਜਥੇਦਾਰ ਹਰਪ੍ਰੀਤ ਸਿੰਘ ਵਿਰੁੱਧ ਕਾਰਵਾਈ ਹੋਈ ਤਾਂ ਮੈਂ ਅਸਤੀਫ਼ਾ ਦੇਵਾਂਗਾ। ਹੁਣ ਗਿਆਨੀ ਰਘਬੀਰ ਸਿੰਘ ਚੁੱਪ ਕਿਉਂ ਹਨ?

ਬਾਦਲਕਿਆਂ ਨੇ ਗੁਰਮਤੇ ਅਨੁਸਾਰ ਨਾ ਸੁਖਬੀਰ ਬਾਦਲ ਦਾ ਅਸਤੀਫ਼ਾ ਮਨਜ਼ੂਰ ਕੀਤਾ ਤੇ ਨਾ ਹੀ ਅਕਾਲੀ ਦਲ ਦੀ ਭਰਤੀ ਲਈ ਜਥੇਦਾਰ ਦੀ ਬਣਾਈ ਕਮੇਟੀ ਮਨਜ਼ੂਰ ਕੀਤੀ। ਜਦ ਤਨਖਾਹ ਪੂਰੀ ਨਹੀਂ ਹੋਈ ਤਾਂ ਅਕਾਲ ਤਖ਼ਤ ਸਾਹਿਬ ਤੋਂ ਅਰਦਾਸ ਕਿਵੇਂ ਸੰਪੂਰਨ ਹੋ ਗਈ?

ਜਥੇਦਾਰ ਰਘਬੀਰ ਸਿੰਘ ਇਸ ਬਾਰੇ ਜੁਆਬ ਦੇਣ। ਉਨ੍ਹਾਂ ਨੇ ਫ਼ਸੀਲ ਤੋਂ ਹੋਏ ਗੁਰਮਤਿਆਂ ਦੀ ਉਲੰਘਣਾ ਕਿਉਂ ਹੋਣ ਦਿਤੀ?

ਸੁਖਬੀਰ ਬਾਦਲ ਦੀ ਰਿਹਾਇਸ਼ 'ਤੇ ਅਕਾਲੀ ਦਲ ਦੀ ਕੋਰ ਕਮੇਟੀ, ਕਾਰਜਕਾਰਨੀ, ਜ਼ਿਲ੍ਹਾ ਪ੍ਰਧਾਨਾਂ ਤੇ ਸਥਾਨਕ ਇੰਚਾਰਜਾਂ ਨੇ ਚੋਣ ਕਮਿਸ਼ਨ ਦੇ ਨਿਯਮਾਂ ਨੂੰ ਬਹਾਨਾ ਬਣਾਕੇ ਆਪਣੀ ਮੀਟਿੰਗ ਵਿੱਚ ਫ਼ੈਸਲਾ ਕਰਕੇ ਇਹ ਸੁਨੇਹਾ ਦਿਤਾ ਕਿ ਉਹ ਅਕਾਲ ਤਖ਼ਤ ਸਾਹਿਬ ਦੀ ਥਾਪੀ ਕਮੇਟੀ ਨਹੀਂ ਮੰਨਣਗੇ। ਵਰਕਿੰਗ ਕਮੇਟੀ ਨੇ ਫ਼ੈਸਲਾ ਕੀਤਾ ਹੈ ਕਿ ਸੁਖਬੀਰ ਬਾਦਲ ਦਾ ਅਸਤੀਫ਼ਾ ਜਨਵਰੀ ਦੇ ਪਹਿਲੇ ਹਫ਼ਤੇ ਪ੍ਰਵਾਨ ਕਰ ਲਿਆ ਜਾਵੇਗਾ। ਇਸ ਦੇ ਨਾਲ ਹੀ ਪਾਰਟੀ ਨਵੇਂ ਸਾਲ ਵਿੱਚ ਮੈਂਬਰਸ਼ਿਪ ਮੁਹਿੰਮ ਸ਼ੁਰੂ ਕਰਨ ਦੀ ਯੋਜਨਾ ਬਣਾ ਰਹੀ ਹੈ।

(ਬਾਕੀ ਸਫ਼ਾ 30 'ਤੇ)

## ਸਾਲ 2024 ਦਾ ਲੇਖਾ-ਜੋਖਾ

# ਤੱਕੜੀ ਦੇ ਪੱਲੜਿਆਂ ਨੂੰ ਸਾਵਾਂ ਕਰਨ 'ਚ ਨਾਕਾਮਯਾਬ ਰਹੇ ਸੁਖਬੀਰ ਬਾਦਲ

ਚੰਡੀਗੜ੍ਹ/ਏ.ਟੀ.ਨਿਊਜ਼: ਪੰਜਾਬ ਦੀ ਸਿਆਸਤ ਵਿੱਚ ਲੰਬਾ ਸਮਾਂ ਰਾਜ ਕਰਨ ਵਾਲੇ ਸ਼੍ਰੋਮਣੀ ਅਕਾਲੀ ਦਲ ਲਈ ਸਾਲ-2024 ਦਾ ਵਰ੍ਹਾ ਨਿਰਾਸ਼ਾ ਭਰਿਆ ਰਿਹਾ ਹੈ। ਲੋਕ ਸਭਾ ਚੋਣਾਂ ਦੌਰਾਨ ਪਾਰਟੀ ਦੀ ਹਾਰ ਨੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਤੇ ਸ਼੍ਰੋਮਣੀ ਅਕਾਲੀ ਦਲ ਲਈ ਵੱਡਾ ਸੰਕਟ ਖੜ੍ਹਾ ਕਰ ਦਿੱਤਾ ਹੈ। ਇਸ ਵਰ੍ਹੇ ਪਾਰਟੀ ਤੋਂ ਕੁਝ ਆਗੂਆਂ ਨੇ ਬਾਗੀ ਹੋ ਕੇ ਨਵਾਂ ਧੜਾ ਵੀ ਬਣਾ ਲਿਆ ਸੀ। ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਸੁਖਬੀਰ ਸਿੰਘ ਬਾਦਲ ਸਣੇ ਕਈ ਅਕਾਲੀ ਆਗੂਆਂ ਨੂੰ ਤਨਖ਼ਾਹ ਵੀ ਲਗਾਈ ਗਈ। ਇਸ ਦੌਰਾਨ ਸੇਵਾ ਕਰਨ ਸਮੇਂ ਸੁਖਬੀਰ 'ਤੇ ਜਾਨਲੇਵਾ ਹਮਲਾ ਵੀ ਹੋਇਆ ਪਰ ਸਾਲ ਦੇ ਅੰਤ ਤੱਕ ਸੁਖਬੀਰ ਬਾਦਲ ਦੇ ਅਸਤੀਫ਼ੇ ਬਾਰੇ ਕੋਈ ਫ਼ੈਸਲਾ ਨਹੀਂ ਲਿਆ ਜਾ ਸਕਿਆ।

ਸ਼੍ਰੋਮਣੀ ਅਕਾਲੀ ਦਲ ਨੂੰ ਸਾਲ 2017 ਤੋਂ ਹੀ ਪੰਜਾਬ ਦੀ ਸਿਆਸਤ ਵਿੱਚ ਹਾਰ ਦਾ ਸਾਹਮਣਾ ਕਰਨਾ ਪਿਆ ਹੈ। ਸਾਲ 2022 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਪਾਰਟੀ ਨੂੰ ਸਿਰਫ਼ ਤਿੰਨ ਸੀਟਾਂ ਮਿਲੀਆਂ ਜਦੋਂ ਕਿ ਸਾਲ 2024 ਵਿੱਚ ਹੋਈਆਂ ਲੋਕ ਸਭਾ ਚੋਣਾਂ ਵਿੱਚ 13 ਸੀਟਾਂ ਵਿੱਚੋਂ ਇਕ ਸੀਟ ਹੀ ਮਿਲੀ। ਲੋਕ ਸਭਾ ਚੋਣਾਂ ਦੌਰਾਨ ਪਾਰਟੀ ਦੇ ਕਈ ਸੀਨੀਅਰ ਆਗੂ ਚੋਣ ਮੈਦਾਨ ਵਿੱਚ ਨਿੱਤਰੇ ਸਨ। ਇਨ੍ਹਾਂ ਵਿੱਚੋਂ ਸਿਰਫ਼ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਪਤਨੀ ਤੇ ਸਾਬਕਾ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਹੀ ਜਿੱਤ ਹਾਸਲ ਕਰ ਸਕੇ ਸਨ। ਇਤਿਹਾਸ ਵਿੱਚ ਪਹਿਲੀ ਵਾਰ ਹੋਵੇਗਾ ਜਦੋਂ ਲੋਕ ਸਭਾ ਚੋਣਾਂ ਵਿੱਚ ਅਕਾਲੀ ਦਲ ਦੇ ਜ਼ਿਆਦਾਤਰ ਉਮੀਦਵਾਰਾਂ ਦੀਆਂ ਜ਼ਮਾਨਤਾਂ ਤੱਕ ਜ਼ਬਤ ਹੋ ਗਈਆਂ।

ਲੋਕ ਸਭਾ ਚੋਣਾਂ ਤੋਂ ਬਾਅਦ ਪਾਰਟੀ ਦੇ ਹੀ ਕੁਝ ਆਗੂਆਂ ਨੇ ਸੁਖਬੀਰ ਬਾਦਲ ਵਿਰੁੱਧ ਬਗ਼ਾਵਤ ਕਰ ਦਿੱਤੀ ਤੇ ਸ਼੍ਰੋਮਣੀ ਅਕਾਲੀ ਦਲ ਸੁਧਾਰ ਲਹਿਰ ਬਣਾ ਲਈ। ਜਲੰਧਰ ਪੱਛਮੀ ਦੀ ਜ਼ਿਮਨੀ ਚੋਣ ਵਿੱਚ ਪਾਰਟੀ ਨੂੰ ਉਮੀਦਵਾਰ ਦਾ ਐਲਾਨ ਕਰਨ ਤੋਂ ਬਾਅਦ ਪੈਰ ਪਿੱਛੇ ਨੂੰ ਖਿੱਚਣਾ ਪੈ ਗਿਆ। ਉਸ ਤੋਂ ਬਾਅਦ ਪਾਰਟੀ ਨੇ ਸੂਬੇ ਦੀਆਂ ਚਾਰ ਵਿਧਾਨ ਸਭਾ ਸੀਟਾਂ 'ਤੇ ਹੋਈਆਂ ਜ਼ਿਮਨੀ ਚੋਣਾਂ ਵੀ ਨਾ ਲੜਨ ਦਾ ਫ਼ੈਸਲਾ ਕੀਤਾ।

ਇਸ ਤੋਂ ਇਲਾਵਾ ਸ਼੍ਰੋਮਣੀ ਅਕਾਲੀ ਦਲ ਸੁਧਾਰ ਲਹਿਰ ਦੇ ਆਗੂਆਂ ਵੱਲੋਂ ਸਾਲ 2007 ਤੋਂ 2017 ਤੱਕ ਹੋਈਆਂ ਗਲਤੀਆਂ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਤੱਕ ਪਹੁੰਚ ਕੀਤੀ ਗਈ। ਉਸ ਮਗਰੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੇ 30 ਅਗਸਤ ਨੂੰ ਸੁਖਬੀਰ ਸਿੰਘ ਬਾਦਲ ਸਣੇ ਹੋਰਨਾਂ ਆਗੂਆਂ ਨੂੰ ਤਨਖ਼ਾਹੀਆ ਕਰਾਰ ਦਿੱਤਾ।

### 'ਕਮਲ' ਨੂੰ ਪੰਜਾਬ ਵਿੱਚ ਖਿੜਾ ਨਾ ਸਕੀ ਭਾਜਪਾ

ਦੇਸ਼ ਦੀ ਸਿਆਸਤ ਵਿੱਚ ਲਗਾਤਾਰ ਤੀਜੀ ਵਾਰ ਲੋਹਾ ਮਨਵਾਉਣ ਵਾਲੀ ਭਾਜਪਾ ਲਈ ਸਾਲ 2024 ਦਾ ਵਰ੍ਹਾ ਪੰਜਾਬ ਵਿੱਚ ਬਹੁਤਾ ਵਧੀਆ ਨਹੀਂ ਰਿਹਾ ਹੈ। ਲੋਕ ਸਭਾ ਚੋਣਾਂ ਦੌਰਾਨ ਭਾਵੇਂ ਭਾਜਪਾ ਕੇਂਦਰ ਵਿੱਚ ਤੀਜੀ ਵਾਰ ਸਰਕਾਰ ਬਣਾਉਣ ਵਿੱਚ ਕਾਮਯਾਬ ਹੋ ਗਈ ਹੈ, ਪਰ ਪੰਜਾਬ ਵਿੱਚ ਪੈਰ ਲਾਉਣ ਵਿੱਚ ਨਾਕਾਮ ਰਹੀ ਹੈ। ਇਸ ਤੋਂ ਇਲਾਵਾ ਪੰਜਾਬ ਵਿੱਚ ਹੋਈਆਂ ਜ਼ਿਮਨੀ ਚੋਣਾਂ ਦੌਰਾਨ ਵੀ ਪਾਰਟੀ ਦੇ ਪੱਲੇ ਕੁਝ ਨਹੀਂ ਪਿਆ। ਨਗਰ ਨਿਗਮ ਤੇ ਕੌਂਸਲ ਚੋਣਾਂ ਵਿੱਚ ਵੀ ਪਾਰਟੀ ਦੀ ਕਾਰਗੁਜ਼ਾਰੀ ਚੰਗੀ ਨਹੀਂ ਰਹੀ। ਲੋਕ ਸਭਾ ਚੋਣਾਂ ਦੌਰਾਨ ਵੀ ਪਾਰਟੀ ਵੱਲੋਂ ਬਾਹਰੀ ਆਗੂਆਂ 'ਤੇ ਟੇਕ ਰੱਖਣ ਕਰ ਕੇ ਅੰਦਰੂਨੀ ਕਲੇਸ਼ ਦਾ ਸਾਹਮਣਾ ਕਰਨਾ ਪਿਆ ਹੈ।

ਲੋਕ ਸਭਾ ਚੋਣਾਂ ਦੌਰਾਨ ਭਾਜਪਾ ਵੱਲੋਂ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਪਤਨੀ ਪ੍ਰਨੀਤ ਕੌਰ ਨੂੰ ਪਟਿਆਲਾ, ਅਰਵਿੰਦ ਖੰਨਾ ਨੂੰ ਸੰਗਰੂਰ ਤੋਂ ਅਰਵਿੰਦ ਖੰਨਾ, ਫ਼ਿਰੋਜ਼ਪੁਰ ਤੋਂ ਰਾਣਾ ਗੁਰਮੀਤ ਸਿੰਘ ਸੋਢੀ, ਫ਼ਰੀਦਕੋਟ ਤੋਂ ਹੰਸ ਰਾਜ ਹੰਸ, ਲੁਧਿਆਣਾ ਤੋਂ ਰਵਨੀਤ ਸਿੰਘ ਬਿੱਟੂ ਅਤੇ ਆਨੰਦਪੁਰ ਸਾਹਿਬ ਤੋਂ ਸੁਭਾਸ਼ ਸ਼ਰਮਾ ਤੇ ਹੋਰਨਾਂ ਆਗੂਆਂ ਨੂੰ ਚੋਣ ਮੈਦਾਨ ਵਿੱਚ ਉਤਾਰਿਆ ਗਿਆ। ਇਨ੍ਹਾਂ ਚੋਣਾਂ 'ਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਸਣੇ ਕਈ ਸੀਨੀਅਰ ਆਗੂਆਂ ਨੇ ਸੂਬੇ 'ਚ ਪ੍ਰਚਾਰ ਵੀ ਕੀਤਾ ਸੀ ਪਰ ਇਹ ਕਿਸੇ ਕੰਮ ਨਾ ਆਇਆ। ਹਾਲਾਂਕਿ ਲੋਕ ਸਭਾ ਚੋਣਾਂ ਦੌਰਾਨ ਭਾਜਪਾ ਦੇ ਵੋਟ ਫ਼ੀਸਦੀ 'ਚ ਵਾਧਾ ਜ਼ਰੂਰ ਹੋਇਆ। ਉੱਥੇ ਹੀ ਕੇਂਦਰ ਵਿੱਚ ਸਰਕਾਰ ਬਣਨ ਤੋਂ ਬਾਅਦ ਭਾਜਪਾ ਨੇ ਲੁਧਿਆਣਾ ਤੋਂ ਚੋਣ ਲੜਨ ਵਾਲੇ ਰਵਨੀਤ ਸਿੰਘ ਬਿੱਟੂ ਨੂੰ ਕੇਂਦਰੀ ਰਾਜ ਮੰਤਰੀ ਜ਼ਰੂਰ ਬਣਾ ਦਿੱਤਾ ਹੈ।

ਇਸ ਤੋਂ ਬਾਅਦ ਭਾਜਪਾ ਨੂੰ ਵਿਧਾਨ ਸਭਾ ਹਲਕਾ ਜਲੰਧਰ ਪੱਛਮੀ, ਗਿੱਦੜਬਾਹਾ, ਡੇਰਾ ਬਾਬਾ ਨਾਨਕ, ਬਰਨਾਲਾ ਤੇ ਚੱਬੇਵਾਲ ਵਿੱਚ ਵੀ ਹਾਰ ਦਾ ਸਾਹਮਣਾ ਕਰਨਾ ਪਿਆ ਹੈ। ਸੂਬੇ ਵਿੱਚ ਹੋਈਆਂ ਪੰਚਾਇਤੀ ਚੋਣਾਂ, ਨਗਰ ਨਿਗਮ, ਨਗਰ ਕੌਂਸਲ ਤੇ ਨਗਰ ਪੰਚਾਇਤ ਦੀਆਂ ਚੋਣਾਂ ਵਿੱਚ ਵੀ ਪਾਰਟੀ ਦੇ ਪੱਲੇ ਬਹੁਤਾ ਕੁਝ ਨਹੀਂ ਪਿਆ।

### ਸੂਬੇ ਦੇ ਕਿਸਾਨ ਭਾਜਪਾ ਤੋਂ ਨਾਰਾਜ਼

ਪੰਜਾਬ ਵਿੱਚ ਭਾਜਪਾ ਦੇ ਅਜਿਹੇ ਹਾਲਾਤ ਲਈ ਕੇਂਦਰ ਸਰਕਾਰ ਵੱਲੋਂ ਕਿਸਾਨੀ ਨੂੰ ਅਣਦੇਖਿਆ ਕਰਨਾ ਮੰਨਿਆ ਜਾ ਰਿਹਾ ਹੈ। ਤਿੰਨ ਖੇਤੀ ਕਾਨੂੰਨਾਂ ਕਾਰਨ ਕਿਸਾਨਾਂ ਦੇ ਮਨਾਂ ਵਿੱਚ ਪੈਦਾ ਹੋਇਆ ਰੋਹ ਹਾਲੇ ਤੱਕ ਸ਼ਾਂਤ ਨਹੀਂ ਹੋਇਆ। ਇਸ ਕਰਕੇ ਲੋਕ ਸਭਾ ਚੋਣਾਂ ਤੇ ਜ਼ਿਮਨੀ ਚੋਣਾਂ ਦੌਰਾਨ ਕਿਸਾਨਾਂ ਨੇ ਭਾਜਪਾ ਦਾ ਵਿਰੋਧ ਕੀਤਾ ਹੈ। ਹੁਣ ਵੀ ਮਰਨ ਵਰਤ 'ਤੇ ਬੈਠੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਦੀ ਸਾਰ ਨਾ ਲੈਣ ਕਾਰਨ ਕਿਸਾਨਾਂ ਦੇ ਮਨਾਂ ਵਿੱਚ ਭਾਜਪਾ ਖ਼ਿਲਾਫ਼ ਨਾਰਾਜ਼ਗੀ ਹੋਰ ਵਧ ਰਹੀ ਹੈ।

# ਸਾਲ 2024 ਦਾ ਅੰਤ: ਭਾਰਤ ਨੂੰ ਵੀਜ਼ੇ ਦੇਣ 'ਚ ਅਮਰੀਕਾ ਨੇ ਤੋੜਿਆ ਰਿਕਾਰਡ

## ਅਮਰੀਕੀ ਦੂਤਾਵਾਸ ਨੇ ਲਗਾਤਾਰ ਦੂਜੇ ਸਾਲ ਜਾਰੀ ਕੀਤੇ 10 ਲੱਖ ਵੀਜ਼ੇ



ਅਮਰੀਕਾ ਵਿੱਚ ਐਚ-ਵਨ ਬੀ ਵੀਜ਼ਾ ਨਵਿਆਉਣ ਲਈ ਇੱਕ ਪਾਇਲਟ ਪ੍ਰੋਗਰਾਮ ਸਫਲਤਾਪੂਰਵਕ ਲਾਗੂ ਕੀਤਾ ਗਿਆ ਸੀ। ਜਿਸ ਕਾਰਨ ਸਾਲ 2023 ਤੋਂ ਲਗਾਤਾਰ ਦੂਜੇ ਸਾਲ ਅਮਰੀਕਾ ਭਾਰਤ ਨੂੰ ਵੀਜ਼ਾ ਜਾਰੀ ਕਰਨ ਵਾਲਾ ਦੂਜਾ ਦੇਸ਼ ਬਣ ਗਿਆ ਹੈ। ਅਮਰੀਕੀ ਦੂਤਾਵਾਸ ਨੇ ਭਾਰਤੀ ਹੁਨਰਮੰਦ ਵਰਕਰਾਂ ਨੂੰ ਅਮਰੀਕਾ ਛੱਡੇ ਬਿਨਾਂ ਵੀਜ਼ਾ ਰੀਨਿਊ ਕਰਨ ਦੀ ਇਜਾਜ਼ਤ ਦਿੱਤੀ ਸੀ।

ਅਮਰੀਕੀ ਦੂਤਾਵਾਸ ਵੱਲੋਂ ਸਾਲ 2024 ਲਈ ਜਾਰੀ ਕੀਤੇ ਗਏ ਅੰਕੜਿਆਂ ਅਨੁਸਾਰ ਸਾਲ 2024 ਲਗਾਤਾਰ ਦੂਜਾ ਸਾਲ ਸੀ ਜਦੋਂ ਭਾਰਤ ਵਿੱਚ 10 ਲੱਖ ਤੋਂ ਵੱਧ ਗੈਰ-ਪ੍ਰਵਾਸੀ ਵੀਜ਼ੇ ਜਾਰੀ ਕੀਤੇ ਗਏ ਸਨ, ਜਿਨ੍ਹਾਂ ਵਿੱਚ ਟੂਰਿਸਟ ਵੀਜ਼ੇ ਵਡੀ ਗਿਣਤੀ ਵਿੱਚ ਵੀ ਦਿਤੇ ਗਏ ਸਨ। ਦਰਅਸਲ, ਭਾਰਤ ਤੋਂ ਅਮਰੀਕਾ ਤੱਕ ਯਾਤਰਾ ਦੀ ਮੰਗ ਵਧ ਰਹੀ ਹੈ, ਖਾਸ ਕਰਕੇ ਸੈਰ-ਸਪਾਟਾ, ਵਪਾਰ ਅਤੇ ਸਿੱਖਿਆ ਲਈ। ਇਹ ਵਾਧਾ ਇਸ ਤੱਥ ਤੋਂ ਸਪੱਸ਼ਟ ਹੈ ਕਿ ਭਾਰਤ 2008/2009 ਅਕਾਦਮਿਕ ਸਾਲ ਦਾ ਪਿਛਲਾ ਰਿਕਾਰਡ ਪਛਾੜਦਿਆਂ, 2024 ਦੌਰਾਨ ਅਮਰੀਕਾ ਲਈ ਅੰਤਰਰਾਸ਼ਟਰੀ ਵਿਦਿਆਰਥੀਆਂ ਦਾ ਸਭ ਤੋਂ ਵੱਡਾ ਸਰੋਤ ਬਣ ਗਿਆ ਹੈ। ਇਸ ਸਮੇਂ 331,000 ਤੋਂ ਵੱਧ ਭਾਰਤੀ ਵਿਦਿਆਰਥੀ ਅਮਰੀਕਾ ਵਿੱਚ ਪੜ੍ਹ ਰਹੇ ਹਨ।

ਲਗਾਤਾਰ ਦੋ ਸਾਲਾਂ ਤੋਂ ਅੰਡਰਗਰੈਜੂਏਟ ਕੋਰਸਾਂ ਲਈ ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਸੰਯੁਕਤ ਰਾਜ ਅਮਰੀਕਾ ਚੋਟੀ ਦੀ ਪਸੰਦ ਰਿਹਾ ਹੈ। ਖਾਸ ਕਰਕੇ ਜੇਕਰ ਭਾਰਤ ਦੀ ਗੱਲ ਕਰੀਏ ਤਾਂ ਅਮਰੀਕਾ ਵਿੱਚ ਰਹਿਣ ਵਾਲੇ ਗ੍ਰੈਜੂਏਟ ਵਿਦਿਆਰਥੀਆਂ ਦੀ ਗਿਣਤੀ ਵਿੱਚ 19% ਦਾ ਵਾਧਾ ਹੋਇਆ ਹੈ। ਜਿਸ ਕਾਰਨ ਅਮਰੀਕਾ ਵਿੱਚ ਕੁਲ ਭਾਰਤੀ ਵਿਦਿਆਰਥੀਆਂ ਦੀ ਕੁੱਲ ਗਿਣਤੀ 200,000 ਦੇ ਕਰੀਬ ਪਹੁੰਚ ਗਈ ਹੈ। ਇਹ ਵਾਧਾ ਸੰਯੁਕਤ ਰਾਜ ਵਿੱਚ ਵਿਦਿਅਕ ਲੈਂਡਸਕੇਪ ਵਿੱਚ ਭਾਰਤ ਦੇ ਮਹੱਤਵਪੂਰਨ ਯੋਗਦਾਨ ਨੂੰ ਦਰਸਾਉਂਦਾ ਹੈ।

ਸਟੂਡੈਂਟ ਵੀਜ਼ਿਆਂ ਤੋਂ ਇਲਾਵਾ ਭਾਰਤ ਵਿੱਚ ਅਮਰੀਕੀ ਮਿਸ਼ਨ ਵੱਲੋਂ ਜਾਰੀ ਕੀਤੇ ਹਜ਼ਾਰਾਂ ਪ੍ਰਵਾਸੀ ਵੀਜ਼ੇ ਵੀ ਜਾਰੀ ਕੀਤੇ ਜਾਂਦੇ ਹਨ। ਇਹਨਾਂ ਵੀਜ਼ਿਆਂ ਨੇ ਪਰਿਵਾਰ ਨੂੰ ਮੁੜ ਜੋੜਨ ਦੀ ਸਹੂਲਤ ਦਿੱਤੀ ਅਤੇ ਹੁਨਰਮੰਦ ਪੇਸ਼ੇਵਰਾਂ ਨੂੰ ਅਮਰੀਕਾ ਵਿੱਚ ਆਵਾਸ ਕਰਨ ਦੀ ਇਜਾਜ਼ਤ ਦਿੱਤੀ। ਪਹੁੰਚਣ 'ਤੇ, ਇਹ ਵਿਅਕਤੀ ਸਥਾਈ ਨਿਵਾਸੀ ਬਣ ਗਏ ਸਨ, ਜਿਸ ਨਾਲ ਭਾਰਤੀ ਪ੍ਰਵਾਸੀ ਭਾਈਚਾਰਾ ਹੋਰ ਵਿਕਸਤ ਹੋਇਆ।

ਯੂ.ਐਸ. ਮਿਸ਼ਨ ਨੇ ਭਾਰਤ ਵਿੱਚ ਰਹਿ ਰਹੇ ਜਾਂ ਯਾਤਰਾ ਕਰਨ ਵਾਲੇ ਅਮਰੀਕੀ ਨਾਗਰਿਕਾਂ ਨੂੰ 24,000 ਤੋਂ ਵੱਧ ਪਾਸਪੋਰਟ ਅਤੇ ਹੋਰ ਕੌਂਸਲਰ ਸੇਵਾਵਾਂ ਪ੍ਰਦਾਨ ਕੀਤੀਆਂ ਹਨ। ਸਮਾਰਟ ਟਰੈਵਲਰ ਐਨਰੋਲਮੈਂਟ ਪ੍ਰੋਗਰਾਮ ਦਾ ਇੱਕ ਨਵਾਂ ਸੰਸਕਰਣ 2024 ਵਿੱਚ ਪੇਸ਼ ਕੀਤਾ ਗਿਆ ਸੀ। ਇਸ ਅਪਡੇਟ ਨੇ ਸੁਰੱਖਿਆ ਚੇਤਾਵਨੀਆਂ ਨੂੰ ਵਧੇਰੇ ਕੁਸ਼ਲਤਾ ਨਾਲ ਲਾਗੂ ਕਰ ਕੇ ਐਮਰਜੈਂਸੀ ਦੌਰਾਨ ਅਮਰੀਕੀ ਦੂਤਾਵਾਸ ਅਤੇ ਇਸਦੇ ਨਾਗਰਿਕਾਂ ਵਿਚਾਲੇ ਸੰਚਾਰ ਵਿੱਚ ਸੁਧਾਰ ਕੀਤਾ। ਵਿਦੇਸ਼ ਵਿਭਾਗ 2025 ਤੱਕ ਅਮਰੀਕਾ ਵਿੱਚ ਇੱਕ ਰਸਮੀ ਨਵੀਨੀਕਰਨ ਪ੍ਰੋਗਰਾਮ ਸਥਾਪਤ ਕਰਨ ਦੀ ਯੋਜਨਾ ਬਣਾ ਰਿਹਾ ਹੈ। ਇਸ ਪਹਿਲਕਦਮੀ ਦਾ ਉਦੇਸ਼ ਹਜ਼ਾਰਾਂ ਬਿਨੈਕਾਰਾਂ ਲਈ ਵੀਜ਼ਾ ਨਵੀਨੀਕਰਨ ਨੂੰ ਹੋਰ ਵੀ ਆਸਾਨ ਬਣਾਉਣਾ ਹੈ। ਇਸ ਦੌਰਾਨ, ਬਹੁਤ ਸਾਰੇ ਐਕਸਚੇਂਜ ਵਿਜ਼ਟਰ ਹੁਣ ਆਪਣੇ ਪ੍ਰੋਗਰਾਮਾਂ ਨੂੰ ਪੂਰਾ ਕਰਨ ਤੋਂ ਬਾਅਦ ਦੋ ਸਾਲਾਂ ਤੱਕ ਰਹਿ ਸਕਣਗੇ, ਜਿਸ ਨਾਲ ਉਨ੍ਹਾਂ ਨੂੰ ਕਰੀਅਰ ਅਤੇ ਵਿਦਿਅਕ ਤਰੱਕੀ ਲਈ ਵਧੇਰੇ ਮੌਕੇ ਪ੍ਰਦਾਨ ਮਿਲਣਗੇ।

ਭਾਰਤ ਨੂੰ ਐਕਸਚੇਂਜ ਵਿਜ਼ਿਟਰ ਸਕਿੱਲ ਲਿਸਟ ਤੋਂ ਹਟਾਉਣ ਕਾਰਣ ਭਾਰਤ ਦੇ ਜੇ-1 ਗੈਰ-ਪ੍ਰਵਾਸੀ ਵੀਜ਼ਾ ਧਾਰਕਾਂ ਨੂੰ ਵਧੇਰੇ ਲਚਕਤਾ ਪ੍ਰਦਾਨ ਕਰਦਾ ਹੈ। ਇਸ ਤਬਦੀਲੀ ਕਾਰਨ ਉਨ੍ਹਾਂ ਨੂੰ ਸੰਯੁਕਤ ਰਾਜ ਅਮਰੀਕਾ ਵਿੱਚ ਲੰਬੇ ਸਮੇਂ ਤੱਕ ਰਹਿਣ ਦੌਰਾਨ ਆਪਣੇ ਖੇਤਰਾਂ ਵਿੱਚ ਵਧੇਰੇ ਆਜ਼ਾਦੀ ਅਤੇ ਮੌਕੇ ਪ੍ਰਦਾਨ ਕਰੇਗੀ।

ਇਸ ਸਾਲ ਦੀਆਂ ਪ੍ਰਾਪਤੀਆਂ ਵੱਖ-ਵੱਖ ਖੇਤਰਾਂ ਵਿੱਚ ਮਹੱਤਵਪੂਰਨ ਯੋਗਦਾਨ ਦੇ ਨਾਲ ਅੰਤਰਰਾਸ਼ਟਰੀ ਯਾਤਰਾ ਅਤੇ ਸਿੱਖਿਆ ਦੇ ਰੁਝਾਨਾਂ 'ਤੇ ਭਾਰਤ ਦੇ ਵਧਦੇ ਪ੍ਰਭਾਵ ਨੂੰ ਸਪਸ਼ਟ ਕਰਦੀਆਂ ਹਨ। ਜਿਵੇਂ-ਜਿਵੇਂ ਇਹ ਵਿਕਾਸ ਸਾਹਮਣੇ ਆਉਂਦੇਹਨ, ਉਹ ਸਾਂਝੇ ਹਿੱਤਾਂ ਅਤੇ ਆਪਸੀ ਲਾਭਾਂ ਰਾਹੀਂ ਭਾਰਤ ਅਤੇ ਸੰਯੁਕਤ ਰਾਜ ਅਮਰੀਕਾ ਦਰਮਿਆਨ ਸਬੰਧਾਂ ਨੂੰ ਮਜ਼ਬੂਤ ਕਰਦੇ ਰਹਿੰਦੇ ਹਨ।

# ਅਮਰੀਕੀ ਪੰਜਾਬੀ ਕਵੀਆਂ ਵੱਲੋਂ 'ਸਾਕਾ ਸਰਹਿੰਦ' ਨੂੰ ਸਮਰਪਿਤ ਧਾਰਮਿਕ ਕਵੀ ਦਰਬਾਰ ਆਯੋਜਿਤ



ਸੈਨਹੋਜੇ/ਕੈਲੀਫ਼ੋਰਨੀਆ/ ਪ੍ਰਮਿੰਦਰ ਸਿੰਘ ਪ੍ਰਵਾਨਾ: ਅਮਰੀਕੀ ਪੰਜਾਬੀ ਕਵੀਆਂ ਵੱਲੋਂ 'ਸਾਕਾ ਸਰਹਿੰਦ' ਨੂੰ ਸਮਰਪਿਤ ਧਾਰਮਿਕ ਕਵੀ ਦਰਬਾਰ ਬੜੀ ਸ਼ਰਧਾ ਭਾਵਨਾ ਨਾਲ ਸਿੱਖ ਗੁਰਦੁਆਰਾ ਸੈਨਹੋਜ਼ੇ ਵਿਖੇ ਸਜਾਇਆ ਗਿਆ। ਪ੍ਰਵਾਨਾ ਵੱਲੋਂ ਮੰਚ ਸੰਭਾਲਦਿਆਂ ਇਤਿਹਾਸ 'ਤੇ ਰੋਸ਼ਨੀ ਪਾਈ ਗਈ ਕਿ 27 ਦਸੰਬਰ 1704 ਨੂੰ ਸਾਹਿਬਜ਼ਾਦਿਆਂ ਨੂੰ ਤੀਸਰੀ ਅਤੇ ਆਖਰੀ ਵਾਰ ਕਚਿਹਰੀ ਵਿੱਚ ਪੇਸ਼ ਕੀਤਾ ਗਿਆ। ਫਿਰ ਹਾਕਮਾਂ ਨੇ ਉਹੀ ਕੋਸ਼ਿਸ਼ ਕੀਤੀ ਕਿ ਇਸਲਾਮ ਕਬੂਲ ਕਰ ਲੈਣ ਪਰ ਸਾਹਿਬਜ਼ਾਦੇ ਤਾਂ ਦ੍ਰਿੜ ਸਨ। ਉਹਨਾਂ ਨੇ ਸ਼ਹੀਦੀ ਕਬੂਲ ਕਰ ਲਈ। ਸਾਹਿਬਜ਼ਾਦਿਆਂ ਦੇ ਸੀਸ ਕਲਮ ਕਰਨ ਦਾ ਹੁਕਮ ਸੁਣਾ ਦਿੱਤਾ ਗਿਆ। ਸਮਾਣਾ ਦੇ ਸ਼ਾਸ਼ਲ ਬੇਗ ਤੇ ਬਾਸ਼ਲ ਬੇਗ ਨਾਮੀ ਜਲਾਦਾਂ ਨੇ ਦੋਵੇਂ ਛੋਟੇ ਸਾਹਿਬਜ਼ਾਦਿਆਂ ਦੇ ਬੜੀ ਬੇਰਹਿਮੀ ਨਾਲ ਸੀਸ ਧੜ ਤੋਂ ਅਲੱਗ ਕਰ ਦਿੱਤੇ। ਸਾਹਿਬਜ਼ਾਦਿਆਂ ਨੇ ਆਪਣੇ ਸੀਸ ਭੇਂਟ ਕਰਕੇ ਆਪਣੇ ਪੁਰਖਿਆਂ ਦੀਆਂ ਸ਼ਹੀਦੀਆਂ ਦੀ ਲਾਜ ਰੱਖ ਲਈ। ਉਹ ਧਰਮ ਦੇ ਸਿਦਕ ਤੋਂ ਨਹੀਂ ਹਾਰੇ। ਮਾਤਾ ਗੁਜਰੀ ਜੀ ਮੁਗਲਾਂ ਦੇ ਜੁਲਮ ਹੇਠ ਸ਼ਹੀਦੀ ਪਾ ਗਏ। ਸਾਕਾ ਸਰਹਿੰਦ ਦਿਵਸ ਸਲਾਨਾ ਜੋੜ ਮੇਲਾ ਫਤਹਿਗੜ੍ਹ ਸਾਹਿਬ ਵਿਖੇ 11,12 ਅਤੇ 13 ਪੋਹ ਨੂੰ ਮਨਾਇਆ ਜਾਂਦਾ ਹੈ।

ਧਾਰਮਿਕ ਕਵੀ ਦਰਬਾਰ ਦੇ ਦੌਰ ਵਿੱਚ ਕਵੀ ਜਸਦੀਪ ਸਿੰਘ ਫਰੀਮੈਂਟੋ, ਤਰਸਮੇ ਸਿੰਘ ਸੁਮੰਨ, ਤਰਲੋਚਨ ਸਿੰਘ ਦੁਪਾਲਪੁਰੀ, ਪ੍ਰਮਿੰਦਰ ਸਿੰਘ ਪ੍ਰਵਾਨਾ,ਗੁਰਸਿਮਰ ਸਿੰਘ ਗਰੇਵਾਲ ਨੇ ਬੀਰ ਰਸ ਕਵਿਤਾਵਾਂ ਨਾਲ ਸ਼ਹੀਦਾਂ ਨੂੰ ਪ੍ਰਣਾਮ ਕਰਦਿਆਂ ਸੰਗਤਾਂ ਨੂੰ ਨਿਹਾਲ ਕੀਤਾ। ਗੁਰਦੁਆਰਾ ਸਾਹਿਬ ਦੇ ਸਕੱਤਰ ਪ੍ਰੀਤਮ ਸਿੰਘ ਗਰੇਵਾਲ ਵੱਲੋਂ ਕਵੀਆਂ ਦਾ ਸਨਮਾਨ ਕੀਤਾ ਗਿਆ।

ਪ੍ਰਵਾਨਾ ਵੱਲੋਂ ਧੰਨਵਾਦੀ ਸ਼ਬਦਾਂ ਵਿੱਚ ਕਿਹਾ ਗਿਆ ਕਿ ਸੰਗਤਾਂ ਤੇ ਪ੍ਰਬੰਧਕਾਂ ਦੇ ਧੰਨਵਾਦੀ ਹਾਂ। ਸੰਗਤਾਂ ਅਤੇ ਪ੍ਰਬੰਧਕਾਂ ਦੇ ਸਹਿਯੋਗ ਨਾਲ ਹੀ ਅਜਿਹੇ ਪ੍ਰੋਗਰਾਮ ਸਫਲ ਹੁੰਦੇ ਹਨ। ਫਿਰ ਜਦੋਂ ਸਬੱਬ ਬਣਿਆ, ਸੇਵਾ ਵਿੱਚ ਹਾਜ਼ਰ ਹੋਵਾਂਗੇ। ਯਾਦਗਾਰੀ ਤਸਵੀਰਾਂ ਨਾਲ ਪ੍ਰੋਗਰਾਮ ਸੰਪੰਨ ਹੋਇਆ।

# ਟਰੰਪ ਨੂੰ 50 ਲੱਖ ਡਾਲਰ ਜੁਰਮਾਨੇ ਦਾ ਹੁਕਮ ਬਰਕਰਾਰ



ਨਿਊਯਾਰਕ/ਏ.ਟੀ.ਨਿਊਜ਼: ਅਮਰੀਕਾ ਦੀ ਇੱਕ ਅਪੀਲ ਅਦਾਲਤ ਨੇ ਜਿਨਸੀ ਸ਼ੋਸ਼ਣ ਮਾਮਲੇ ਵਿੱਚ ਨਵੇਂ ਚੁਣੇ ਗਏ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਰਾਹਤ ਦੇਣ ਤੋਂ ਇਨਕਾਰ ਕਰ ਦਿੱਤਾ ਹੈ। ਅਦਾਲਤ ਨੇ ਪਿਛਲੇ ਦਿਨੀਂ ਟਰੰਪ ਦੀ ਅਪੀਲ ਨੂੰ ਰੱਦ ਕਰ ਦਿੱਤਾ ਅਤੇ ਉਸ ਫ਼ੈਸਲੇ ਨੂੰ ਬਰਕਰਾਰ ਰੱਖਿਆ, ਜਿਸ ਵਿੱਚ ਉਨ੍ਹਾਂ ਨੂੰ ਜਿਨਸੀ ਸ਼ੋਸ਼ਣ ਅਤੇ ਮਾਣਹਾਨੀ ਲਈ ਲੇਖਕ ਈ. ਜੀਨ ਕੈਰੋਲ ਨੂੰ 50 ਲੱਖ ਅਮਰੀਕੀ ਡਾਲਰ ਦਾ ਭੁਗਤਾਨ ਕਰਨ ਦਾ ਹੁਕਮ ਦਿੱਤਾ ਗਿਆ ਸੀ। ਇੱਕ ਜਿਊਰੀ ਨੇ ਪਿਛਲੇ ਸਾਲ ਨੌਂ ਦਿਨਾਂ ਤੱਕ ਚੱਲੇ ਸਿਵਲ ਮੁਕੱਦਮੇ ਤੋਂ ਬਾਅਦ ਟਰੰਪ ਨੂੰ ਦੋਸ਼ੀ ਪਾਏ ਜਾਣ ਤੋਂ ਬਾਅਦ ਇਹ ਹੁਕਮ ਦਿੱਤਾ ਸੀ। ਟਰੰਪ ਨੇ ਇਸ ਵਿਰੁੱਧ ਅਪੀਲ ਕੀਤੀ ਸੀ ਪਰ ਹੁਣ ਉਨ੍ਹਾਂ ਦੀ ਅਰਜ਼ੀ ਰੱਦ ਕਰ ਦਿੱਤੀ ਗਈ ਹੈ। ਟਰੰਪ ਦੇ ਖਿਲਾਫ਼ ਇਹ ਫ਼ੈਸਲਾ ਅਜਿਹੇ ਸਮੇਂ 'ਚ ਆਇਆ ਹੈ ਜਦੋਂ ਉਹ ਦੂਜੀ ਵਾਰ ਅਮਰੀਕਾ ਦੇ ਰਾਸ਼ਟਰਪਤੀ ਦੇ ਰੂਪ 'ਚ ਸਹੁੰ ਚੁੱਕਣ ਦੀ ਤਿਆਰੀ ਕਰ ਰਹੇ ਹਨ।

ਯੂ.ਐਸ. ਸਰਕਟ ਅਪੀਲ ਕੋਰਟ ਨੇ ਫ਼ੈਸਲੇ ਵਿੱਚ ਕਾਲਮਨਵੀਸ ਈ. ਜੀਨ ਕੈਰੋਲ ਦੇ ਮਾਣਹਾਨੀ ਅਤੇ ਜਿਨਸੀ ਸ਼ੋਸ਼ਣ ਲਈ ਮੈਨਹਟਨ ਜਿਊਰੀ ਵੱਲੋਂ ਟਰੰਪ 'ਤੇ ਲਗਾਏ ਗਏ 50 ਲੱਖ ਅਮਰੀਕੀ ਡਾਲਰ ਦੇ ਹਰਜਾਨੇ ਨੂੰ ਬਰਕਰਾਰ ਰੱਖਿਆ ਹੈ। ਇੱਕ ਮੈਗਜ਼ੀਨ ਦੇ ਕਾਲਮਨਵੀਸ ਕੈਰੋਲ ਨੇ 2023 ਦੇ ਇੱਕ ਮੁਕੱਦਮੇ ਵਿੱਚ ਗਵਾਹੀ ਦਿੱਤੀ ਸੀ ਕਿ 1996 ਵਿੱਚ ਇੱਕ ਦੋਸਤਾਨਾ ਮੁਲਾਕਾਤ ਦੌਰਾਨ ਟਰੰਪ ਨੇ ਉਸ ਦਾ ਜਿਨਸੀ ਸ਼ੋਸ਼ਣ ਕੀਤਾ ਸੀ, ਜਦੋਂ ਖੇਡ-ਖੇਡ ਵਿੱਚ ਸਟੋਰ ਦੇ ਡਰੈਸਿੰਗ ਰੂਮ ਵਿੱਚ ਦਾਖਲ ਹੋ ਗਏ। ਟਰੰਪ ਨੇ ਵਾਰ-ਵਾਰ ਇਸ ਗੱਲ ਤੋਂ ਇਨਕਾਰ ਕੀਤਾ ਕਿ ਅਜਿਹੀ ਕੋਈ ਘਟਨਾ ਵਾਪਰੀ ਹੈ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

**Manager: Pardeep Singh  Sub: Editor: Balwinderpal Singh, Dr. Sarbjeet Kaur Jang  Online Interview Host: Balraj Pannu**

**Designer: A.K.V.  Content Composer: S. Jagmohan Singh  US Distributor: Amritsar Times Inc.  Owner: Amritsar Times Pvt Ltd.**

**Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.**

**All legal disputes must be handled in the courts of State of Punjab in India.**

ਲੇਖਾਂ ਤੇ ਰਚਨਾਵਾਂ ਵਿੱਚ ਲੇਖਕਾਂ ਵੱਲੋਂ ਪ੍ਰਗਟਾਏ ਵਿਚਾਰ ਉਹਨਾਂ ਦੇ ਨਿੱਜੀ ਹਨ। ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਤਾਲਿਬਾਨ ਵੱਲੋਂ ਮੌਜੂਦਾ ਅਫ਼ਗਾਨਿਸਤਾਨ ਦੀ ਵਿਵਸਥਾ ਨੂੰ 1990ਵਿਆਂ ਜਿਹੇ ਦੌਰ ਵੱਲ ਮੁੜ ਧੱਕਿਆ

**➢ ਔਰਤਾਂ ਵਿਰੁੱਧ ਸਖ਼ਤ ਫ਼ਰਮਾਨ ਕੀਤੇ ਜਾਰੀ ➢ ਘਰਾਂ ਵਿੱਚ ਖਿੜਕੀਆਂ ਬਣਾਉਣ 'ਤੇ ਪਾਬੰਦੀ ਤਾਂ ਜੋ ਔਰਤਾਂ ਨਜ਼ਰ ਨਾ ਆਉਣ**

ਅਫ਼ਗਾਨਿਸਤਾਨ ਵਿੱਚ ਤਾਲਿਬਾਨ ਸਰਕਾਰ ਦੇ ਆਉਣ ਤੋਂ ਬਾਅਦ ਤੋਂ ਹੀ ਔਰਤਾਂ 'ਤੇ ਲਗਾਤਾਰ ਕਈ ਤਰ੍ਹਾਂ ਦੀਆਂ ਪਾਬੰਦੀਆਂ ਲਗਾਈਆਂ ਜਾ ਰਹੀਆਂ ਹਨ। ਔਰਤਾਂ ਲਈ ਪੜ੍ਹਾਈ, ਨਰਸਿੰਗ ਸਿਖਲਾਈ, ਜਨਤਕ ਤੌਰ 'ਤੇ ਬੋਲਣ, ਆਪਣਾ ਚਿਹਰਾ ਵਿਖਾਉਣ, ਖੇਡਾਂ 'ਚ ਹਿੱਸਾ ਲੈਣ, ਪਾਰਕਾਂ 'ਚ ਘੁੰਮਣ, ਬਾਜ਼ਾਰ 'ਚ ਕਿਸੇ ਬਾਹਰੀ ਵਿਅਕਤੀ ਨਾਲ ਗੱਲਬਾਤ ਕਰਨ ਆਦਿ ਸਮੇਤ ਲਗਾਈਆਂ ਇੱਕ ਦਰਜਨ ਪਾਬੰਦੀਆਂ ਦੇ ਬਾਅਦ ਹੁਣ ਔਰਤਾਂ ਵਿਰੁੱਧ ਇੱਕ ਨਵਾਂ ਤੁਗ਼ਲਕੀ ਫ਼ਰਮਾਨ ਜਾਰੀ ਕੀਤਾ ਗਿਆ ਹੈ। ਤਾਲਿਬਾਨ ਵੱਲੋਂ ਜਾਰੀ ਆਦੇਸ਼ ਮੁਤਾਬਿਕ ਘਰੇਲੂ ਇਮਾਰਤਾਂ ਵਿੱਚ ਅਜਿਹੀਆਂ ਥਾਵਾਂ 'ਤੇ ਖਿੜਕੀਆਂ ਬਣਾਉਣ 'ਤੇ ਪਾਬੰਦੀ ਲਗਾ ਦਿੱਤੀ ਗਈ ਹੈ, ਜਿਥੋਂ ਔਰਤਾਂ ਦੇ ਨਜ਼ਰ ਆਉਣ ਦੀ ਸੰਭਾਵਨਾ ਹੈ।





ਇਸ ਦਾ ਕਾਰਨ ਅਸ਼ਲੀਲਤਾ ਨੂੰ ਰੋਕਣਾ ਦੱਸਿਆ ਗਿਆ ਹੈ। ਤਾਲਿਬਾਨ ਸਰਕਾਰ ਦੇ ਬੁਲਾਰੇ ਜ਼ਬੀਹੁੱਲ੍ਹਾ ਮੁਜਾਹਿਦ ਨੇ ਜਾਰੀ ਇੱਕ ਬਿਆਨ ਵਿੱਚ ਕਿਹਾ ਕਿ ਨਵੀਆਂ ਇਮਾਰਤਾਂ ਵਿੱਚ ਖਿੜਕੀਆਂ ਨਹੀਂ ਹੋਣੀਆਂ ਚਾਹੀਦੀਆਂ, ਜਿਨ੍ਹਾਂ ਤੋਂ ਵਿਹੜਾ, ਰਸੋਈ, ਗੁਆਂਢੀ ਦਾ ਖ਼ੂਹ ਅਤੇ ਔਰਤਾਂ ਦੁਆਰਾ ਆਮ ਤੌਰ 'ਤੇ ਵਰਤੇ ਜਾਂਦੇ ਹੋਰ ਸਥਾਨਾਂ ਨੂੰ ਵੇਖਿਆ ਜਾ ਸਕੇ। ਤਾਲਿਬਾਨ ਦੇ ਬੁਲਾਰੇ ਅਨੁਸਾਰ ਔਰਤਾਂ ਨੂੰ ਰਸੋਈ 'ਚ, ਵਿਹੜੇ ਵਿੱਚ ਜਾਂ ਖ਼ੂਹਾਂ ਤੋਂ ਪਾਣੀ ਲਿਆਉਂਦੇ ਹੋਏ ਵੇਖਣਾ ਅਸ਼ਲੀਲਤਾ ਨੂੰ ਜਨਮ ਦੇ ਸਕਦਾ ਹੈ। ਇਨ੍ਹਾਂ ਆਦੇਸ਼ਾਂ ਦੇ ਮੱਦੇਨਜ਼ਰ ਅਫ਼ਗਾਨਿਸਤਾਨ 'ਚ ਉਥੋਂ ਦੇ ਨਗਰ ਨਿਗਮ ਅਧਿਕਾਰੀਆਂ ਨੂੰ ਨਵੀਆਂ ਬਣ ਰਹੀਆਂ ਇਮਾਰਤਾਂ 'ਤੇ ਨਜ਼ਰ ਰੱਖਣ ਦੇ ਹੁਕਮ ਦਿੱਤੇ ਗਏ ਹਨ।

**ਔਰਤਾਂ ਉੱਪਰ ਕੀ ਪੈ ਰਹੇ ਨੇ ਪ੍ਰਭਾਵ**

ਅਫ਼ਗਾਨਿਸਤਾਨ ਵਿੱਚ ਤਾਲਿਬਾਨ ਦੇ ਮੁੜ ਸੱਤਾ 'ਚ ਆਉਣ ਤੋਂ ਬਾਅਦ ਵਿਸ਼ਵਾਸ ਦਿਵਾਇਆ ਜਾ ਰਿਹਾ ਸੀ ਕਿ ਸੱਤਾ ਵਿੱਚ ਆਉਣ ਤੋਂ ਬਾਅਦ ਸ਼ਰੀਅਤ ਅਨੁਸਾਰ ਔਰਤਾਂ ਦੇ ਹੱਕ ਮੁੜ ਬਹਾਲ ਕਰ ਦਿੱਤੇ ਜਾਣਗੇ। 2021 ਤੋਂ ਬਾਅਦ ਬਹੁਤ ਹੀ ਸੋਚੇ ਸਮਝੇ ਢੰਗ ਨਾਲ ਔਰਤਾਂ ਨੂੰ ਮੁੱਖ ਧਾਰਾ ਵਿੱਚੋਂ ਬਾਹਰ ਕੀਤਾ ਜਾ ਚੁਕਾ ਹੈ। ਕਈ ਪ੍ਰਕਾਰ ਦੀਆਂ ਪਾਬੰਦੀਆਂ ਲਗਾ ਕੇ ਹਰ ਸਮਾਜਿਕ, ਆਰਥਿਕ ਤੇ ਰਾਜਨੀਤਕ ਖੇਤਰ ਵਿੱਚੋਂ ਉਨ੍ਹਾਂ ਦੀ ਮੌਜੂਦਗੀ ਨੂੰ ਮਨਫ਼ੀ ਕੀਤਾ ਜਾ ਰਿਹਾ ਹੈ। ਇਸ ਵਿਰੁੱਧ ਰੋਸ ਪ੍ਰਗਟ ਕਰਨ ਵਾਲਿਆਂ ਨੂੰ ਗ੍ਰਿਫ਼ਤਾਰ ਕਰਕੇ ਜੇਲ੍ਹਾਂ ਵਿੱਚ ਤਸੀਹੇ ਦੇ ਕੇ ਮਾਰ ਮੁਕਾਉਣ ਦੀਆਂ ਘਟਨਾਵਾਂ ਰੋਜ਼ਾਨਾ ਪੜ੍ਹਨ ਸੁਣਨ ਨੂੰ ਮਿਲ ਰਹੀਆਂ ਹਨ। ਯੂ.ਐੱਨ. ਦੀ ਵਿਮੈੱਨ ਡਾਇਰੈਕਟਰ ਸਿਮਾ ਬਾਹੂਸ ਨੇ ਕਿਹਾ ਸੀ ਕਿ "ਪਿਛਲੇ ਕਈ ਦਹਾਕਿਆਂ ਤੋਂ ਮਰਦ ਔਰਤ ਦੀ ਬਰਾਬਰੀ ਅਤੇ ਔਰਤਾਂ ਦੇ ਹੱਕਾਂ ਦੀ ਪ੍ਰਾਪਤੀ ਵਾਸਤੇ ਕੀਤੀ ਜੱਦੋਜਹਿਦ ਮਗਰੋਂ ਮਿਲੀ ਕਾਮਯਾਬੀ ਨੂੰ ਨਵੀਂ ਹਕੂਮਤ ਨੇ ਕੁਝ ਹੀ ਮਹੀਨਿਆਂ ਵਿੱਚ ਮਿੱਟੀ ਵਿਚ ਮਿਲਾ ਦਿੱਤਾ ਹੈ।" ਅਫ਼ਗਾਨਿਸਤਾਨ ਵਿੱਚ ਔਰਤਾਂ ਉੱਪਰ ਬੰਦਿਸ਼ਾਂ ਦਾ ਸਿਲਸਿਲਾ ਇਰਾਨ ਦੀ 'ਨੈਤਿਕ ਪੁਲੀਸ' ਦੇ ਐਲਾਨ ਨਾਲ ਹੀ ਸ਼ੁਰੂ ਹੋ ਗਿਆ ਸੀ। (**ਬਾਕੀ ਸਫ਼ਾ** 31 'ਤੇ)

## ਨਵੇਂ ਸਾਲ 'ਚ 90,000 ਰੁਪਏ ਦੇ ਰਿਕਾਰਡ ਪੱਧਰ ਤੱਕ ਪਹੁੰਚ ਸਕਦੈ ਸੋਨਾ



ਨਵੀਂ ਦਿੱਲੀ/ਏ.ਟੀ.ਨਿਊਜ਼: ਸੁਰੱਖਿਅਤ ਨਿਵੇਸ਼ ਦੇ ਰੂਪ ਵਿੱਚ ਸੋਨੇ ਦੀ ਕੀਮਤ ਨਵੇਂ ਸਾਲ ਵਿੱਚ ਰਿਕਾਰਡ ਤੋੜਦੀ ਰਹੇਗੀ ਅਤੇ ਇਹ 85,000 ਰੁਪਏ ਪ੍ਰਤੀ 10 ਗ੍ਰਾਮ ਤੱਕ ਪਹੁੰਚ ਸਕਦੀ ਹੈ। ਭੂ-ਰਾਜਨੀਤਕ ਤਣਾਅ ਅਤੇ ਵਿਸ਼ਵ ਆਰਥਿਕ ਅਨਿਸ਼ਚਿਤਤਾਵਾਂ ਦੇ ਵਿਚਕਾਰ, ਇਹ ਘਰੇਲੂ ਬਾਜ਼ਾਰ ਵਿੱਚ 90,000 ਰੁਪਏ ਦੇ ਪੱਧਰ ਤੱਕ ਵੀ ਜਾ ਸਕਦਾ ਹੈ। ਮੁਦਰਾ ਨੀਤੀ 'ਚ ਨਰਮ ਰੁਖ਼ ਅਤੇ ਕੇਂਦਰੀ ਬੈਂਕਾਂ ਦੁਆਰਾ ਖ਼ਰੀਦਦਾਰੀ ਕਾਰਨ ਵੀ ਇਸ ਦੀਆਂ ਕੀਮਤਾਂ ਵਧਣਗੀਆਂ। ਹਾਲਾਂਕਿ, ਇੱਕ ਵਾਰ ਭੂ-ਰਾਜਨੀਤਕ ਸੰਕਟ ਘੱਟ ਹੋਣ ਤੋਂ ਬਾਅਦ, ਰੁਪਏ ਵਿੱਚ ਗਿਰਾਵਟ ਰੁਕ ਜਾਵੇਗੀ, ਜਿਸ ਕਾਰਨ ਸੋਨੇ ਦੀ ਕੀਮਤ ਵਿੱਚ ਵੀ ਨਰਮੀ ਆ ਸਕਦੀ ਹੈ। ਮੌਜੂਦਾ ਸਮੇਂ 'ਚ ਮਲਟੀ ਕਮੋਡਿਟੀ ਐਕਸਚੇਂਜ (ਐਮ.ਸੀ.ਐਕਸ.) 'ਤੇ ਫ਼ਿਊਚਰਜ਼ ਟਰੇਡਿੰਗ 'ਚ ਸਪਾਟ ਬਾਜ਼ਾਰ 'ਚ ਸੋਨੇ ਦੀ ਕੀਮਤ 79,350 ਰੁਪਏ ਪ੍ਰਤੀ 10 ਗ੍ਰਾਮ ਅਤੇ 76,600 ਰੁਪਏ ਪ੍ਰਤੀ 10 ਗ੍ਰਾਮ ਹੈ।

(**ਬਾਕੀ ਸਫ਼ਾ** 30 'ਤੇ)

## ਜੇਕਰ ਅਮਰੀਕਾ ਨੇ ਪਰਮਾਣੂ ਪ੍ਰੀਖਣ ਕੀਤਾ ਤਾਂ ਰੂਸ ਵੀ ਕਰੇਗਾ ...

**ਤੀਜੇ ਵਿਸ਼ਵ ਯੁੱਧ ਦਾ ਖਤਰਾ ਮੰਡਰਾਇਆ**



ਮਾਸਕੋ/ਏ.ਟੀ.ਨਿਊਜ਼: ਰੂਸ ਦੇ ਉੱਪ ਵਿਦੇਸ਼ ਮੰਤਰੀ ਸਰਗੇਈ ਰਿਆਬਕੋਵ ਨੇ ਅਮਰੀਕਾ ਨੂੰ ਚਿਤਾਵਨੀ ਦਿੱਤੀ ਹੈ ਕਿ ਜੇਕਰ ਡੋਨਾਲਡ ਟਰੰਪ ਪ੍ਰਸ਼ਾਸਨ ਪ੍ਰਮਾਣੂ ਪ੍ਰੀਖਣ ਵੱਲ ਵਧਦਾ ਹੈ ਤਾਂ ਉਹ ਵੀ ਅੱਗੇ ਵਧੇਗਾ। ਰਿਆਬਕੋਵ ਨੇ ਇਹ ਗੱਲ ਰੂਸੀ ਅਖਬਾਰ 'ਕੋਮਰਸੈਂਟ' ਨੂੰ ਦਿੱਤੇ ਇੰਟਰਵਿਊ ਵਿੱਚ ਉਨ੍ਹਾਂ ਰਿਪੋਰਟਾਂ ਦੇ ਜਵਾਬ ਵਿੱਚ ਕਹੀ ਹੈ ਕਿ ਅਮਰੀਕਾ ਡੋਨਾਲਡ ਟਰੰਪ ਦੇ ਦੂਜੀ ਵਾਰ ਰਾਸ਼ਟਰਪਤੀ ਬਣਨ ਤੋਂ ਬਾਅਦ ਪ੍ਰਮਾਣੂ ਪ੍ਰੀਖਣ ਸ਼ੁਰੂ ਕਰੇਗਾ। ਰੂਸੀ ਨੇਤਾ ਨੇ ਕਿਹਾ ਕਿ ਜੇਕਰ ਅਮਰੀਕਾ ਅਜਿਹਾ ਕਰਦਾ ਹੈ ਤਾਂ ਸਾਡੇ ਸਾਰੇ ਬਦਲ ਵੀ ਖੁੱਲ੍ਹੇ ਹਨ। ਯੂਕਰੇਨ ਯੁੱਧ ਕਾਰਨ ਰੂਸ ਅਤੇ ਅਮਰੀਕਾ ਵਿਚਾਲੇ ਤਣਾਅ ਸ਼ੀਤ ਯੁੱਧ ਤੋਂ ਬਾਅਦ ਸਭ ਤੋਂ ਉੱਚੇ ਪੱਧਰ 'ਤੇ ਹੈ। ਇਸ ਸਥਿਤੀ ਵਿੱਚ ਪਰਮਾਣੂ ਪ੍ਰੀਖਣ ਤਣਾਅ ਨੂੰ ਹੋਰ ਵਧਾ ਸਕਦਾ ਹੈ। ਦੋ ਮਹਾਂਸ਼ਕਤੀਆਂ ਵਿਚਾਲੇ ਇਹ ਤਣਾਅ ਦੁਨੀਆਂ ਨੂੰ ਇੱਕ ਹੋਰ ਵਿਸ਼ਵ ਯੁੱਧ ਵੱਲ ਵੀ ਧੱਕ ਸਕਦਾ ਹੈ।

ਐਕਸਪ੍ਰੈਸ ਡਾਟ ਯੂ. ਕੇ. ਦੀ ਰਿਪੋਰਟ ਮੁਤਾਬਕ ਪਰਮਾਣੂ ਪ੍ਰੀਖਣਾਂ ਦੀ ਸੰਭਾਵਨਾ 'ਤੇ ਰਿਆਬਕੋਵ ਨੇ ਕਿਹਾ ਕਿ ਮੈਂ ਸਿਰਫ਼ ਇਹ ਕਹਿਣਾ ਚਾਹਾਂਗਾ ਕਿ ਅੰਤਰਰਾਸ਼ਟਰੀ ਸਥਿਤੀ ਇਸ ਸਮੇਂ ਬੇਹੱਦ ਮੁਸ਼ਕਿਲ ਹੈ। ਅਮਰੀਕੀ ਨੀਤੀਆਂ ਸਾਡੇ ਪ੍ਰਤੀ ਬੇਹੱਦ ਵਿਰੋਧੀ ਹਨ। ਇਸ ਲਈ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਸਾਡੇ ਕੋਲ ਜੋ ਵੀ ਬਦਲ ਹਨ ਅਤੇ ਰਾਜਨੀਤਿਕ ਸੰਕੇਤ ਭੇਜਣ ਲਈ ਸਾਨੂੰ ਜੋ ਵੀ ਕਦਮ ਚੁੱਕਣੇ ਪੈਣਗੇ।

**90 ਦੇ ਦਹਾਕੇ ਤੋਂ ਪ੍ਰਮਾਣੂ ਪ੍ਰੀਖਣ ਨਹੀਂ ਕੀਤਾ ਗਿਆ**

ਰੂਸ ਅਤੇ ਅਮਰੀਕਾ ਨੇ 1990 ਤੋਂ ਬਾਅਦ ਕੋਈ ਪ੍ਰਮਾਣੂ ਪ੍ਰੀਖਣ ਨਹੀਂ ਕੀਤਾ ਹੈ। ਰੂਸ ਨੇ 1996 ਵਿੱਚ ਵਿਆਪਕ ਪ੍ਰਮਾਣੂ-ਟੈਸਟ-ਬੈਨ ਸੰਧੀ 'ਤੇ ਦਸਤਖਤ ਕੀਤੇ ਸਨ। ਇਹ ਸੰਧੀ ਨਾਗਰਿਕ ਜਾਂ ਫ਼ੌਜੀ ਉਦੇਸ਼ਾਂ ਲਈ ਪ੍ਰਮਾਣੂ ਧਮਾਕਿਆਂ 'ਤੇ ਪਾਬੰਦੀ ਲਗਾਉਂਦੀ ਹੈ। ਹਾਲਾਂਕਿ ਯੂਕਰੇਨ ਵਿੱਚ ਜੰਗ ਸ਼ੁਰੂ ਹੋਣ ਤੋਂ ਬਾਅਦ ਰੂਸ ਇਸ ਸਮਝੌਤੇ ਤੋਂ ਪਿੱਛੇ ਹਟ ਗਿਆ ਹੈ। ਰੂਸ ਹੁਣ ਉਨ੍ਹਾਂ ਅੱਠ ਦੇਸ਼ਾਂ ਦੀ ਸੂਚੀ ਵਿੱਚ ਸ਼ਾਮਲ ਹੈ ਜੋ ਸਮਝੌਤੇ ਦੀ ਪ੍ਰਸ਼ਟੀ ਨਹੀਂ ਕਰਦੇ ਹਨ। ਇਨ੍ਹਾਂ ਦੇਸ਼ਾਂ ਵਿੱਚ ਅਮਰੀਕਾ ਵੀ ਸ਼ਾਮਲ ਹੈ।

ਰੂਸ ਅਤੇ ਅਮਰੀਕਾ ਵਿਚਾਲੇ ਤਣਾਅ ਵੀ ਚਿੰਤਾ ਦਾ ਵਿਸ਼ਾ ਹੈ ਕਿਉਂਕਿ ਦੋਵਾਂ ਦੇਸ਼ਾਂ ਕੋਲ ਪ੍ਰਮਾਣੂ ਹਥਿਆਰਾਂ ਦਾ ਵੱਡਾ ਭੰਡਾਰ ਹੈ। ਰੂਸ ਕੋਲ 5,580 ਪਰਮਾਣੂ ਹਥਿਆਰ ਹਨ ਜਦਕਿ ਅਮਰੀਕਾ ਕੋਲ 5,044 ਪ੍ਰਮਾਣੂ ਹਥਿਆਰ ਹਨ। ਇਨ੍ਹਾਂ ਦੋਵਾਂ ਦੇਸ਼ਾਂ ਕੋਲ ਦੁਨੀਆਂ ਦੇ 88 ਫ਼ੀਸਦੀ ਪ੍ਰਮਾਣੂ ਹਥਿਆਰ ਹਨ। ਅਜਿਹੇ ਵਿੱਚ ਰਿਆਬਕੋਵ ਦੀ ਚੇਤਾਵਨੀ ਨੂੰ ਹਲਕੇ ਵਿੱਚ ਨਹੀਂ ਲਿਆ ਜਾ ਸਕਦਾ। ਇਸ ਤੋਂ ਪਤਾ ਲੱਗਦਾ ਹੈ ਕਿ ਰੂਸ ਅਤੇ ਅਮਰੀਕਾ ਵਿਚਾਲੇ ਪਰਮਾਣੂ ਮੁਕਾਬਲਾ ਮੁੜ ਸ਼ੁਰੂ ਹੋਣ ਦਾ ਖ਼ਤਰਾ ਹੈ।

ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਹਮਲਾਵਰ ਰਵੱਈਆ ਅਪਣਾ ਰਹੇ ਹਨ। ਇਸ ਦੇ ਨਾਲ ਹੀ ਡੋਨਾਲਡ ਟਰੰਪ ਵੀ ਰੂਸ ਨੂੰ ਲੈ ਕੇ ਜ਼ਿਆਦਾ ਸਕਾਰਾਤਮਕ ਨਹੀਂ ਰਹੇ ਹਨ। ਅਜਿਹੇ 'ਚ ਜੇਕਰ ਦੋਹਾਂ ਦੇਸ਼ਾਂ ਵਿਚਾਲੇ ਤਣਾਅ ਵਧਦਾ ਹੈ ਅਤੇ ਇਹ ਟਕਰਾਅ ਦਾ ਰੂਪ ਲੈ ਲੈਂਦਾ ਹੈ ਤਾਂ ਇਹ ਦੁਨੀਆਂ ਲਈ ਬਹੁਤ ਖਤਰਨਾਕ ਸਥਿਤੀ ਹੋਵੇਗੀ।

## ਅਮਰੀਕਾ 'ਚ ਜੱਜਾਂ ਦੀਆਂ ਵਧੀਆਂ ਮੁਸ਼ਕਿਲਾਂ

ਵਾਸ਼ਿੰਗਟਨ/ਏ.ਟੀ.ਨਿਊਜ਼: ਅਮਰੀਕਾ ਵਿੱਚ ਜੱਜਾਂ ਨੂੰ ਹਿੰਸਾ, ਧਮਕੀ ਅਤੇ ਗ਼ਲਤ ਪ੍ਰਚਾਰ ਦੇ ਖਤਰਿਆਂ ਦੇ ਨਾਲ-ਨਾਲ ਅਦਾਲਤੀ ਫ਼ੈਸਲਿਆਂ ਦੀ ਅਣਦੇਖੀ ਕਰਨ ਵਾਲੇ ਅਧਿਕਾਰੀਆਂ ਦੀ ਵਧਦੀ ਗਿਣਤੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਚੀਫ਼ ਜਸਟਿਸ ਜੌਨ ਰੌਬਰਟਸ ਨੇ ਜਾਰੀ ਕੀਤੀ ਸਾਲ-ਅੰਤ ਦੀ ਰਿਪੋਰਟ ਵਿੱਚ ਕਿਹਾ ਕਿ ਜੱਜਾਂ ਨੂੰ ਉਨ੍ਹਾਂ ਦੇ ਫ਼ੈਸਲਿਆਂ ਕਾਰਨ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਬਿਨਾਂ ਸ਼ੱਕ ਜੱਜਾਂ 'ਤੇ ਹਿੰਸਾ ਲਈ ਕੋਈ ਥਾਂ ਨਹੀਂ ਹੈ। ਫਿਰ ਵੀ ਹਾਲ ਹੀ ਦੇ ਸਾਲਾਂ ਵਿੱਚ ਨਿਆਂਪਾਲਿਕਾ ਦੇ ਸਾਰੇ ਪੱਧਰਾਂ 'ਤੇ ਪਛਾਣੀਆਂ ਗਈਆਂ ਧਮਕੀਆਂ ਵਿੱਚ ਮਹੱਤਵਪੂਰਨ ਵਾਧਾ ਹੋਇਆ ਹੈ।

ਅਮਰੀਕੀ ਮਾਰਸ਼ਲਸ ਸਰਵਿਸ ਦੇ ਅੰਕੜਿਆਂ ਮੁਤਾਬਕ, 'ਜੱਜਾਂ ਨੂੰ ਨਿਰਦੇਸ਼ਿਤ ਦੁਸ਼ਮਣੀ ਦੀਆਂ ਧਮਕੀਆਂ ਅਤੇ ਸੰਚਾਰ ਦੀ



ਮਾਤਰਾ ਪਿਛਲੇ ਦਹਾਕੇ ਵਿੱਚ ਤਿੰਨ ਗੁਣਾ ਤੋਂ ਵੱਧ ਹੋ ਗਈ ਹੈ।' ਜਸਟਿਸ ਰੌਬਰਟਸ ਨੇ ਜਾਰੀ ਕੀਤੀ ਨਿਆਂਪਾਲਿਕਾ ਦੀ ਸਾਲਾਨਾ ਰਿਪੋਰਟ ਵਿੱਚ ਜੱਜਾਂ ਦੀ ਸੁਰੱਖਿਆ ਯਕੀਨੀ ਕਰਨ 'ਤੇ ਜ਼ੋਰ ਦਿੱਤਾ। ਰਿਪੋਰਟ ਮੁਤਾਬਕ ਪਿਛਲੇ ਪੰਜ ਸਾਲਾਂ ਵਿੱਚ ਖਤਰਿਆਂ ਦੀ ਇੱਕ ਹਜ਼ਾਰ ਤੋਂ ਵੱਧ ਜਾਂਚਾਂ ਹੋਈਆਂ ਹਨ, ਜਿਨ੍ਹਾਂ ਵਿੱਚ ਜੱਜਾਂ ਲਈ

(**ਬਾਕੀ ਸਫ਼ਾ** 30 'ਤੇ)

## ਕੈਨੇਡਾ ਦੀ ਵੈਸਟ ਜੈੱਟ ਏਅਰਲਾਈਨ 'ਚ ਕੈਪਟਨ ਬਣਿਆ ਪੰਜਾਬੀ ਨੌਜਵਾਨ ਹਸਨਦੀਪ ਸਿੰਘ ਖੁਰਲ

ਟੋਰਾਂਟੋ/ਏ.ਟੀ.ਨਿਊਜ਼ : ਜਦੋਂ ਮੈਂ ਸਕੂਲ ਪੜ੍ਹਦਾ ਹੁੰਦਾ ਸੀ ਤਾਂ ਉਸ ਸਮੇਂ ਕਈ ਵਾਰ ਜਦੋਂ ਉਪਰ ਜਾ ਰਹੇ ਜਹਾਜ਼ ਵਲ ਦੇਖਣਾ ਤਾਂ ਮਨ ਵਿੱਚ ਖ਼ਿਆਲ ਆਉਣਾ, ਕਿ ਸੈਂਕੜੇ ਸਵਾਰੀਆਂ ਨਾਲ ਭਰੇ ਤੇ ਉੱਚੇ ਨੀਲੇ ਅਸਮਾਨ ਵਿੱਚ ਜਾ ਰਹੇ ਐਨੇ ਵੱਡੇ ਜਹਾਜ਼ ਨੂੰ ਕੌਣ ਤੇ ਕਿਵੇਂ ਚਲਾਉਂਦਾ ਹੋਵੇਗਾ। ਬਸ ਉਸ ਸਮੇਂ ਤੋਂ ਮੈਂ ਆਪਣੇ ਮਨ ਵਿੱਚ ਧਾਰ ਲਿਆ ਕਿ ਮੈਂ ਵੀ ਵੱਡਾ ਹੋ ਕੇ ਜਹਾਜ਼ ਚਲਾਊਂਗਾ ਅਤੇ ਪੰਜਾਬ ਦੀ ਧਰਤੀ ਉਤੇ ਪਾਇਲਟ ਬਣਨ ਦਾ ਲਿਆ ਸੁਪਨਾ ਕੈਨੇਡਾ ਆ ਕੇ ਪੂਰਾ ਹੋ ਗਿਆ- ਇਹ ਕਹਿਣਾ ਹੈ ਕੈਪਟਨ ਹਸਨਦੀਪ ਸਿੰਘ ਖੁਰਲ ਦਾ।

ਜਿਸ ਨੂੰ ਕੈਨੇਡਾ ਵਿੱਚ ਪਹਿਲਾਂ ਸਾਬਤ ਸੂਰਤ ਸਿੱਖ ਪਾਇਲਟ ਬਣਨ ਦਾ ਮਾਣ ਪ੍ਰਾਪਤ



ਹੈ। ਐਬਟਸਫੋਰਡ ਦੀ ਯੂਨੀਵਰਸਿਟੀ ਆਫ਼ ਫਰੇਜ਼ਰ ਵੈਲੀ ਤੋਂ ਬੈਚਲਰ ਆਫ਼ ਬਿਜ਼ਨੈੱਸ ਐਡਮਿਨਿਸਟ੍ਰੇਸ਼ਨ ਐਵੀਏਸ਼ਨ ਦੀ ਪੜ੍ਹਾਈ ਕਰ ਕੇ ਹਸਨਦੀਪ ਸਿੰਘ ਨੂੰ ਪਾਇਲਟ ਦੀ ਨੌਕਰੀ ਕਰਨ ਵਿੱਚ ਦਿੱਕਤ ਆਈ ਕਿਉਂਕਿ ਏਅਰਲਾਈਨਾਂ ਦੀ ਸ਼ਰਤ ਮੁਤਾਬਕ ਆਕਸੀਜਨ ਮਾਸਕ ਲਾਉਣ ਕਾਰਨ ਸਿਰਫ਼ ਕਲੀਨਸ਼ੇਵ ਅਤੇ ਦਾੜ੍ਹੀ ਕੱਟਣ ਵਾਲੇ ਯੋਗ ਪਾਇਲਟਾਂ ਨੂੰ ਨੌਕਰੀ ਕਰਨ ਦੀ ਇਜ਼ਾਜਤ ਸੀ, ਕਿਉਂਕਿ ਆਕਸੀਜਨ ਮਾਸਕ ਉਨ੍ਹਾਂ ਦੇ ਹੀ ਫਿਟ ਲਗਦਾ ਸੀ ਪਰ ਹਸਨਦੀਪ ਸਿੰਘ ਨੇ ਹਿੰਮਤ ਨਹੀਂ ਹਾਰੀ ਤੇ ਆਪਣੀ ਕੋਸ਼ਿਸ਼ ਜਾਰੀ ਰੱਖੀ।

ਇਸ ਦੌਰਨ ਉਹ ਡੈਲਟਾ ਦੇ ਪੈਸੇਫਿਕ ਫਲਾਇੰਗ ਕਲੱਬ ਵਿੱਚ ਕਲਾਸ 2 ਫਲਾਈਟ ਇੰਸਟਰੱਕਟਰ ਲਗ ਗਿਆ ਫਿਰ 2019 ਵਿੱਚ ਵੈਨਕੂਵਰ ਦੀ ਸਾਈਮਨ ਫਰੇਜ਼ਰ ਯੂਨੀਵਰਸਿਟੀ ਵਿਖੇ ਕੀਤੀ (**ਬਾਕੀ ਸਫ਼ਾ** 30 'ਤੇ)



# ਸਿੰਘ ਇਜ਼ ਕਿੰਗ

## ਆਪਣੀ ਵਿਲੱਖਣ ਯੋਗਤਾ ਨਾਲ ਸਭ ਦਾ ਮਨ ਮੋਹ ਲੈਂਦੇ ਸਨ

# ਡਾ. ਮਨਮੋਹਨ ਸਿੰਘ



ਭਾਰਤ ਵਿੱਚ ਆਰਥਿਕ ਸੁਧਾਰਾਂ ਦੇ ਨਿਰਮਾਤਾ ਮੰਨੇ ਜਾਂਦੇ ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦੇ ਦੇਹਾਂਤ ਨਾਲ ਆਧੁਨਿਕ ਭਾਰਤ ਦੇ ਆਰਥਿਕ ਦ੍ਰਿਸ਼ ਨੂੰ ਸ਼ਾਨਦਾਰ ਰੂਪ ਦੇਣ ਵਿੱਚ ਅਹਿਮ ਭੂਮਿਕਾ ਨਿਭਾਉਣ ਵਾਲੇ ਨੇਤਾ ਦੇ ਯੁੱਗ ਦਾ ਅੰਤ ਹੋ ਗਿਆ। ਡਾ. ਮਨਮੋਹਨ ਸਿੰਘ ਲਾਸਾਨੀ ਬੌਧਿਕ ਸਮਰੱਥਾ, ਇਮਾਨਦਾਰੀ, ਪਾਰਦਰਸ਼ਤਾ ਅਤੇ ਬੇਮਿਸਾਲ ਨਿਮਰਤਾ ਨਾਲ ਲਬਰੇਜ਼ ਵਿਲੱਖਣ ਸ਼ਖ਼ਸੀਅਤ ਸਨ। ਡਾ. ਮਨਮੋਹਨ ਸਿੰਘ ਦੇਸ਼ ਦੇ 14ਵੇਂ ਪ੍ਰਧਾਨ ਮੰਤਰੀ ਸਨ, ਜੋ 2004 ਤੋਂ 2014 ਤੱਕ ਦੋ ਵਾਰ ਇਸ ਅਹੁਦੇ ’ਤੇ ਰਹੇ। ਉਹਨਾਂ ਨੂੰ ਭਾਂਵੇਂ ਕਈ ਕਾਰਨਾਂ ਕਰਕੇ ਜਾਣਿਆ ਜਾਂਦਾ ਹੈ ਪਰ ਉਹਨਾਂ ਵੱਲੋਂ ਭਾਰਤ ਵਿੱਚ ਲਿਆਂਦੇ ਵਿਸ਼ਵੀਕਰਨ ਅਤੇ ਉਦਾਰੀਕਰਨ ਲਈ ਇਤਿਹਾਸ ਦੇ ਪੰਨਿਆਂ ਵਿੱਚ ਉਹਨਾਂ ਦਾ ਨਾਮ ਸਦਾ ਲਈ ਦਰਜ ਹੈ। ਆਪਣੇ ਸ਼ਾਂਤ ਸੁਭਾਅ ਅਤੇ ਬੌਧਿਕ ਹੁਨਰ ਲਈ ਜਾਣੇ ਜਾਂਦੇ, ਡਾ. ਮਨਮੋਹਨ ਸਿੰਘ ਨੇ ਭਾਰਤ ਵਿੱਚ ਇਤਿਹਾਸਕ ਆਰਥਿਕ ਉਦਾਰੀਕਰਨ ਦੀ ਸ਼ੁਰੂਆਤ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ। ਉਹਨਾਂ ਨੂੰ 1991 ਵਿੱਚ ਵਿਆਪਕ ਸੁਧਾਰ ਕਰਨ ਦਾ ਸਿਹਰਾ ਦਿੱਤਾ ਜਾਂਦਾ ਹੈ ਜਿਸਨੇ ਭਾਰਤ ਦੀ ਆਰਥਿਕਤਾ ਨੂੰ ਖੋਲ੍ਹਿਆ, ਅਖੌਤੀ ਲਾਇਸੈਂਸ-ਪਰਮਿਟ ਰਾਜ ਨੂੰ ਖਤਮ ਕੀਤਾ ਅਤੇ ਭਾਰਤ ਨੂੰ ਵਿਸ਼ਵ ਪੱਧਰ ’ਤੇ ਇੱਕ ਆਰਥਿਕ ਮਹਾਂਸ਼ਕਤੀ ਬਣਨ ਦੇ ਰਾਹ ’ਤੇ ਮਜ਼ਬੂਤੀ ਨਾਲ ਰੱਖਿਆ। ਇੱਕ ਸਿੱਖਿਆ ਸ਼ਾਸਤਰੀ, ਅਰਥ ਸ਼ਾਸਤਰੀ ਅਤੇ ਸਿਆਸਤਦਾਨ ਵਜੋਂ ਉਨ੍ਹਾਂ ਦਾ ਸਫ਼ਰ ਨਾ ਸਿਰਫ਼ ਪ੍ਰੇਰਨਾਦਾਇਕ ਸੀ, ਸਗੋਂ ਉਨ੍ਹਾਂ ਵੱਲੋਂ ਲਏ ਗਏ ਆਰਥਿਕ ਸੁਧਾਰਾਂ ਅਤੇ ਸਿਆਸੀ ਫ਼ੈਸਲਿਆਂ ਨੇ ਭਾਰਤ ਦੇ ਇਤਿਹਾਸ ਨੂੰ ਇੱਕ ਨਵੀਂ ਦਿਸ਼ਾ ਦਿੱਤੀ। ਉਹਨਾਂ ਨੂੰ ਆਧੁਨਿਕ ਭਾਰਤ ਦੇ ਆਰਥਿਕ ਸੁਧਾਰਾਂ ਦਾ ਆਰਕੀਟੈਕਟ ਵੀ ਕਿਹਾ ਜਾਂਦਾ ਹੈ। ਡਾ: ਮਨਮੋਹਨ ਸਿੰਘ ਨੇ ਜੁਲਾਈ, 1991 ਵਿੱਚ ਆਪਣੇ ਬਜਟ ਭਾਸ਼ਣ ਦੇ ਅੰਤ ਵਿੱਚ ਕਿਹਾ ਸੀ, “ਦੁਨੀਆਂ ਦੀ ਕੋਈ ਵੀ ਤਾਕਤ ਉਸ ਵਿਚਾਰ ਨੂੰ ਨਹੀਂ ਰੋਕ ਸਕਦੀ ਜਿਸਦਾ ਸਮਾਂ ਆ ਗਿਆ ਹੈ, ਮੈਂ ਇਸ ਮਾਣਯੋਗ ਸਦਨ ਨੂੰ ਸੁਝਾਅ ਦਿੰਦਾ ਹਾਂ ਕਿ ਭਾਰਤ ਇੱਕ ਵੱਡੀ ਆਰਥਿਕ ਸ਼ਕਤੀ ਵਜੋਂ ਉਭਰਨਾ ਇੱਕ ਵਿਚਾਰ ਹੈ, ਜਿਸਦਾ ਸਮਾਂ ਹੁਣ ਆ ਗਿਆ ਹੈ।”

ਡਾ. ਮਨਮੋਹਨ ਸਿੰਘ ਨੂੰ ਦੇਸ਼ ਦੇ ਹਿੱਤਾਂ ਪ੍ਰਤੀ ਡੂੰਘੀ ਵਚਨਬੱਧਤਾ ਲਈ ਹਮੇਸ਼ਾ ਚੇਤੇ ਕੀਤਾ ਜਾਵੇਗਾ। 1990ਵਿਆਂ ਦੀ ਸ਼ੁਰੂਆਤ ਵਿੱਚ ਤਤਕਾਲੀ ਪ੍ਰਧਾਨ ਮੰਤਰੀ ਪੀ.ਵੀ. ਨਰਸਿਮਹਾ ਰਾਓ ਦੀ ਅਗਵਾਈ ਅਧੀਨ ਭਾਰਤ ਦੇ ਆਰਥਿਕ ਸੁਧਾਰਾਂ ਦੇ ਪਿਤਾਮਾ ਵਜੋਂ ਅਤੇ ਪ੍ਰਧਾਨ ਮੰਤਰੀ ਵਜੋਂ ਭਾਰਤ ਦੀ ਉੱਦਮੀ ਭਾਵਨਾ ਨੂੰ ਹੁਲਾਰਾ ਦੇਣ ਦੀ ਡਾ. ਮਨਮੋਹਨ ਸਿੰਘ ਦੀ ਕੋਸ਼ਿਸ਼ ਹੀ ਉਹ ਕਮਾਲ ਸੀ, ਜਿਸ ਸਦਕਾ ਭਾਰਤ 2008 ਦੇ ਆਲਮੀ ਸੰਕਟ ਦੇ ਮਾੜੇ ਪ੍ਰਭਾਵ ਤੋਂ ਬਚਿਆ ਰਿਹਾ। ਉਨ੍ਹਾਂ ਨੇ ਆਪਣੀ ਹੀ ਪਾਰਟੀ ਦੇ ਵਿਰੋਧ ਦੇ ਬਾਵਜੂਦ ਅਮਰੀਕਾ ਨਾਲ ਗ਼ੈਰ-ਫ਼ੌਜੀ ਪਰਮਾਣੂ ਇਕਰਾਰਨਾਮੇ ਉਤੇ ਦਸਤਖ਼ਤ ਕੀਤੇ, ਜਿਸ ਸਦਕਾ ਭਾਰਤ ਕੌਮਾਂਤਰੀ ਪੱਧਰ ’ਤੇ ਇਕ ਜ਼ਿੰਮੇਵਾਰ ਤਾਕਤ ਵਜੋਂ ਉੱਭਰਿਆ।

(ਬਾਕੀ ਸਫ਼ਾ 30 ’ਤੇ)

### ਡਾ. ਮਨਮੋਹਨ ਸਿੰਘ ਦੀਆਂ ਉਪਲੱਬਧੀਆਂ

1932 : ਜਨਮ - ਪਿੰਡ ਗਾਹ (ਹੁਣ ਪੰਜਾਬ, ਪਾਕਿਸਤਾਨ ਵਿੱਚ)
1954 : ਪੰਜਾਬ ਯੂਨੀਵਰਸਿਟੀ ਤੋਂ ਮਾਸਟਰ ਡਿਗਰੀ ਪੂਰੀ ਕੀਤੀ
1962 : ਆਕਸਫ਼ੋਰਡ ਯੂਨੀਵਰਸਿਟੀ ਤੋਂ ਡੀ.ਫ਼ਿਲ. (ਡਾਕਟਰੇਟ) ਪ੍ਰਾਪਤ ਕੀਤੀ
1972 : ਵਿੱਤ ਮੰਤਰਾਲੇ ਵਿੱਚ ਮੁੱਖ ਆਰਥਿਕ ਸਲਾਹਕਾਰ ਬਣੇ
1976 : ਵਿੱਤ ਮੰਤਰਾਲੇ ਵਿੱਚ ਸਕੱਤਰ ਦਾ ਅਹੁਦਾ ਸੰਭਾਲਿਆ
1982 : ਭਾਰਤੀ ਰਿਜ਼ਰਵ ਬੈਂਕ ਦੇ ਗਵਰਨਰ ਨਿਯੁਕਤ ਹੋਏ
1985 : ਯੋਜਨਾ ਕਮਿਸ਼ਨ ਦੇ ਉਪ ਚੇਅਰਮੈਨ ਬਣੇ
1987 : ਉਨ੍ਹਾਂ ਨੂੰ ਪਦਮ ਵਿਭੂਸ਼ਣ ਨਾਲ ਸਨਮਾਨਿਤ ਕੀਤਾ ਗਿਆ
1991 : ਪੀ.ਵੀ. ਨਰਸਿਮਹਾ ਰਾਓ ਸਰਕਾਰ ਵਿੱਚ ਵਿੱਤ ਮੰਤਰੀ ਬਣੇ
2004 : ਭਾਰਤ ਦੇ 13ਵੇਂ ਪ੍ਰਧਾਨ ਮੰਤਰੀ ਵਜੋਂ ਚੁਣੇ ਗਏ
2009 : ਆਪਣਾ ਕਾਰਜਕਾਲ ਪੂਰਾ ਕਰਨ ਤੋਂ ਬਾਅਦ ਮੁੜ ਪ੍ਰਧਾਨ ਮੰਤਰੀ ਚੁਣੇ



## ਡਾ. ਮਨਮੋਹਨ ਸਿੰਘ ਦੇ ਵੱਡੇ ਫ਼ੈਸਲਿਆਂ ਨੇ ਬਦਲੀ ਆਮ ਆਦਮੀ ਦੀ ਤਕਦੀਰ

ਦਿੱਲੀ ਯੂਨੀਵਰਸਿਟੀ ਵਿੱਚ ਅਰਥ ਸ਼ਾਸਤਰ ਦੇ ਪ੍ਰੋਫ਼ੈਸਰ ਤੋਂ ਲੈ ਕੇ ਭਾਰਤੀ ਰਿਜ਼ਰਵ ਬੈਂਕ ਦੇ ਗਵਰਨਰ, ਦੇਸ਼ ਦੇ ਵਿੱਤ ਮੰਤਰੀ ਅਤੇ ਫ਼ਿਰ 10 ਸਾਲ ਦੇਸ਼ ਦੇ ਪ੍ਰਧਾਨ ਮੰਤਰੀ ਰਹੇ। ਸਾਲ 2004 ਅਤੇ 2014 ਦੇ ਵਿਚਕਾਰ, ਉਨ੍ਹਾਂ ਦੀ ਸਰਕਾਰ ਨੇ ਕੁਝ ਵੱਡੇ ਫ਼ੈਸਲੇ ਲਏ, ਜਿਨ੍ਹਾਂ ਨੇ ਦੇਸ਼ ਦੇ ਲੋਕਾਂ ਦੀ ਕਿਸਮਤ ਬਦਲ ਦਿੱਤੀ ਅਤੇ ਦੇਸ਼ ਦੀ ਆਰਥਿਕਤਾ ਦੇ ਵਿਕਾਸ ਵਿੱਚ ਵੀ ਮਦਦ ਕੀਤੀ। ਰੁਜ਼ਗਾਰ ਦਾ ਅਧਿਕਾਰ, ਸੂਚਨਾ ਦਾ ਅਧਿਕਾਰ, ਭੋਜਨ ਦਾ ਅਧਿਕਾਰ, ਸਾਰਿਆਂ ਲਈ ਸਿੱਖਿਆ ਦਾ ਅਧਿਕਾਰ ਆਦਿ ਕੁਝ ਅਜਿਹੇ ਵੱਡੇ ਫ਼ੈਸਲੇ ਸਨ ਜਿਨ੍ਹਾਂ ਨਾਲ ਦੇਸ਼ ਦੇ ਆਮ ਆਦਮੀ ਦੇ ਜੀਵਨ ਵਿੱਚ ਕ੍ਰਾਂਤੀਕਾਰੀ ਤਬਦੀਲੀਆਂ ਆਈਆਂ ਅਤੇ ਪਾਰਦਰਸ਼ਤਾ ਨੂੰ ਵੀ ਯਕੀਨੀ ਬਣਾਇਆ ਗਿਆ। ਮਨਮੋਹਨ ਸਰਕਾਰ ਦੀ ਮਨਰੇਗਾ ਸਕੀਮ ਨੇ ਜਿੱਥੇ ਦੇਸ਼ ਵਿੱਚ ਰੁਜ਼ਗਾਰ ਪੈਦਾ ਕਰਨ ਦੀ ਦਿਸ਼ਾ ਵਿੱਚ ਬਹੁਤ ਅਹਿਮ ਭੂਮਿਕਾ ਨਿਭਾਈ, ਉੱਥੇ ਹੀ ਸਰਵ ਸਿੱਖਿਆ ਅਭਿਆਨ ਰਾਹੀਂ ਦੇਸ਼ ਦੇ ਅਜਿਹੇ ਵਿਦਿਆਰਥੀਆਂ ਨੂੰ ਸਿੱਖਿਆ ਦਾ ਅਧਿਕਾਰ ਮਿਲਿਆ, ਜਿਨ੍ਹਾਂ ਲਈ ਸਿੱਖਿਆ ਤਾਂ ਬਹੁਤ ਦੂਰ ਦੀ ਗੱਲ ਸੀ। ਜੇਕਰ ਅਸੀਂ ਮਨਮੋਹਨ ਸਿੰਘ ਦੀ ਸਰਕਾਰ ਦੇ ਸਭ ਤੋਂ ਵੱਡੇ ਆਰਥਿਕ ਸੁਧਾਰ ਬਾਰੇ ਪੁੱਛੀਏ ਤਾਂ ਇਹ ਮਹਾਤਮਾ ਗਾਂਧੀ ਰਾਸ਼ਟਰੀ ਪੇਂਡੂ ਰੁਜ਼ਗਾਰ ਗਾਰੰਟੀ ਕਾਨੂੰਨ (ਮਨਰੇਗਾ) ਦਾ ਪਾਸ ਹੋਣਾ ਸੀ। ਇਸ ਇੱਕ ਕਾਨੂੰਨ ਨੇ ਦੇਸ਼ ਵਿੱਚ ਪਰਵਾਸ ਦੀ ਸਮੱਸਿਆ ਨੂੰ ਰੋਕਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ। ਇੰਨਾ ਹੀ ਨਹੀਂ, ਇਸ ਕਾਨੂੰਨ ਕਾਰਨ ਪੇਂਡੂ ਗਰੀਬ ਅਤੇ ਗੈਰ-ਹੁਨਰਮੰਦ ਲੋਕਾਂ ਲਈ 100 ਦਿਨਾਂ ਦੀ ਗਾਰੰਟੀ ਵਾਲਾ ਰੁਜ਼ਗਾਰ ਯਕੀਨੀ ਬਣਾਇਆ ਗਿਆ।

(ਬਾਕੀ ਸਫ਼ਾ 30 ’ਤੇ)

## ਡਾ. ਮਨਮੋਹਨ ਸਿੰਘ ਦੀ ਨੀਲੀ ਪੱਗ ਬਣੀ ਪਹਿਚਾਣ



ਇਸ ਤੋਂ ਇਲਾਵਾ ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੂੰ ਹਮੇਸ਼ਾ ਨੀਲੀ ਪੱਗ ਵਿੱਚ ਦੇਖਿਆ ਜਾਂਦਾ ਸੀ। ਮਨਮੋਹਨ ਸਿੰਘ ਨੇ ਹਮੇਸ਼ਾ ਇੱਕੋ ਰੰਗ ਦੀ ਪੱਗ ਪਹਿਨਣ ਦਾ ਕਾਰਨ ਖੁਦ ਦੱਸਿਆ ਸੀ।

ਮਨਮੋਹਨ ਸਿੰਘ ਦੀ ਨੀਲੀ ਪੱਗ ਦੀ ਕਹਾਣੀ ਕੈਂਬਰਿਜ ਯੂਨੀਵਰਸਿਟੀ ਨਾਲ ਜੁੜੀ ਹੋਈ ਹੈ, ਜਿੱਥੋਂ ਉਨ੍ਹਾਂ ਨੇ ਮਾਸਟਰ ਡਿਗਰੀ ਲਈ ਸੀ। ਇਹ ਕਹਾਣੀ ਸਾਲ 2006 ਦੀ ਹੈ, ਜਦੋਂ ਉਸ ਨੂੰ ਕੈਂਬਰਿਜ ਯੂਨੀਵਰਸਿਟੀ ਤੋਂ ਡਾਕਟਰੇਟ ਆਫ਼ ਲਾਅ ਨਾਲ ਸਨਮਾਨਿਤ ਕੀਤਾ ਗਿਆ ਸੀ। ਇਸ ਸਮੇਂ ਦੌਰਾਨ, ਐਡਿਨਬਰਗ ਦੇ ਤਤਕਾਲੀ ਡਿਊਕ ਅਤੇ ਉੱਥੇ ਮੌਜੂਦ ਯੂਨੀਵਰਸਿਟੀ ਦੇ ਚਾਂਸਲਰ ਪ੍ਰਿੰਸ ਫ਼ਿਲਿਪ ਨੇ ਸਭ ਦਾ ਧਿਆਨ ਆਪਣੀ ਪੱਗ ਅਤੇ ਇਸ ਦੇ ਰੰਗ ਵੱਲ ਖਿੱਚਿਆ, ਜਿਸ ਤੋਂ ਬਾਅਦ ਮਨਮੋਹਨ ਸਿੰਘ ਨੇ ਖੁਦ ਆਪਣੀ ਨੀਲੀ ਪੱਗ ਦਾ ਰਾਜ਼ ਖੋਲ੍ਹਿਆ।

ਉਹਨਾਂ ਨੇ ਦੱਸਿਆ ਸੀ ਕਿ ਜਦੋਂ ਉਹ ਕੈਂਬਰਿਜ ਯੂਨੀਵਰਸਿਟੀ ਵਿੱਚ ਪੜ੍ਹਦੇ ਸਨ, ਉਦੋਂ ਵੀ ਉਹ ਸਿਰਫ਼ ਨੀਲੀ ਪੱਗ ਬੰਨ੍ਹਦੇ ਸਨ। ਉਸਦੀ ਇਸ ਆਦਤ ਕਾਰਨ ਉਸਦੇ ਸਾਰੇ ਦੋਸਤ ਉਸਨੂੰ ‘ਨੀਲੀ ਪੱਗ’ ਕਹਿ ਕੇ ਬੁਲਾਉਂਦੇ ਸਨ ਅਤੇ ਇਹ ਉਸ ਸਮੇਂ ਉਸਦਾ ਉਪਨਾਮ ਬਣ ਗਿਆ ਸੀ। ਇਹ ਨੀਲਾ ਰੰਗ, ਜੋ ਉਨ੍ਹਾਂ ਦੇ ਕਾਲਜ ਦੇ

(ਬਾਕੀ ਸਫ਼ਾ 30 ’ਤੇ)

# ‘ਮਾਨਾ ਕਿ ਤੇਰੀ ਦੀਦ ਕੇ ਕਾਬਿਲ ਨਹੀਂ ਹੂੰ...’

## ਜਦੋਂ ਸੰਸਦ ’ਚ ਸੁਸ਼ਮਾ ਨੂੰ ਬੋਲੇ ਸੀ ਮਨਮੋਹਨ, ਖ਼ੂਬ ਵੱਜੀਆਂ ਸੀ ਤਾੜੀਆਂ

ਅਰਥ ਸ਼ਾਸਤਰ ਤੋਂ ਇਲਾਵਾ ਡਾ. ਮਨਮੋਹਨ ਸਿੰਘ ਦੀ ਇੱਕ ਹੋਰ ਖੇਤਰ ’ਚ ਵੀ ਦਿਲਚਸਪੀ ਰੱਖਦੇ ਸਨ। ਉਨ੍ਹਾਂ ਨੂੰ ਸ਼ਾਇਰੀ ਦਾ ਬਹੁਤ ਸ਼ੌਕ ਸੀ। ਮਨਮੋਹਨ ਸਿੰਘ ਭਾਵੇਂ ਘੱਟ ਬੋਲਦੇ ਸਨ, ਪਰ ਜਦੋਂ ਬੋਲਦੇ ਸੀ ਤਾਂ ਉਨ੍ਹਾਂ ਦੇ ਹਰ ਸ਼ਬਦ ਦੇ ਮਾਅਨੇ ਹੁੰਦੇ ਸਨ।

**ਮਨਮੋਹਨ ਨੂੰ ਪਸੰਦ ਸੀ ਸ਼ਾਇਰੀ**

ਮਨਮੋਹਨ ਸਿੰਘ ਨੇ ਜਦੋਂ ਵੀ ਪਾਰਲੀਮੈਂਟ ’ਚ ਸੰਬੋਧਨ ਕੀਤਾ ਤਾਂ ਉਸ ਵਿਚ ਸ਼ਾਇਰੀ ਜ਼ਰੂਰ ਹੁੰਦੀ ਸੀ। ਵਿਰੋਧੀਆਂ ਨੂੰ ਜਵਾਬ ਦੇਣ ਲਈ ਡਾ. ਸਿੰਘ ਨੇ ਸ਼ਾਇਰੀ ਦੀ ਭਰਪੂਰ ਵਰਤੋਂ ਕੀਤੀ। ਉਸ ਸਮੇਂ ਦੀ ਲੋਕ ਸਭਾ ’ਚ ਵਿਰੋਧੀ ਧਿਰ ਦੀ ਨੇਤਾ ਅਤੇ ਭਾਜਪਾ ਦੀ ਸੀਨੀਅਰ ਨੇਤਾ ਸੁਸ਼ਮਾ ਸਵਰਾਜ ਨਾਲ ਉਨ੍ਹਾਂ ਦੀ ਸ਼ਾਇਰੀ ’ਤੇ ਕਾਫ਼ੀ ਜੁਗਲਬੰਦੀ ਹੁੰਦੀ ਸੀ। ਇਹ ਉਹ ਦੌਰ ਸੀ ਜਦੋਂ ਅੱਜ ਵਾਂਗ ਸੰਸਦ ’ਚ ਸੱਤਾਧਾਰੀ ਧਿਰ ਅਤੇ ਵਿਰੋਧੀ ਧਿਰ ਦਰਮਿਆਨ ਤਲਵਾਰਾਂ ਨਹੀਂ ਸਨ ਚੱਲਦੀਆਂ। ਮਨਮੋਹਨ ਦੀ ਸ਼ਾਇਰੀ ਦੀ ਦੋਵਾਂ ਪਾਸਿਓਂ ਖ਼ੂਬ ਤਾਰੀਫ਼ ਹੁੰਦੀ ਸੀ। ਉਸ ਦੌਰ ਦੀਆਂ ਉਨ੍ਹਾਂ ਦੀਆਂ ਕਈ ਵੀਡੀਓਜ਼ ਵੀ ਵਾਇਰਲ ਵੀ ਹੁੰਦੀਆਂ ਰਹੀਆਂ ਹਨ।



**ਜਦੋਂ ਸੁਸ਼ਮਾ ਨਾਲ ਹੋਈ ਜੁਗਲਬੰਦੀ**

ਡਾ. ਮਨਮੋਹਨ ਸਿੰਘ 15ਵੀਂ ਲੋਕ ਸਭਾ ’ਚ ਭਾਰਤ ਦੇ ਪ੍ਰਧਾਨ ਮੰਤਰੀ ਸਨ। ਉਸ ਸਮੇਂ ਸੁਸ਼ਮਾ ਸਵਰਾਜ ਲੋਕ ਸਭਾ ’ਚ ਵਿਰੋਧੀ ਧਿਰ ਦੀ ਨੇਤਾ ਹੁੰਦੇ ਸਨ। ਦੋਵਾਂ ਨੇ ਸੰਸਦ ’ਚ ਆਪਣੇ ਸੰਬੋਧਨ ਦੌਰਾਨ ਸ਼ਾਇਰੀ ਦੀ ਖ਼ੂਬ ਵਰਤੋਂ ਕੀਤੀ। ਮਾਰਚ 2011 ’ਚ ਵਿਕੀਲੀਕਸ ਨੂੰ ਲੈ ਕੇ ਸੰਸਦ ’ਚ ਕਾਫ਼ੀ ਹੰਗਾਮਾ ਹੋਇਆ ਸੀ।

ਕਾਂਗਰਸ ’ਤੇ 2008 ਦੇ ਭਰੋਸੇ ਦੇ ਵੋਟ ਦੌਰਾਨ ਸੰਸਦ ਮੈਂਬਰਾਂ ਨੂੰ ਰਿਸ਼ਵਤ ਦੇਣ ਦਾ ਦੋਸ਼ ਸੀ। ਇਸ ’ਤੇ ਸੁਸ਼ਮਾ ਸਵਰਾਜ ਨੇ ਡਾ. ਸਿੰਘ ’ਤੇ ਹਮਲਾ ਬੋਲਦਿਆਂ ਸ਼ਹਾਬ ਜਾਫ਼ਰੀ ਦੀਆਂ ਲਾਈਨਾਂ ਪੜ੍ਹੀਆਂ- ਤੂ ਇਧਰ ਉਧਰ ਕੀ ਬਾਤ ਮਤ ਕਰ, ਯੇ ਬਤਾ ਕਿ ਕਾਫ਼ਿਲਾ ਕਿਉਂ ਲੁਟਾ, ਹਮੇਂ ਰਹਿਜਨੋਂ ਸੇ ਗਿਲਾ ਨਹੀਂ, ਤੇਰੀ ਰਹਿਬਰੀ ਕਾ ਸਵਾਲ ਹੈ।

ਡਾ. ਮਨਮੋਹਨ ਸਿੰਘ ਨੇ ਵੀ ਸੁਸ਼ਮਾ ਦੇ ਦੋਸ਼ਾਂ ’ਤੇ ਸ਼ਾਇਰੀ ਨਾਲ ਹੀ ਜਵਾਬ ਦਿੱਤਾ। ਉਨ੍ਹਾਂ ਅੱਲਾਮਾ ਇਕਬਾਲ ਦੀਆਂ ਲਾਈਨਾਂ ਪੜ੍ਹਦੇ ਹੋਏ ਕਿਹਾ - ਮਾਨਾ ਕਿ ਤੇਰੀ ਦੀਦ ਕੇ ਕਾਬਿਲ ਨਹੀਂ ਹੂੰ ਮੈਂ, ਤੂ ਮੇਰਾ ਸ਼ੌਕ ਦੇਖ ਮੇਰਾ ਇੰਤਜ਼ਾਰ ਦੇਖ।

**ਸੰਬੋਧਨ ’ਤੇ ਚਰਚਾ ਦੌਰਾਨ ਸ਼ਾਇਰੀ**

ਦੋਵਾਂ ਨੇਤਾਵਾਂ ਵਿਚਾਲੇ ਇੱਕ ਹੋਰ ਮੌਕਾ 2013 ’ਚ ਆਇਆ। ਰਾਸ਼ਟਰਪਤੀ ਦੇ ਭਾਸ਼ਣ ’ਤੇ ਧੰਨਵਾਦ ਦੇ ਮਤੇ ’ਤੇ ਚਰਚਾ ਕਰਦਿਆਂ ਦੋਵਾਂ ਨੇਤਾਵਾਂ ਨੇ ਸ਼ਾਇਰੀ ਦੀ ਵਰਤੋਂ ਕੀਤੀ। ਮਿਰਜ਼ਾ ਗ਼ਾਲਿਬ ਦੀ ਸ਼ਾਇਰੀ ਦੀ ਵਰਤੋਂ ਕਰਦਿਆਂ ਡਾ. ਸਿੰਘ ਨੇ ਕਿਹਾ- ਹਮੇਂ ਉਨਸੇ ਵਫ਼ਾ ਕੀ ਉਮੀਦ ਹੈ, ਜੋ ਨਹੀਂ ਜਾਨਤੇ ਕਿ ਵਫ਼ਾ ਕਯਾ ਹੈ।

ਇਸ ਦਾ ਜਵਾਬ ਸੁਸ਼ਮਾ ਸਵਰਾਜ ਨੇ ਦੋ ਸ਼ਾਇਰੀਆਂ ਨਾਲ ਦਿੱਤਾ। ਪਹਿਲਾ ਬਸ਼ੀਰ ਬਦਰ ਦਾ ਸੀ - ਕੁਛ ਤੋਂ ਮਜਬੂਰੀਆਂ ਰਹੀ ਹੋਂਗੀ, ਯੂੰ ਹੀ ਕੋਈ ਬੇਵਫ਼ਾ ਨਹੀਂ ਹੋਤਾ। ਦੂਸਰਾ ਸ਼ੇਅਰ ਪੜ੍ਹਦੇ ਹੋਏ, ਉਨ੍ਹਾਂ ਕਿਹਾ - ਤੁਮਹੇ ਵਫ਼ਾ ਯਾਦ ਨਹੀਂ, ਹਮੇਂ ਜਫ਼ਾ ਯਾਦ ਨਹੀਂ। ਜ਼ਿੰਦਗੀ ਔਰ ਮੌਤ ਕੇ ਦੋ ਹੀ ਤਰਾਨੇ ਹੈਂ, ਏਕ ਤੁਮਹੇ ਯਾਦ ਨਹੀਂ, ਏਕ ਹਮੇਂ ਯਾਦ ਨਹੀਂ।

## ਮਾਮਲਾ ਹਿੰਦੂ ਭਾਈਚਾਰੇ ਦੇ ਇਸਾਈਕਰਨ ਦਾ

# ਹਰਿਆਣਾ ਦੇ ਅੰਬਾਲਾ ਅਤੇ ਰੋਹਤਕ 'ਚ ਹਿੰਦੂਤਵੀ ਸੰਗਠਨਾਂ ਨੇ ਇਸਾਈ ਪ੍ਰਾਰਥਨਾ ਰੋਕੀ

## ਇਸਾਈ ਪ੍ਰਚਾਰਕ ਵੱਲੋਂ ਦੋਸ਼- ਔਰਤਾਂ, ਬੱਚਿਆਂ 'ਤੇ ਹਮਲਾ ਕੀਤਾ ਗਿਆ

## ਪਾਦਰੀ ਵਿਕਰਮ ਦਾ ਦਾਅਵਾ ਕਿ ਪੁਲਿਸ ਨੇ ਦੋਸ਼ੀ ਨਹੀਂ ਫੜੇ



ਹਰਿਆਣਾ ਵਿੱਚ ਕ੍ਰਿਸਮਿਸ ਦੇ ਮੌਕੇ 'ਤੇ ਇਸਾਈ ਭਾਈਚਾਰੇ ਦੁਆਰਾ ਆਯੋਜਿਤ ਇਸਾਈ ਪ੍ਰਾਰਥਨਾ ਵਿੱਚ ਦੱਖਣਪੰਥੀ ਹਿੰਦੂ ਕਾਰਕੁਨਾਂ ਵੱਲੋਂ ਵਿਘਨ ਪਾਉਣ ਤੋਂ ਬਾਅਦ, ਰਾਸ਼ਟਰੀ ਬਜਰੰਗ ਦਲ ਅਤੇ ਵਿਸ਼ਵ ਹਿੰਦੂ ਪ੍ਰੀਸ਼ਦ (ਵੀ.ਐਚ.ਪੀ.) ਦੇ ਕਾਰਕੁਨਾਂ ਨੇ ਬੀਤੇ ਦਿਨੀਂ ਅੰਬਾਲਾ ਅਤੇ ਰੋਹਤਕ ਵਿੱਚ ਇਸਾਈ ਭਾਈਚਾਰੇ ਦੁਆਰਾ ਆਯੋਜਿਤ ਪ੍ਰਾਰਥਨਾ ਵਿੱਚ ਵਿਘਨ ਪਾਇਆ। ਦੋਵਾਂ ਮਾਮਲਿਆਂ ਵਿੱਚ ਪੁਲਿਸ ਕੋਲ ਸ਼ਿਕਾਇਤ ਦਰਜ ਕਰਵਾਈ ਗਈ ਹੈ। ਇਸ ਦੌਰਾਨ ਹਿੰਦੂ ਸੰਗਠਨਾਂ ਨੇ ਇਸਾਈ ਭਾਈਚਾਰੇ ਵੱਲੋਂ ਜ਼ਬਰਦਸਤੀ ਧਰਮ ਪਰਿਵਰਤਨ ਕਰਵਾਉਣ ਦਾ ਦੋਸ਼ ਲਾਉਂਦਿਆਂ ਸ਼ਿਕਾਇਤ ਦਰਜ ਕਰਵਾਈ ਹੈ।

ਅੰਬਾਲਾ ਜ਼ਿਲ੍ਹੇ ਦੇ ਬਰਨਾਲਾ ਪਿੰਡ ਵਿੱਚ ਪਾਦਰੀ ਵਿਕਰਮ ਵੱਲੋਂ ਦਰਜ ਕਰਵਾਈ ਗਈ ਐਫ.ਆਈ.ਆਰ. ਅਨੁਸਾਰ ਬਜਰੰਗ ਦਲ ਦੇ ਮੈਂਬਰਾਂ ਨੇ 100 ਦੇ ਕਰੀਬ ਲੋਕਾਂ ਦੀ ਹਾਜ਼ਰੀ ਵਿੱਚ ਜੈ ਸ਼੍ਰੀ ਰਾਮ ਦੇ ਨਾਅਰੇ ਲਗਾ ਕੇ ਕੀਤੀ ਪ੍ਰਾਰਥਨਾ ਵਿੱਚ ਵਿਘਨ ਪਾਇਆ। ਪ੍ਰਦਰਸ਼ਨਕਾਰੀਆਂ ਨੇ ਸਟੇਜ 'ਤੇ ਹਨੂੰਮਾਨ ਚਾਲੀਸਾ ਦਾ ਪਾਠ ਕਰਨਾ ਸ਼ੁਰੂ ਕਰ ਦਿੱਤਾ ਅਤੇ ਹਾਜ਼ਰ ਲੋਕਾਂ ਨੂੰ ਚਲੇ ਜਾਣ ਲਈ ਕਿਹਾ।

ਪਾਦਰੀ ਵਿਕਰਮ - ਜਿਸਦੀ ਸ਼ਿਕਾਇਤ ਉਪਰ ਐਫ.ਆਈ.ਆਰ. ਦਰਜ ਹੋਈ ਹੈ - ਨੇ ਇਹ ਵੀ ਦੋਸ਼ ਲਗਾਇਆ ਕਿ ਭਗਵੇਂਵਾਦੀਆਂ ਨੇ ਔਰਤਾਂ ਅਤੇ ਬੱਚਿਆਂ 'ਤੇ ਹਮਲਾ ਕੀਤਾ, ਉਨ੍ਹਾਂ ਵਿੱਚੋਂ ਕੁਝ ਨੂੰ ਜ਼ਖਮੀ ਕੀਤਾ ਅਤੇ ਮੀਟਿੰਗ ਵਾਲੀ ਥਾਂ 'ਤੇ ਇੱਟਾਂ ਮਾਰਕੇ ਜਾਇਦਾਦ ਨੂੰ ਨੁਕਸਾਨ ਪਹੁੰਚਾਇਆ। ਉਸਨੇ ਕਿਹਾ ਕਿ ਮੈਂ ਪਿਛਲੇ ਚਾਰ ਸਾਲਾਂ ਤੋਂ ਇਸ ਥਾਂ 'ਤੇ ਸ਼ਾਂਤੀ ਨਾਲ ਪ੍ਰਾਰਥਨਾ ਕਰ ਰਿਹਾ ਹਾਂ, ਪਰ ਅਜਿਹਾ ਪਹਿਲੀ ਵਾਰ ਵਾਪਰਿਆ ਹੈ। ਬਹੁਤ ਸਾਰੇ ਇਸਾਈ ਜ਼ਖਮੀ ਹੋ ਗਏ ਅਤੇ ਜਾਇਦਾਦ ਨੂੰ ਨੁਕਸਾਨ ਪਹੁੰਚਿਆ।

ਹਮਲੇ 'ਤੇ ਗੁੱਸਾ ਜ਼ਾਹਰ ਕਰਦਿਆਂ, ਉਸਨੇ ਕਿਹਾ ਕਿ ਪੁਲਿਸ ਨੇ ਸਾਡੀ ਐਫ.ਆਈ.ਆਰ. ਦਰਜ ਕਰ ਲਈ ਹੈ, ਪਰ ਉਹ ਅਪਰਾਧ ਕਰਨ ਵਾਲੇ ਭਗਵੇਂ ਬਦਮਾਸ਼ਾਂ ਵਿਰੁੱਧ ਕਾਰਵਾਈ ਕਰਨ ਦੇ ਮੂਡ ਵਿੱਚ ਨਹੀਂ ਹਨ। ਉਸ ਨੇ ਦੋਸ਼ ਲਾਇਆ ਕਿ ਪੁਲਿਸ ਸੱਤਾਧਾਰੀ ਪਾਰਟੀ ਦੇ ਕੁਝ ਪ੍ਰਭਾਵਸ਼ਾਲੀ ਲੋਕਾਂ ਦੇ ਦਬਾਅ ਹੇਠ ਸਾਡੇ ਖ਼ਿਲਾਫ਼ ਕਰਾਸ ਐੱਫ.ਆਈ.ਆਰ. ਕਰਨ ਦੇ ਦਬਾਅ ਹੇਠ ਹੈ। ਉਸਨੇ ਕਿਹਾ ਕਿ ਜੇਕਰ ਕੋਈ ਕਾਰਵਾਈ ਨਾ ਹੋਈ ਤਾਂ ਅਸੀਂ ਸੜਕਾਂ 'ਤੇ ਉੱਤਰ ਕੇ ਪ੍ਰਦਰਸ਼ਨ ਕਰਾਂਗੇ।

ਅੰਬਾਲਾ ਜ਼ਿਲ੍ਹੇ ਦੇ ਪੰਜੋਖਰਾ ਥਾਣੇ ਦੇ ਐਸ.ਐਚ.ਓ. ਵਿਕਰਾਂਤ ਸਿੰਘ ਨੇ ਦੱਸਿਆ ਕਿ ਦੋਵਾਂ ਗਰੁੱਪਾਂ ਨੇ ਸ਼ਿਕਾਇਤਾਂ ਦਰਜ ਕਰਵਾਈਆਂ ਹਨ। ਹਾਲਾਂਕਿ ਹੁਣ ਤੱਕ ਐਫ.ਆਈ.ਆਰ. ਸਿਰਫ਼ ਪਾਸਟਰ ਵਿਕਰਮ ਦੀ ਸ਼ਿਕਾਇਤ 'ਤੇ ਦਰਜ ਕੀਤੀ ਗਈ ਹੈ ਨਾ ਕਿ ਦੂਜੀ ਧਿਰ ਵੱਲੋਂ। ਪਾਸਟਰ ਵਿਕਰਮ ਦੀ ਸ਼ਿਕਾਇਤ ਦੇ ਆਧਾਰ 'ਤੇ ਦਰਜ ਕੀਤੀ ਗਈ ਐਫ.ਆਈ.ਆਰ. ਵਿੱਚ ਬਜਰੰਗ ਦਲ ਦੇ ਜ਼ਿਲ੍ਹਾ ਪ੍ਰਧਾਨ ਦੇਵੀ ਦਿਆਲ ਨੂੰ ਮੁੱਖ ਮੁਲਜ਼ਮ ਬਣਾਇਆ ਗਿਆ ਹੈ। ਦਿੱਤੀ ਸ਼ਿਕਾਇਤ ਵਿੱਚ ਪਾਦਰੀ ਵਿਕਰਮ ਅਨੁਸਾਰ ਇਸਾਈ ਭਾਈਚਾਰੇ ਦੇ ਮੈਂਬਰ, ਜਿਨ੍ਹਾਂ ਵਿੱਚ ਜ਼ਿਆਦਾਤਰ ਔਰਤਾਂ ਅਤੇ ਬੱਚੇ ਸਨ, ਅੰਬਾਲਾ ਦੇ ਬਰਨਾਲਾ ਪਿੰਡ ਖੇਤਰ ਵਿੱਚ ਐਤਵਾਰ ਦੁਪਹਿਰ 12 ਵਜੇ ਦੇ ਕਰੀਬ ਇੱਕ ਹਾਲ ਵਿੱਚ ਪ੍ਰਾਰਥਨਾ ਕਰ ਰਹੇ ਸਨ, ਜਦੋਂ ਕੁਝ ਸ਼ਰਾਰਤੀ ਅਨਸਰਾਂ ਨੇ ਗੱਡੀਆਂ ਘੋੜਿਆਂ 'ਤੇ ਸਵਾਰ ਹੋ ਕੇ ਉਥੇ ਪਹੁੰਚੇ ਅਤੇ ਜੈ ਸ਼੍ਰੀ ਰਾਮ ਦੇ ਨਾਅਰੇ ਲਾਉਂਦੇ ਹੋਏ ਸ਼ਰਧਾਲੂਆਂ ਨੂੰ ਜ਼ਬਰਦਸਤੀ ਰੋਕਿਆ ਗਿਆ ਅਤੇ ਔਰਤਾਂ ਅਤੇ ਬੱਚਿਆਂ ਨੂੰ ਕੁੱਟਣਾ ਸ਼ੁਰੂ ਕਰ ਦਿੱਤਾ ਗਿਆ। ਔਰਤਾਂ ਨਾਲ ਬੇਹੂਦੀਆਂ ਹਰਕਤਾਂ ਕੀਤੀਆਂ। ਜਦੋਂ ਮੈਂ ਉਨ੍ਹਾਂ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਤਾਂ ਉਨ੍ਹਾਂ ਨੇ ਯਿਸੂ ਮਸੀਹ ਦਾ ਮਜ਼ਾਕ ਉਡਾਇਆ ਅਤੇ ਮੈਨੂੰ ਜਾਨੋਂ ਮਾਰਨ ਦੀ ਧਮਕੀ ਦਿੱਤੀ।


ਦੂਜੇ ਪਾਸੇ ਭਗਵੇਂ ਨੇਤਾ ਦੇਵੀ ਦਿਆਲ ਨੇ ਦੋਸ਼ਾਂ ਤੋਂ ਇਨਕਾਰ ਕੀਤਾ ਅਤੇ ਦਾਅਵਾ ਕੀਤਾ ਕਿ ਸਾਡੀ ਜਥੇਬੰਦੀ ਨੇ ਧਾਰਮਿਕ ਪਰਿਵਰਤਨ ਦਾ ਦੋਸ਼ ਲਗਾਉਣ ਵਾਲੇ ਸਥਾਨਕ ਹਿੰਦੂ ਭਾਈਚਾਰੇ ਦੀ ਸ਼ਿਕਾਇਤ 'ਤੇ ਕਾਰਵਾਈ ਕੀਤੀ ਸੀ। ਦੇਵੀ ਦਿਆਲ ਨੇ ਦੱਸਿਆ ਕਿ ਸਾਡੇ ਮੈਂਬਰ ਧਰਮ ਪਰਿਵਰਤਨ ਦੀ ਸ਼ਿਕਾਇਤ ਮਿਲਣ ਤੋਂ ਬਾਅਦ ਬਰਨਾਲਾ ਚਲੇ ਗਏ ਸਨ। ਅਸੀਂ ਉੱਥੇ ਪੁਜਾਰੀ ਨੂੰ ਲੋਕਾਂ ਨੂੰ ਧਰਮ ਪਰਿਵਰਤਨ ਲਈ ਉਤਸ਼ਾਹਿਤ ਕਰਨ ਤੋਂ ਰੋਕਣ ਲਈ ਗਏ ਸੀ। ਉਨ੍ਹਾਂ ਨੇ ਸਾਡੇ ਮੈਂਬਰਾਂ ਨਾਲ ਦੁਰਵਿਵਹਾਰ ਕਰਨਾ ਸ਼ੁਰੂ ਕਰ ਦਿੱਤਾ ਅਤੇ ਸਾਡੇ ਇੱਕ ਮੈਂਬਰ ਦੇ ਸਿਰ 'ਤੇ ਸੱਟ ਲੱਗ ਗਈ, ਜਿਸ ਕਾਰਨ ਲੜਾਈ ਹੋ ਗਈ। ਅਸੀਂ ਉਨ੍ਹਾਂ ਵਿਰੁੱਧ ਕਾਰਵਾਈ ਦੀ ਮੰਗ ਕਰਦੇ ਹੋਏ ਸ਼ਿਕਾਇਤ ਦਰਜ ਕਰਵਾਈ ਸੀ।

ਰੋਹਤਕ ਵਿੱਚ ਧਾਰਮਿਕ ਆਗੂ ਪਰਵੀਨ ਸਿੰਘ ਨੇ ਦੋਸ਼ ਲਾਇਆ ਕਿ ਵੀ.ਐਚ.ਪੀ. ਅਤੇ ਬਜਰੰਗ ਦਲ ਦੇ ਮੈਂਬਰ ਐਤਵਾਰ ਨੂੰ ਚਰਚ ਵਿੱਚ ਪੁੱਜੇ ਅਤੇ ਉਨ੍ਹਾਂ ਨੂੰ ਧਰਮ ਬਦਲੀ ਤੋਂ ਰੋਕਣ ਲਈ ਕਿਹਾ। ਸਿੰਘ ਨੇ ਦੋਸ਼ ਲਗਾਇਆ ਕਿ ਅਸੀਂ ਕ੍ਰਿਸਮਿਸ ਦਿਵਸ ਅਤੇ ਇਸ ਘਟਨਾ ਬਾਰੇ ਐਸ.ਪੀ. (ਸੁਪਰਡੈਂਟ ਆਫ ਪੁਲਿਸ) ਨੂੰ ਲਿਖਤੀ ਸ਼ਿਕਾਇਤ ਦਿੱਤੀ ਹੈ, ਪਰ ਕੋਈ ਕਾਰਵਾਈ ਨਹੀਂ ਕੀਤੀ ਗਈ।

ਵੀ.ਐਚ.ਪੀ. ਦੇ ਰਾਸ਼ਟਰੀ ਬੁਲਾਰੇ ਵਿਨੋਦ ਬਾਂਸਲ ਨੇ ਕਿਹਾ ਕਿ ਸੰਗਠਨ ਕ੍ਰਿਸਮਿਸ ਦਿਵਸ ਦੇ ਪ੍ਰੋਗਰਾਮਾਂ ਜਾਂ ਇਸਾਈ ਭਾਈਚਾਰੇ ਦੀਆਂ ਪ੍ਰਾਰਥਨਾਵਾਂ ਵਿੱਚ ਕਦੇ ਵੀ ਰੁਕਾਵਟ ਨਹੀਂ ਪੈਦਾ ਕਰਦਾ। ਹਾਲਾਂਕਿ, ਉਨ੍ਹਾਂ ਕਿਹਾ ਕਿ ਜਦੋਂ ਵੀ ਜਬਰੀ ਧਰਮ ਪਰਿਵਰਤਨ ਦੀਆਂ ਸ਼ਿਕਾਇਤਾਂ ਆਉਂਦੀਆਂ ਹਨ ਤਾਂ ਸਮੂਹ ਪੁਲਿਸ ਦੀ ਮਦਦ ਨਾਲ ਦਖਲਅੰਦਾਜ਼ੀ ਕਰਦਾ ਹੈ, ਕਿਉਂਕਿ ਇਹ ਅਪਰਾਧ ਹੈ। ਹਰਿਆਣਾ ਗੈਰਕਾਨੂੰਨੀ ਧਰਮ ਪਰਿਵਰਤਨ ਦੀ ਰੋਕਥਾਮ

(ਬਾਕੀ ਸਫ਼ਾ 31 'ਤੇ)

## ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ ਬਾਰੇ ਵਿਚਾਰ ਚਰਚਾ



ਪਿਛਲੇ ਕੁੱਝ ਸਮੇਂ ਤੋਂ ਕੌਮੀ ਹਲਕਿਆਂ ਵਿੱਚ ਪੱਛਮ, ਆਧੁਨਿਕਤਾ, ਰਾਸ਼ਟਰਵਾਦ ਅਤੇ ਨੇਸ਼ਨ- ਸਟੇਟ ਦੇ ਸਿੱਖ ਪਰੰਪਰਾਵਾਂ ਦੇ ਵਿਰੋਧ ਬਾਰੇ ਵਿਵਾਦ ਚੱਲ ਰਿਹਾ ਹੈ। ਇਸ ਵਿਵਾਦ ਦਾ ਸਿਧਾਂਤਕ ਆਧਾਰ ਖਾਸ ਕਰਕੇ ਉੱਤਰ- ਬਸਤੀਵਾਦੀ ਵਿਚਾਰਾਂ ਤੋਂ ਪੈਦਾ ਹੋਈ ਯੂਰਪ ਕੇਂਦ੍ਰਿਤ ਵਿਰੋਧਤਾ ਹੈ ਪਰ ਇੰਨਾਂ ਸਾਰੇ ਵਰਤਾਰਿਆਂ ਦੇ ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ 'ਤੇ ਡੂੰਘੇ ਅਸਰ ਪਏ ਹਨ। ਇਸ ਕਰਕੇ ਇੰਨਾਂ ਵਰਤਾਰਿਆਂ ਸਬੰਧੀ ਵੱਡੀ ਸਿਧਾਂਤਕ ਚਰਚਾ ਦੀ ਜ਼ਰੂਰਤ ਹੈ। ਆਸ ਹੈ ਕਿ ਕੌਮੀ ਤੌਰ 'ਤੇ ਚੇਤੰਨ ਸਿੱਖ ਇਸ ਚਰਚਾ ਵਿੱਚ ਆਪਣਾ ਵਿਚਾਰਕ ਹਿੱਸਾ ਪਾਉਣਗੇ। ਇਸ ਸਬੰਧੀ ਵਿਦਵਾਨ ਲੇਖਕ ਆਪਣੇ ਵਿਚਾਰ 500 ਸ਼ਬਦਾਂ ਵਿੱਚ ਯੂਨੀਕੋਡ ਜਾਂ ਸਤਲੁਜ ਫੌਂਟ ਵਿੱਚ ਲਿਖ ਕੇ ਈਮੇਲ ਰਾਹੀਂ ਭੇਜ ਸਕਦੇ ਹਨ

ਈ ਮੇਲ : asrtimes@gmail.com


CAPITAL SERVICES
INSURANCE | VEHICLE REG. | IMMIGRATION | NOTARY PUBLIC | LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO • HOME • TRUCK • BUSINESS • LIFE • MEDICAL

ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜ਼ਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services.

Vehicle Registration
(Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Lic.43779

Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.


Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us




ALL STATE INSURANCE
Allstate You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS

Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544



CAPITAL DRUG TESTING
Capital DRUG TESTING
Drug and Alcohol Test
DOT / NON DOT
PRE EMPLOYMENT - RANDOM
POST ACCIDENT - REASONABLE SUSPICION
Services: DOT Random Prog., FMCSA Clearinghouse, DOT Supervisor Training, SAP Classes Etc.
Lab. Ph:(916) 680-9293
6624 Florin Road
Sacramento CA, 95828
Email: capitaldrugtest@gmail.com
Website: www.capitaldrugtest.com


# ਪਿਛਲੇ 100 ਸਾਲਾਂ ਦੌਰਾਨ ਕਈ ਉਤਰਾਅ-ਚੜ੍ਹਾਅ ਵੇਖ ਚੁੱਕਾ ਹੈ ਫ਼ਤਹਿਗੜ੍ਹ ਸਾਹਿਬ ਦੀ ਸ਼ਹੀਦੀ ਸਭਾ ਦਾ ਸਰੂਪ

## ਪਿਛਲੇ ਸਮੇਂ ਦੌਰਾਨ ਸੰਗਤ ਨੇ ਦੇਖੀਆਂ ਸ਼ਹੀਦੀ ਸਭਾ 'ਚ ਬਹੁਤ ਤਬਦੀਲੀਆਂ

**ਬਜ਼ੁਰਗਾਂ ਅਨੁਸਾਰ ਕਈ ਦਹਾਕੇ ਪਹਿਲਾਂ ਸ਼ਹੀਦੀ ਸਭਾ ਦੌਰਾਨ ਹਰ ਪਾਸੇ ਵੈਰਾਗਮਈ ਮਾਹੌਲ ਹੁੰਦਾ ਸੀ। ਸ਼ਰਧਾ ਅਤੇ ਸਤਿਕਾਰ ਵਜੋਂ ਲੋਕ ਭੁੰਜੇ ਸੌਂਦੇ ਹੁੰਦੇ ਸਨ। ਔਰਤਾਂ ਚਿੱਟੀਆਂ ਚੁੰਨੀਆਂ ਅਤੇ ਮਰਦ ਚਿੱਟੀਆਂ ਪੱਗਾਂ ਬੰਨ੍ਹ ਕੇ ਫ਼ਤਹਿਗੜ੍ਹ ਸਾਹਿਬ ਵਿਖੇ ਸ਼ਹੀਦੀ ਸਭਾ ਵਿੱਚ ਪਹੁੰਚਦੇ ਹੁੰਦੇ ਸਨ।**





ਫਤਹਿਗੜ੍ਹ ਸਾਹਿਬ/ ਏ.ਟੀ.ਨਿਊਜ਼ : ਫ਼ਤਹਿਗੜ੍ਹ ਸਾਹਿਬ ਦੀ ਸ਼ਹੀਦੀ ਸਭਾ ਦਾ ਸਰੂਪ ਪਿਛਲੇ 100 ਸਾਲਾਂ ਦੌਰਾਨ ਕਈ ਉਤਰਾਅ-ਚੜ੍ਹਾਅ ਵੇਖ ਚੁੱਕਾ ਹੈ। ਸ਼ਹੀਦੀ ਸਭਾ ਵਿੱਚ ਸ਼ਮੂਲੀਅਤ ਲਈ ਕਿਸੇ ਸਮੇਂ ਬਹੁਤ ਥੋੜ੍ਹੀ ਗਿਣਤੀ ਵਿੱਚ ਬੈਲ ਗੱਡਿਆਂ 'ਤੇ ਸ਼ੁਰੂ ਹੋਈ ਸ਼ਰਧਾਲੂਆਂ ਦੀ ਗਿਣਤੀ ਅੱਜ ਲੱਖਾਂ ਤੱਕ ਪਹੁੰਚ ਚੁੱਕੀ ਹੈ ਅਤੇ ਗੱਡਿਆ ਦੀ ਥਾਂ ਅੱਜ ਮਹਿੰਗੀਆਂ ਗੱਡੀਆਂ ਲੈਂਡ ਕਰੂਜ਼ਰ, ਫਾਰਚੂਨਰ ਆਦਿ ਨੇ ਲੈ ਲਈ ਹੈ। ਪਿਛਲੇ ਸਮੇਂ ਦੌਰਾਨ ਸੰਗਤਾਂ ਨੇ ਸ਼ਹੀਦੀ ਸਭਾ ਵਿੱਚ ਬਹੁਤ ਤਬਦੀਲੀਆਂ ਦੇਖੀਆਂ ਹਨ।

ਕਈ ਬਜ਼ੁਰਗ ਦੱਸਦੇ ਹਨ ਕਿ ਕਦੇ ਲੋਕ ਬੈਲ ਗੱਡਿਆਂ ਵਿੱਚ ਸੰਗਤ ਲਈ ਲੰਗਰ ਦਾ ਸਾਮਾਨ ਲੱਦ ਕੇ ਆਉਂਦੇ ਸਨ। ਸ਼ਹੀਦੀ ਸਥਾਨਾਂ 'ਤੇ ਆ ਕੇ ਲੋਕ ਭਾਵੁਕਤਾ ਵੱਸ ਰੋਂਦੇ ਹੁੰਦੇ ਸਨ। ਸ਼ਰਧਾ ਅਤੇ ਸਤਿਕਾਰ ਵਜੋਂ ਲੋਕ ਭੁੰਜੇ ਸੌਂਦੇ। ਔਰਤਾਂ ਚਿੱਟੀਆਂ ਚੁੰਨੀਆਂ ਅਤੇ ਮਰਦ ਚਿੱਟੀਆਂ ਪੱਗਾਂ ਬੰਨ੍ਹ ਕੇ ਫ਼ਤਹਿਗੜ੍ਹ ਸਾਹਿਬ ਵਿਖੇ ਸ਼ਹੀਦੀ ਸਭਾ ਵਿੱਚ ਪਹੁੰਚਦੇ। ਸਾਹਿਬਜ਼ਾਦਿਆਂ ਦੀ ਸ਼ਹਾਦਤ ਦਾ ਲੋਕ ਮਨਾਂ ਉੱਤੇ ਇੰਨਾ ਪ੍ਰਭਾਵ ਸੀ ਕਿ ਉਹ ਸਵੇਰੇ-ਸਵੇਰੇ ਸਰਹਿੰਦ ਦਾ ਨਾਂ ਲੈਣਾ ਵੀ ਚੰਗਾ ਨਹੀਂ ਸੀ ਸਮਝਦੇ। ਲੋਕਾਂ ਵਿੱਚ ਵੈਰਾਗ ਇੰਨਾ ਹੁੰਦਾ ਸੀ ਕਿ ਸ਼ਹੀਦੀ ਦਿਹਾੜਿਆਂ ਮੌਕੇ ਉਨ੍ਹਾਂ ਦੇ ਘਰਾਂ ਵਿੱਚ ਰੋਟੀ ਨਾ ਪੱਕਦੀ, ਘਰਾਂ 'ਚ ਚੁੱਲ੍ਹੇ ਨਹੀਂ ਸੀ ਬਾਲੇ ਜਾਂਦੇ। ਘਰਾਂ ਦਾ ਸਾਰਾ ਦੁੱਧ ਇਕੱਠਾ ਕਰਕੇ ਸ਼ਹੀਦੀ ਸਭਾ 'ਚ ਸੰਗਤ ਲਈ ਲਿਜਾਇਆ ਜਾਂਦਾ ਸੀ।

ਸਮੇਂ ਦੇ ਨਾਲ ਇਹ ਸਭਾ ਮੇਲੇ ਦਾ ਰੂਪ ਧਾਰਨ ਕਰਦੀ ਗਈ। ਇੱਕ ਸਮਾਂ ਅਜਿਹਾ ਵੀ ਆਇਆ ਜਦੋਂ ਇਹ ਸਭਾ ਮਨੋਰੰਜਨ ਦਾ ਸਾਧਨ ਬਣ ਗਈ। ਆਮ ਮੇਲਿਆਂ ਵਾਂਗ ਇੱਥੇ ਰਾਜਨੀਤਿਕ ਦਲ ਸਿਆਸੀ ਕਾਨਫ਼ਰੰਸਾਂ ਲਗਾ ਕੇ ਸਿਆਸੀ ਰੋਟੀਆਂ ਸੇਕਣ ਲੱਗੇ, ਸਰਕਸਾਂ ਸ਼ੁਰੂ ਹੋ ਗਈਆਂ, ਚੰਡੋਲ, ਝੂਲੇ, ਮੌਤ ਦੇ ਖੂਹ ਅਤੇ ਹੋਰ ਤਮਾਸ਼ੇ ਲੱਗਣ ਲੱਗ ਪਏ। ਤੜਕ-ਭੜਕ ਵਾਲੇ ਡਾਂਸ ਪ੍ਰੋਗਰਾਮ ਵੀ ਲੱਗਣ ਲੱਗੇ। ਸ਼ਹੀਦੀ ਸਭਾ 'ਚ ਸ਼ਾਮਲ ਹੁੰਦੇ ਸਮਾਜ ਵਿਰੋਧੀ ਅਨਸਰਾਂ ਵੱਲੋਂ ਲੜਕੀਆਂ ਨੂੰ ਤੰਗ-ਪ੍ਰੇਸ਼ਾਨ ਕਰਨ ਦੀਆਂ ਘਟਨਾਵਾਂ ਵੀ ਸਾਹਮਣੇ ਆਉਣ ਲੱਗੀਆਂ ਜੋ ਸਾਲਾਂ ਤੱਕ ਚੱਲਦੀਆਂ ਰਹੀਆਂ। ਲੋਕ ਭੁੱਲ ਚੁੱਕੇ ਸਨ ਕਿ ਉਹ ਸ਼ਹੀਦੀ ਸਭਾ ਵਿੱਚ ਆਏ ਹਨ।

ਸਾਲ 2004 ਵਿੱਚ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦੀ ਤੀਜੀ ਸ਼ਤਾਬਦੀ ਮੌਕੇ ਤਤਕਾਲੀ ਡਿਪਟੀ ਕਮਿਸ਼ਨਰ ਐੱਸ.ਕੇ. ਆਹਲੂਵਾਲੀਆ ਨੇ ਪਹਿਲ ਕਰਦਿਆਂ ਸਭਾ ਨੂੰ ਮੁੜ ਸ਼ਰਧਾ ਤੇ ਸਤਿਕਾਰ ਦਾ ਰੂਪ ਦੇਣ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਸ਼ਹੀਦੀ ਸਭਾ ਦੌਰਾਨ ਲੱਗਦੀਆਂ ਸਰਕਸਾਂ, ਚੰਡੋਲ ਤੇ ਹੋਰ ਮਨੋਰੰਜਨ ਦੀਆਂ ਦੁਕਾਨਾਂ ਬੰਦ ਕਰਵਾ ਦਿੱਤੀਆਂ। ਪ੍ਰਸ਼ਾਸਨ ਤੇ ਹੋਰ ਸਿੱਖ ਸੰਸਥਾਵਾਂ ਨੇ ਵੱਖ-ਵੱਖ ਤਰ੍ਹਾਂ ਦੇ ਸੁਆਦਲੇ ਸ਼ਾਹੀ ਪਕਵਾਨ ਬੰਦ ਕਰਵਾਉਣ ਦੀਆਂ ਅਪੀਲਾਂ ਵੀ ਕੀਤੀਆਂ ਜਿਨ੍ਹਾਂ ਦਾ ਬਹੁਤ ਹੱਦ ਤੱਕ ਅਸਰ ਹੋਇਆ ਪਰ ਅਜੇ ਵੀ ਕਈ ਲੰਗਰ ਕਮੇਟੀਆਂ ਨੇ ਅਜਿਹੇ ਪਕਵਾਨ ਵਰਤਾਉਣੇ ਬੰਦ ਨਹੀਂ ਕੀਤੇ। 2004 ਤੋਂ ਲੈ ਕੇ ਅੱਜ ਦੋ ਦਹਾਕਿਆਂ ਤੱਕ ਸ਼ਹੀਦੀ ਸਭਾ ਦੇ ਸਰੂਪ ਵਿੱਚ ਬਹੁਤ ਸੁਧਾਰ ਦੇਖਣ ਨੂੰ ਮਿਲ ਰਿਹਾ ਹੈ। ਇਨ੍ਹਾਂ ਦਿਨਾਂ ਨੂੰ ਲੈ ਕੇ ਨੌਜਵਾਨਾਂ ਵਿੱਚ ਵੀ ਸੰਜੀਦਗੀ ਦੇਖੀ ਜਾ ਰਹੀ ਹੈ। ਸੋਸ਼ਲ ਮੀਡੀਆ ਰਾਹੀਂ ਅਤੇ ਸਾਹਿਬਜ਼ਾਦਿਆਂ ਸਬੰਧੀ ਆਈ ਵੱਡੇ ਬਜਟ ਦੀ ਐਨੀਮੇਸ਼ਨ ਫ਼ਿਲਮ ਬਾਅਦ ਨਵੀਂ ਪੀੜ੍ਹੀ ਸ਼ਹੀਦੀ ਸਭਾ ਅਤੇ ਫ਼ਤਹਿਗੜ੍ਹ ਸਾਹਿਬ ਦੇ ਇਤਿਹਾਸ ਬਾਰੇ ਜਾਣੂ ਜ਼ਰੂਰ ਹੋਈ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸ਼ਹੀਦੀ ਸਭਾ ਦੌਰਾਨ ਸਿਆਸੀ ਕਾਨਫਰੰਸਾਂ ਨਾ ਕਰਨ ਦੀ ਅਪੀਲ ਤੋਂ ਬਾਅਦ ਜ਼ਿਆਦਾਤਰ ਸਿਆਸੀ ਪਾਰਟੀਆਂ ਵੱਲੋਂ ਸਿਆਸੀ ਕਾਨਫਰੰਸਾਂ ਨਹੀਂ ਕੀਤੀਆਂ ਜਾ ਰਹੀਆਂ ਹਨ। ਲੋਕਾਂ ਵਿੱਚ ਸ਼ਹੀਦੀ ਸਭਾ ਦੌਰਾਨ ਖਰੀਦਦਾਰੀ ਕਰਨ ਦਾ ਅੱਜ ਵੀ ਰੁਝਾਨ ਜਾਰੀ ਹੈ।

ਭਾਵੇਂ ਲੱਖਾਂ ਦੀ ਗਿਣਤੀ ਵਿੱਚ ਪੁੱਜਦੀਆਂ ਸੰਗਤਾਂ ਵਿੱਚ ਸ਼ਾਮਲ ਕੁੱਝ ਲੋਕਾਂ ਵੱਲੋਂ ਟਰੈਕਟਰਾਂ ਤੇ ਮੋਟਰਸਾਈਕਲਾਂ ਦੀ ਸਟੰਟਬਾਜ਼ੀ ਕਰਕੇ ਸ਼ਰਧਾ ਭਰੇ ਮਾਹੌਲ ਨੂੰ ਖ਼ਰਾਬ ਕਰਨ ਦੀਆਂ ਕੁਝ ਘਟਨਾਵਾਂ ਅਜੇ ਵੀ ਸਾਹਮਣੇ ਆ ਜਾਂਦੀਆਂ ਹਨ ਪਰ ਪਿਛਲੇ ਸਮੇਂ ਤੋਂ ਇਨ੍ਹਾਂ ਘਟਨਾਵਾਂ ਵਿੱਚ ਵੀ ਕਮੀ ਦਰਜ ਕੀਤੀ ਗਈ ਹੈ।

ਸੈਲਫੀ ਕਲਚਰ ਦੇ ਦੌਰ ਨੇ ਨੌਜਵਾਨ ਲਈ ਇੱਥੋਂ ਦੇ ਇਤਿਹਾਸਿਕ ਸਥਾਨਾਂ 'ਤੇ ਆਪਣੀ ਹਾਜ਼ਰੀ ਦੀਆਂ ਯਾਦਾਂ ਸਮੇਟਣਾ ਆਸਾਨ ਬਣਾ ਦਿੱਤਾ ਹੈ। ਆਪਣੇ ਸਮਾਰਟ ਫ਼ੋਨਾਂ ਨਾਲ ਨੌਜਵਾਨ ਆਪਣੀਆਂ ਤਸਵੀਰਾਂ ਅਤੇ ਵੀਡੀਓ ਬਣਾਉਂਦੇ ਆਮ ਦੇਖੇ ਗਏ। ਪਿਛਲੇ ਸਾਲਾਂ ਤੋਂ ਸਭਾ ਦੇ ਆਖ਼ਰੀ ਦਿਨ ਵੀ ਨੌਜਵਾਨਾਂ ਵੱਲੋਂ ਆਪਣੇ ਮੋਬਾਈਲ ਕੈਮਰਿਆਂ ਰਾਹੀਂ ਨਗਰ ਕੀਰਤਨ ਦੀਆਂ ਯਾਦਗਾਰੀ ਤਸਵੀਰਾਂ ਖਿੱਚਣ ਦੇ ਰੁਝਾਨ ਵਿੱਚ ਤੇਜ਼ੀ ਆਈ ਹੈ ਸ਼ਹੀਦੀ ਸਭਾ ਦੌਰਾਨ ਭਾਵੇਂ ਸ਼੍ਰੋਮਣੀ ਕਮੇਟੀ ਦੀਆਂ ਸਰਾਵਾਂ ਅਤੇ ਇਸ ਸੰਸਥਾ ਵੱਲੋਂ ਚਲਾਏ ਜਾਂਦੇ ਕਾਲਜਾਂ ਵਿੱਚ ਸੰਗਤ ਦੇ ਰਹਿਣ ਦੇ ਪ੍ਰਬੰਧ ਕੀਤੇ ਜਾਂਦੇ ਹਨ ਪਰ ਸੰਗਤ ਦੀ ਲੱਖਾਂ ਦੀ ਗਿਣਤੀ ਵਿੱਚ ਆਮਦ ਹੋਣ ਕਾਰਨ ਇਹ ਪ੍ਰਬੰਧ ਨਾਕਾਫ਼ੀ ਸਾਬਤ ਹੁੰਦੇ ਹਨ। ਬਹੁਤ ਸਾਰੇ ਸ਼ਰਧਾਲੂਆਂ ਸਰਦੀ ਦੇ ਮੌਸਮ ਵਿੱਚ ਵੀ ਰਾਤ ਆਪਣੀਆਂ ਟਰਾਲੀਆਂ ਜਾਂ ਟਰੱਕਾਂ ਆਦਿ ਵਿੱਚ ਹੀ ਕੱਟਣੀ ਪੈਂਦੀ ਹੈ। ਇਸ ਲਈ ਸੰਗਤ ਦੀ ਮੰਗ ਅਨੁਸਾਰ ਇਨ੍ਹਾਂ ਪ੍ਰਬੰਧਾਂ ਦਾ ਦਾਇਰਾ ਵਧਾਏ ਜਾਣ ਦੀ ਵੀ ਲੋੜ ਹੈ।

# ਪੰਜਾਬ ਵਿੱਚ ਝੂਠੇ ਪੁਲਿਸ ਮੁਕਾਬਲੇ ਵਿਰੁੱਧ ਉਠਣ ਲੱਗੀ ਆਵਾਜ਼

## 'ਆਪ' ਵਿਧਾਇਕ ਗਿਆਸਪੁਰਾ ਨੇ ਪੀਲੀਭੀਤ ਝੂਠੇ ਪੁਲਿਸ ਮੁਕਾਬਲੇ ਦੀ ਮੰਗੀ ਜਾਂਚ, ਸਪੀਕਰ ਵਿਧਾਨ ਸਭਾ ਨੂੰ ਲਿਖੀ ਚਿੱਠੀ









ਬੇਸ਼ੱਕ ਪੰਜਾਬ ਪੁਲਿਸ ਪਿਛਲੇ ਦਿਨੀਂ ਪੀਲੀਭੀਤ ਵਿੱਚ ਜ਼ਿਲ੍ਹਾ ਗੁਰਦਾਸਪੁਰ ਨਾਲ ਸਬੰਧਿਤ ਤਿੰਨ ਨੌਜਵਾਨਾਂ ਨੂੰ ਖ਼ਾਲਿਸਤਾਨ ਜ਼ਿੰਦਾਬਾਦ ਫ਼ੋਰਸ ਨਾਲ ਸਬੰਧਿਤ ਖਾੜਕੂ ਦੱਸ ਕੇ ਢਹਿ ਢੇਰੀ ਕਰਨ ਨੂੰ ਵੱਡੀ ਪ੍ਰਾਪਤੀ ਦੱਸ ਰਹੀ ਹੈ, ਪਰ ਹੁਕਮਰਾਨ ਧਿਰ ਦੇ ਵਿਧਾਇਕ ਮਨਵਿੰਦਰ ਸਿੰਘ ਗਿਆਸਪੁਰਾ ਨੇ ਪੁਲਿਸ ਮੁਕਾਬਲੇ ਨੂੰ ਸ਼ੱਕੀ ਦੱਸਦੇ ਹੋਏ ਮਾਮਲੇ ਦੀ ਜਾਂਚ ਕਰਵਾਉਣ ਦੀ ਮੰਗ ਕੀਤੀ ਹੈ।

ਗਿਆਸਪੁਰਾ ਨੇ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੂੰ ਚਿੱਠੀ ਲਿਖ ਕੇ ਪੁਲਿਸ ਮੁਕਾਬਲੇ 'ਤੇ ਸਵਾਲ ਖੜ੍ਹੇ ਕੀਤੇ ਹਨ। ਗਿਆਸਪੁਰਾ ਦੀ ਇਸ ਚਿੱਠੀ ਨੇ ਸੂਬਾ ਸਰਕਾਰ ਤੇ ਪੰਜਾਬ ਪੁਲਿਸ ਲਈ ਵੱਡੇ ਸਵਾਲ ਖੜ੍ਹੇ ਕਰ ਦਿੱਤੇ ਹਨ। ਹਾਲਾਂਕਿ ਪਹਿਲਾਂ ਹੀ ਮਨੁੱਖੀ ਅਧਿਕਾਰਾਂ ਦੀ ਲੜਾਈ ਲੜ ਰਹੀਆਂ ਜਥੇਬੰਦੀਆਂ ਨੌਜਵਾਨਾਂ ਨੂੰ ਝੂਠੇ ਪੁਲਿਸ ਮੁਕਾਬਲੇ ਵਿਚ ਮਾਰੇ ਜਾਣ ਦਾ ਦੋਸ਼ ਲਾ ਰਹੀਆਂ ਸਨ। ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਗ੍ਰਹਿ ਵਿਭਾਗ ਮੁੱਖ ਮੰਤਰੀ ਭਗਵੰਤ ਮਾਨ ਕੋਲ ਹੈ, ਜੋ ਸਿੱਧੇ ਰੂਪ ਵਿੱਚ ਮੁੱਖ ਮੰਤਰੀ ਦੀ ਕਾਰਗੁਜ਼ਾਰੀ 'ਤੇ ਵੀ ਸਵਾਲ ਖੜ੍ਹੇ ਹੋ ਰਹੇ ਹਨ।

ਸਪੀਕਰ ਨੂੰ ਲਿਖੀ ਚਿੱਠੀ ਵਿੱਚ ਪਾਇਲ ਦੇ ਵਿਧਾਇਕ ਮਨਵਿੰਦਰ ਸਿੰਘ ਗਿਆਸਪੁਰਾ ਨੇ ਕਿਹਾ ਕਿ ਆਪ (ਸਪੀਕਰ) ਵਿਧਾਨ ਸਭਾ ਦੇ ਕਸਟੋਡੀਅਨ ਹਨ, ਜੇਕਰ ਪੰਜਾਬ ਦੇ ਨੌਜਵਾਨਾਂ ਨੂੰ ਇਸ ਤਰ੍ਹਾਂ ਝੂਠਾ ਪੁਲਿਸ ਮੁਕਾਬਲਾ ਦਿਖਾਕੇ ਕਿਸੇ ਹੋਰ ਸੂਬੇ ਵਿੱਚ ਮਾਰਿਆ ਜਾਵੇਗਾ ਤਾਂ ਅਵਾਜ਼ ਚੁੱਕਣੀ ਬਣਦੀ ਹੈ। ਉਨ੍ਹਾਂ ਸਪੀਕਰ ਤੋਂ ਯੂ.ਪੀ. ਸਰਕਾਰ ਨੂੰ ਉੱਚ ਪੱਧਰੀ ਜਾਂਚ ਕਰਨ ਲਈ ਚਿੱਠੀ ਲਿਖਣ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਜੇਕਰ ਜਾਂਚ ਦੌਰਾਨ ਕੋਈ ਦੋਸ਼ੀ ਸਾਹਮਣੇ ਆਉਂਦਾ ਹੈ ਤਾਂ ਉਸ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇ।

ਗਿਆਸਪੁਰਾ ਵੱਲੋਂ ਸਪੀਕਰ ਨੂੰ ਲਿਖੀ ਚਿੱਠੀ ਸੂਬਾ ਸਰਕਾਰ ਲਈ ਵੱਡੀ ਚੁਣੌਤੀ ਬਣ ਸਕਦੀ ਹੈ ਕਿਉਂਕਿ ਨੌਜਵਾਨਾਂ ਦੇ ਪਰਿਵਾਰਕ ਮੈਂਬਰ ਅਤੇ ਮਨੁੱਖੀ ਅਧਿਕਾਰਾਂ ਦੀ ਲੜਾਈ ਲੜਨ ਵਾਲੇ ਪਹਿਲਾਂ ਹੀ ਨੌਜਵਾਨਾਂ ਦਾ ਕਿਸੇ ਖਾੜਕੂ ਜਥੇਬੰਦੀ ਨਾਲ ਸਬੰਧ ਨਾ ਹੋਣ ਦਾ ਦਾਅਵਾ ਕਰ ਰਹੇ ਹਨ। ਇੱਥੇ ਦੱਸਿਆ ਜਾਂਦਾ ਹੈ ਕਿ ਗਿਆਸਪੁਰਾ ਨੇ 1984 ਸਿੱਖ ਕਤਲੇਆਮ ਦੌਰਾਨ ਹੌਂਦ ਚਿੱਲੜ (ਹਰਿਆਣਾ) ਦਾ ਮਾਮਲਾ ਵੀ ਉਜਾਗਰ ਕੀਤਾ ਸੀ।

ਇਸਤੋਂ ਪਹਿਲਾਂ ਪਾਰਟੀ ਦੇ ਅੰਮ੍ਰਿਤਸਰ ਤੋਂ ਵਿਧਾਇਕ ਤੇ ਸਾਬਕਾ ਪੁਲਿਸ ਅਧਿਕਾਰੀ ਕੁੰਵਰ ਵਿਜੈ ਪ੍ਰਤਾਪ ਸਿੰਘ ਵੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਮਾਮਲਿਆਂ ਵਿੱਚ ਦੋਸ਼ੀਆਂ ਖ਼ਿਲਾਫ਼ ਕੋਈ ਕਾਰਵਾਈ ਨਾ ਕਰਨ ਨੂੰ ਲੈ ਕੇ ਸਮੇਂ ਸਮੇਂ ਸਵਾਲ ਚੁੱਕਦੇ ਆ ਰਹੇ ਹਨ। ਹੁਣ ਗਿਆਸਪੁਰਾ ਨੇ ਪੁਲਿਸ ਮੁਕਾਬਲੇ ਨੂੰ ਝੂਠਾ ਦੱਸਕੇ ਪੰਜਾਬ ਪੁਲਿਸ ਲਈ ਵੱਡੀ ਸਿਰਦਰਦੀ ਪੈਦਾ ਕਰ ਦਿੱਤੀ ਹੈ। ਵਰਨਣਯੋਗ ਹੈ ਕਿ ਪਿਛਲੇ ਦਿਨ ਪੀਲੀਭੀਤ ਵਿਖੇ ਗੁਰਵਿੰਦਰ ਸਿੰਘ, ਰਵਿੰਦਰ ਸਿੰਘ ਤੇ ਜਸਪ੍ਰੀਤ ਸਿੰਘ ਦੇ ਪੁਲਿਸ ਮੁਕਾਬਲੇ ਦੌਰਾਨ ਹਲਾਕ ਹੋਣ ਦਾ ਪੁਲਿਸ ਨੇ ਦਾਅਵਾ ਕੀਤਾ ਸੀ।

ਪੁਲਿਸ ਦੇ ਦਾਅਵੇ ਬਨਾਮ ਪੰਜਾਬ ਸੰਤਾਪ ਵਾਲੀਆਂ ਫ਼ਿਲਮੀ ਕਹਾਣੀਆਂ

ਪੰਜਾਬ ਪੁਲਿਸ, ਜੋ ਕਿ ਫ਼ਿਲਮੀ ਕਹਾਣੀਆਂ ਘੜਨ ਵਿਚ ਮਾਹਿਰ ਹੈ, ਉਹ ਇਸ ਸਬੰਧੀ ਖਾੜਕੂਆਂ ਤੇ ਗੈਂਗਸਟਰਾਂ ਦੇ ਆਪਸੀ ਗੱਠਜੋੜ ਬਾਰੇ ਨਵੀਆਂ ਫ਼ਿਲਮੀ ਕਹਾਣੀਆਂ ਘੜ ਰਹੀ ਹੈ। ਪੁਲਿਸ ਦੀ ਥਿਊਰੀ ਇਹ ਵੀ ਹੈ ਕਿ ਦਰਅਸਲ ਖਾੜਕੂ ਸੰਗਠਨ ਪੰਜਾਬ ਦੇ ਨਸ਼ੇੜੀ ਨੌਜਵਾਨਾਂ ਨੂੰ ਪੈਸਿਆਂ, ਨਸ਼ਿਆਂ ਅਤੇ ਵਿਦੇਸ਼ਾਂ ਵਿੱਚ ਨੌਕਰੀ ਲਗਵਾਉਣ ਦਾ ਝਾਂਸਾ ਦੇ ਰਹੇ ਹਨ। ਇਸ ਲਾਲਚ ਬਦਲੇ ਨੌਜਵਾਨ ਖਾੜਕੂਆਂ ਦੇ ਗੁਰਗਿਆਂ ਤੱਕ ਹਥਿਆਰ/ਵਿਸਫ਼ੋਟਕ ਸਮੱਗਰੀ ਪਹੁੰਚਾਉਣ ਅਤੇ ਧਮਾਕੇ ਕਰਨ ਦਾ ਕੰਮ ਕਰ ਰਹੇ ਹਨ। ਪਿਛਲੇ ਸਾਲ ਤੋਂ ਲੈ ਕੇ ਹੁਣ ਤੱਕ ਬਹੁਤ ਸਾਰੇ ਨੌਜਵਾਨਾਂ ਨੂੰ ਖਾੜਕੂ ਗਤੀਵਿਧੀਆਂ ਵਿੱਚ ਸ਼ਾਮਲ ਹੋਣ ਦੇ ਦੋਸ਼ਾਂ ਤਹਿਤ ਗ੍ਰਿਫ਼ਤਾਰ ਕੀਤਾ ਗਿਆ ਹੈ, ਜਿਨ੍ਹਾਂ ਵਿਚੋਂ ਜ਼ਿਆਦਾਤਰ ਨੌਜਵਾਨ ਨਸ਼ੇੜੀ ਜਾਂ ਬੇਰੁਜ਼ਗਾਰ ਸਨ। ਵਿਦੇਸ਼ਾਂ 'ਚ ਬੈਠੇ ਗੁਰਗੇ ਅੰਮ੍ਰਿਤਸਰ, ਤਰਨਤਾਰਨ ਅਤੇ ਫ਼ਿਰੋਜਪੁਰ ਸਣੇ ਕਈ ਸਰਹੱਦੀ ਇਲਾਕਿਆਂ 'ਚ ਸਥਾਨਕ ਨੌਜਵਾਨਾਂ ਨੂੰ ਆਪਣੇ ਨਾਪਾਕ ਇਰਾਦਿਆਂ ਨੂੰ ਅੰਜਾਮ ਦੇਣ ਲਈ ਨਾਲ ਜੋੜ ਰਹੇ ਹਨ।

ਦਲ ਖ਼ਾਲਸਾ ਪੰਜਾਬ ਪੁਲਿਸ ਉੱਪਰ ਅਜਿਹੇ ਦੋਸ਼ ਲਗਾ ਰਿਹਾ ਹੈ। ਪੰਜਾਬ ਦੇ ਡੀ.ਜੀ.ਪੀ. ਪੰਜਾਬ ਗੌਰਵ ਯਾਦਵ ਦਾ ਤਾਜ਼ਾ ਦਾਅਵਾ ਹੈ ਕਿ ਹੁਣੇ ਜਿਹੇ ਪਾਕਿਸਤਾਨ-ਆਈ.ਐੱਸ.ਆਈ. ਹਮਾਇਤ ਪ੍ਰਾਪਤ ਖਾੜਕੂ ਮਾਡਿਊਲ ਦੇ ਪੰਜ ਮੈਂਬਰਾਂ ਨੂੰ ਗ੍ਰਿਫ਼ਤਾਰ ਕੀਤਾ ਹੈ, ਜਿਨ੍ਹਾਂ ਵਿੱਚ ਬਟਾਲਾ ਅਤੇ ਗੁਰਦਾਸਪੁਰ ਦੇ ਪੁਲਿਸ ਥਾਣੇ ਤੇ ਚੌਂਕੀ 'ਤੇ ਹੱਥਗੋਲਿਆਂ ਨਾਲ ਹੋਏ ਹਮਲਿਆਂ ਦਾ ਮਾਸਟਰਮਾਈਂਡ ਅਭੀਜੋਤ ਸਿੰਘ ਵੀ ਸ਼ਾਮਲ ਹੈ। ਪੁਲਿਸ ਅਨੁਸਾਰ ਇਹ ਮਾਡਿਊਲ ਵਿਦੇਸ਼ ਆਧਾਰਿਤ ਹਰਪ੍ਰੀਤ ਸਿੰਘ ਹੈਪੀ ਪਸੀਆ ਤੇ ਸ਼ਮਸ਼ੇਰ ਹਨੀ ਵੱਲੋਂ ਚਲਾਈ ਜਾ ਰਹੀ ਬੱਬਰ ਖਾਲਸਾ ਜਥੇਬੰਦੀ ਵੱਲੋਂ ਸੰਚਾਲਿਤ ਕੀਤਾ ਜਾ ਰਿਹਾ ਸੀ।

ਪੰਜਾਬ ਦੇ ਡੀ.ਜੀ.ਪੀ. ਗੌਰਵ ਯਾਦਵ ਨੇ ਥਾਣਿਆਂ 'ਤੇ ਹਮਲਿਆਂ ਦੀਆਂ ਅੱਠ ਘਟਨਾਵਾਂ ਦੇ ਮਾਮਲੇ ਨੂੰ ਸੁਲਝਾਉਣ ਦਾ ਦਾਅਵਾ ਕੀਤਾ ਹੈ। ਉਨ੍ਹਾਂ ਦੱਸਿਆ ਕਿ ਬੱਬਰ ਖ਼ਾਲਸਾ ਇੰਟਰਨੈਸ਼ਨਲ (ਬੀ.ਕੇ.ਆਈ.) ਅਤੇ ਖ਼ਾਲਿਸਤਾਨ ਜ਼ਿੰਦਾਬਾਦ ਫ਼ੋਰਸ (ਕੇ.ਜ਼ੈੱਡ.ਐੱਫ਼.) ਨਾਲ ਸਬੰਧਿਤ 14 ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਯਾਦਵ ਨੇ ਸੋਸ਼ਲ ਮੀਡੀਆ 'ਤੇ ਵੀਡੀਓ ਸਾਂਝੀ ਕਰਦਿਆਂ ਕਿਹਾ, 'ਅਸੀਂ ਪਾਕਿਸਤਾਨ ਦੀ ਆਈ.ਐੱਸ.ਆਈ. ਅਤੇ ਖਾੜਕੂ ਗਰੁੱਪਾਂ ਦੀ ਪੰਜਾਬ ਵਿੱਚ ਕਾਨੂੰਨ ਵਿਵਸਥਾ ਭੰਗ ਕਰਨ ਦੀ ਨਵੀਂ ਸਾਜਿਸ਼ ਨਾਕਾਮ ਕਰ ਦਿੱਤੀ ਹੈ।'

ਉਨ੍ਹਾਂ ਦੱਸਿਆ ਕਿ ਇਨ੍ਹਾਂ ਅੱਠ ਧਮਾਕਿਆਂ ਲਈ ਪੰਜ ਖਾੜਕੂ ਮਾਡਿਊਲ ਜ਼ਿੰਮੇਵਾਰ ਹਨ। ਇਨ੍ਹਾਂ ਵੱਲੋਂ ਪਾਕਿਸਤਾਨ ਤੋਂ ਇਲਾਵਾ ਅਮਰੀਕਾ, ਕੈਨੇਡਾ ਅਤੇ ਯੂਰਪ ਵਿੱਚ ਰਹਿੰਦੇ ਇਨ੍ਹਾਂ ਦੇ

(ਬਾਕੀ ਸਫ਼ਾ 31 'ਤੇ)

## ਦਰਪਣ ਝੂਠ ਨਹੀਂ ਬੋਲਦਾ

### ਪੰਥਕ ਸਿਆਸਤ ਵਿੱਚ ਨਵਾਂ ਸੰਕਟ

# ਡੇਰਾ ਬਿਆਸ ਮੁਖੀ ਨੇ ਬਠਿੰਡਾ 'ਚ ਗਿ. ਹਰਪ੍ਰੀਤ ਸਿੰਘ ਨਾਲ ਮੁਲਾਕਾਤ ਕਿਉਂ ਕੀਤੀ ?

## ਬਾਦਲਕੇ ਇਸ ਮੁਲਾਕਾਤ ਤੋਂ ਕਿਉਂ ਦੁਖੀ ਹਨ ? ਜਥੇਦਾਰ ਹਰਪ੍ਰੀਤ ਸਿੰਘ ਨੂੰ ਕਿਉਂ ਬਣਾ ਰਹੇ ਨੇ ਨਿਸ਼ਾਨਾ ?

## 'ਰਾਧਾ ਸਵਾਮੀ ਬਾਬੇ ਦੀ ਸਿੱਖ ਸਿਆਸਤ ਵਿੱਚ ਦਖ਼ਲਅੰਦਾਜ਼ੀ ਦਾ ਅਰਥ ਸਾਡੀ ਪੰਥਕ ਲੀਡਰਸ਼ਿਪ ਫ਼ਲਾਪ ਹੈ'

ਪੰਜਾਬ ਟੈਲੀਵਿਜ਼ਨ ਤੇ ਟਾਈਮਜ਼ ਆਫ਼ ਇੰਡੀਆ ਦੇ ਵਿਦਵਾਨ ਪੱਤਰਕਾਰ ਆਈ.ਪੀ. ਸਿੰਘ ਦੀਆਂ ਵੱਖ- ਵੱਖ ਰਿਪੋਰਟਾਂ ਮੁਤਾਬਕ ਰਾਧਾ ਸੁਆਮੀ ਡੇਰੇ ਦੇ ਮੁਖੀ ਬਾਬਾ ਗੁਰਿੰਦਰ ਸਿੰਘ ਢਿੱਲੋਂ ਨੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਉਨ੍ਹਾਂ ਦੀ ਸੰਸਦ ਮੈਂਬਰ ਪਤਨੀ ਹਰਸਿਮਰਤ ਕੌਰ ਬਾਦਲ ਨਾਲ ਦਿੱਲੀ ਦੇ ਨੇੜੇ ਨਿੱਜੀ ਰਿਹਾਇਸ਼ ਵਿੱਚ ਮੁਲਾਕਾਤ ਕਰਨ ਤੋਂ ਕੁਝ ਦਿਨ ਬਾਅਦ ਬੀਤੇ ਵੀਰਵਾਰ ਨੂੰ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨਾਲ ਉਨ੍ਹਾਂ ਦੀ ਬਠਿੰਡਾ ਰਿਹਾਇਸ਼ ਵਿਖੇ ਮੁਲਾਕਾਤ ਕੀਤੀ ਸੀ। ਇਹ ਨਹੀਂ ਪਤਾ ਕਿ ਡੇਰਾ ਬਿਆਸ ਮੁਖੀ ਅਤੇ ਬਾਦਲ ਜੋੜੇ ਵਿਚਾਲੇ ਕੀ ਗੱਲ ਹੋਈ ਅਤੇ ਗਿਆਨੀ ਹਰਪ੍ਰੀਤ ਸਿੰਘ ਨਾਲ ਉਨ੍ਹਾਂ ਦੀ ਮੁਲਾਕਾਤ ਬਾਰੇ ਕੁਝ ਵੀ ਨਹੀਂ ਦੱਸਿਆ ਗਿਆ, ਫ਼ਿਰ ਵੀ ਮੰਨਿਆ ਜਾ ਰਿਹਾ ਹੈ ਕਿ ਅਕਾਲੀ ਦਲ ਦੇ ਅੰਦਰ ਮੌਜੂਦਾ ਸੰਕਟ ਜੋ ਹੁਣ ਤਖ਼ਤ ਦੇ ਜਥੇਦਾਰਾਂ ਤੇ ਸਮੁਚੇ ਪੰਥ ਨੂੰ ਵੀ ਉਲਝਾਇਆ ਹੋਇਆ ਹੈ, ਇਸ ਸਬੰਧੀ ਰਾਧਾ ਸਵਾਮੀ ਬਾਬਾ ਗੁਰਿੰਦਰ ਸਿੰਘ ਇਸ ਸਮੱਸਿਆ ਦੇ ਹੱਲ ਲਈ ਸਰਗਰਮ ਹੋਏ ਤਾਂ ਜੋ ਇਸ ਦਾ ਹੱਲ ਲਭਿਆ ਜਾ ਸਕੇ। ਕਿਹਾ ਇਹ ਵੀ ਜਾ ਰਿਹਾ ਕਿ ਇਸ ਮੁਲਾਕਾਤ ਤੋਂ ਬਾਅਦ ਉਹ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਗਿਆਨੀ ਰਘਬੀਰ ਸਿੰਘ ਨਾਲ ਮੁਲਾਕਾਤ ਕਰਨਗੇ।

ਹੈਰਾਨੀ ਇਸ ਗੱਲ ਦੀ ਹੈ ਕਿ ਸਿੱਖ ਪੰਥ ਕੋਲ ਪੰਥਕ ਲੀਡਰਸ਼ਿਪ ਨਹੀਂ ਬਚੀ ਜਿਸ ਦਾ ਬੋਧਿਕ ਪੱਧਰ 'ਤੇ ਵਿਜਨ ਰਾਧਾ ਸਵਾਮੀ ਬਾਬੇ ਨਾਲੋਂ ਵਿਸ਼ਾਲ ਹੋਵੇ ਤੇ ਪੰਥਕ ਸੰਕਟ ਦਾ ਹੱਲ ਲਭ ਸਕੇ। ਇਹ ਸਿੱਖ ਪੰਥ ਲਈ ਤੇ ਪੰਥਕ ਲੀਡਰਸ਼ਿਪ ਲਈ ਸ਼ਰਮਨਾਕ ਗੱਲ ਹੈ ਕਿ ਅਸੀਂ ਇਕੀਵੀਂ ਸਦੀ ਵਿੱਚ ਕਿਥੇ ਜਾ ਡਿੱਗੇ ? ਹੁਣ ਤੱਕ ਪੰਥ ਦੀ ਲੀਡਰਸ਼ਿਪ



ਮਿਲ ਬੈਠ ਕੇ ਮਸਲੇ ਹੱਲ ਕਰਦੀ ਰਹੀ ਹੈ। ਹੁਣ ਕਿਉਂ ਰਾਧਾ ਸਵਾਮੀ ਬਾਬੇ ਨੂੰ ਪੰਥਕ ਸਿਆਸਤ ਵਿੱਚ ਦਖਲਅੰਦਾਜ਼ੀ ਦਾ ਮੌਕਾ ਦਿੱਤਾ ਜਾ ਰਿਹਾ ਹੈ ?

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਬਾਬਾ ਗੁਰਿੰਦਰ ਸਿੰਘ ਮੁਖੀ ਰਾਧਾ ਸਵਾਮੀ ਡੇਰਾ ਨੇ ਦਰਬਾਰ ਸਾਹਿਬ ਗੁਰੂ ਗ੍ਰੰਥ ਸਾਹਿਬ ਅੱਗੇ ਸੀਸ ਨਿਵਾਇਆ,ਹਿੰਦੂ ਭਾਈਚਾਰੇ ਨੂੰ ਗੁਰੂ ਗ੍ਰੰਥ ਸਾਹਿਬ ਨਾਲ ਜੋੜਿਆ। ਵੱਡੀ ਗੱਲ ਹੈ ਕਿ ਉਹ ਹਮੇਸ਼ਾ ਸਿੱਖ ਪੰਥ ਨਾਲ ਟਕਰਾਅ ਤੇ ਸਿਆਸਤ ਤੋਂ ਬਚੇ। ਸੱਚ ਇਹ ਵੀ ਹੈ ਕਿ ਬਾਬੇ ਦੇ ਹਿੰਦੂ ਸ਼ਰਧਾਲੂ ਹਿੰਦੂ ਗੀਤਾਂ ਨਾਲ ਵਿਆਹ ਕਰਨ ਦੀ ਥਾਂ ਅਨੰਦ ਕਾਰਜ ਕਰਨ ਲੱਗ ਪਏ ਹਨ। ਇਹ ਠੀਕ ਹੈ ਕਿ ਰਾਧਾ ਸਵਾਮੀਆਂ ਨਾਲ ਇੱਕ ਅੰਤਰ ਸਿੱਖ ਪੰਥ ਦਾ ਇਹ ਹੈ ਕਿ ਉਹ ਸਰੀਰਕ ਗੁਰੂ ਨੂੰ ਮੰਨਦੇ ਹਨ ਤੇ ਸਿੱਖ ਸ਼ਬਦ ਗੁਰੂ ਗ੍ਰੰਥ ਸਾਹਿਬ ਨੂੰ। ਸਿੱਖੀ ਸਿਰਫ਼ ਸ਼ਬਦ ਗੁਰੂ ਗੁਰੂ ਗ੍ਰੰਥ ਸਾਹਿਬ ਉੱਪਰ ਖੜੀ ਹੈ। ਇਹੀ ਸਿੱਖੀ ਦੀ ਵਿਸ਼ਾਲਤਾ ਹੈ। ਪਰ ਪੰਥਕ ਲੀਡਰਸ਼ਿਪ ਫ਼ਲਾਪ ਹੈ ਚਾਹੇ ਰਾਜਨੀਤਕ ਹੈ ਚਾਹੇ ਧਾਰਮਿਕ।

ਖ਼ਬਰਾਂ ਅਨੁਸਾਰ ਰਾਧਾ ਸਵਾਮੀ ਬਾਬੇ ਤੇ ਗਿਆਨੀ ਹਰਪ੍ਰੀਤ ਸਿੰਘ ਦਰਮਿਆਨ ਕਰੀਬ ਇੱਕ ਘੰਟਾ ਚੱਲੀ ਬਠਿੰਡਾ ਮੀਟਿੰਗ ਵਿੱਚ ਪੰਜਾਬ ਦੇ ਸਾਬਕਾ ਮੰਤਰੀ ਸੁਰਜੀਤ ਸਿੰਘ ਰੱਖੜਾ ਵੀ ਮੌਜੂਦ ਸਨ, ਨੇ ਕਿਹਾ ਕਿ ਇਸ ਵਿੱਚ ਕੋਈ ਸਿਆਸਤ ਸ਼ਾਮਲ ਨਹੀਂ ਹੈ ਅਤੇ ਪਾਰਟੀ ਆਗੂ ਸੁਖਬੀਰ ਸਿੰਘ ਬਾਦਲ ਬਾਰੇ ਕੋਈ ਗੱਲ ਨਹੀਂ ਕੀਤੀ ਗਈ। ਰੱਖੜਾ ਦਾ ਸਬੰਧ ਅਕਾਲੀ ਬਾਗੀ ਧੜੇ ਸੁਧਾਰ ਲਹਿਰ ਨਾਲ ਸੀ।

ਵੱਡਾ ਸੁਆਲ ਇਹ ਹੈ ਕਿ ਕੀ ਸੁਖਬੀਰ ਬਾਦਲ, ਬਿਕਰਮ ਸਿੰਘ ਮਜੀਠੀਆ ਚੋਣਾਂ ਦੌਰਾਨ ਰਾਧਾ ਸਵਾਮੀ ਬਾਬੇ ਦੀਆਂ ਪਰਕਰਮਾ ਨਹੀਂ ਕਰਦੇ ਰਹੇ ? ਹੁਣ ਇਸ ਮੀਟਿੰਗ ਉੱਪਰ ਇਤਰਾਜ਼ ਕਿਉਂ ? ਕੀ ਜਥੇਦਾਰ ਹਰਪ੍ਰੀਤ ਸਿੰਘ ਖੁਦ ਰਾਧਾ ਸਵਾਮੀ ਬਾਬੇ ਨੂੰ ਮਿਲੇ ਹਨ ?

ਇਸ ਦਾ ਸਾਫ਼ ਅਰਥ ਹੈ ਕਿ ਬਾਦਲਕੇ ਸਿੱਖ ਪੰਥ ਵਿੱਚ ਭੰਬਲਭੂਸਾ ਪੈਦਾ ਕਰਨ ਵਾਲੀ ਸਿਆਸਤ ਹੀ ਕਰਨਾ ਚਾਹੁੰਦੇ ਹਨ। ਉਹ ਹੁਣ ਤੱਕ ਸਿੱਖ ਪੰਥ ਦਾ ਵਿਸ਼ਵਾਸ ਨਹੀਂ ਜਿਤ ਸਕਦੇ। ਉਹ ਅਜੇ ਵੀ ਤਨਖਾਹੀਆ ਹਨ, ਕਿਉਂਕਿ ਉਨ੍ਹਾਂ ਸੁਖਬੀਰ ਦਾ ਅਸਤੀਫ਼ਾ ਨਾ ਲੈਕੇ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਅਕਾਲੀ ਦਲ ਦੀ ਭਰਤੀ ਲਈ ਬਣਾਈ ਕਮੇਟੀ ਨੂੰ ਮਨਜ਼ੂਰ ਨਾ ਕਰਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮਨਾਮੇ ਦੀ ਉਲੰਘਣਾ ਕੀਤੀ ਹੈ।

## ਪ੍ਰਧਾਨ ਮੰਤਰੀ ਮੋਦੀ ਦਾ ਡਬਲ ਇੰਜਣ ਨਿਕਲਿਆ ਖਟਾਰਾ

### ਮੱਧ ਪ੍ਰਦੇਸ਼ ਸਰਕਾਰ ਹਰ ਮਹੀਨੇ ਖਟਾਰਾ ਇੰਜਣ ਨੂੰ ਖਿੱਚਣ ਲਈ ਪੰਜ ਹਜ਼ਾਰ ਕਰੋੜ ਰੁਪਏ ਕਰਜ਼ਾ ਚੁੱਕ ਰਹੀ ਹੈ

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਥਾਪੀਆਂ ਮਾਰ ਕੇ ਕਹਿੰਦੇ ਹਨ ਕਿ ਭਾਰਤ ਛੇਤੀ ਹੀ ਦੁਨੀਆਂ ਦੀ ਤੀਜੀ ਤਾਕਤ ਬਣ ਜਾਵੇਗਾ। ਉਹ ਡਬਲ ਇੰਜਣ ਸਰਕਾਰਾਂ ਦਾ ਜ਼ਿਕਰ ਨਿਰੰਤਰ ਕਰਦੇ ਹਨ, ਯਾਨਿ ਕਿ ਕੇਂਦਰ ਦੀ ਤਰ੍ਹਾਂ ਰਾਜਾਂ ਵਿੱਚ ਵੀ ਭਾਜਪਾ ਜਾਂ ਐੱਨ ਡੀ ਏ ਦੀ ਪਾਰਟੀ ਵਾਲੀ ਸਰਕਾਰ ਹੋਵੇਗੀ ਤਾਂ ਰਾਜ ਬਹੁਤ ਤਰੱਕੀ ਕਰਨਗੇ, ਪਰ ਉਨ੍ਹਾਂ ਦੇ ਡਬਲ ਇੰਜਣ ਦੀ ਪੋਲ ਮੱਧ ਪ੍ਰਦੇਸ਼ ਸਰਕਾਰ ਹੀ ਖੋਲ੍ਹ ਰਹੀ ਹੈ, ਜਿੱਥੇ 21 ਸਾਲਾਂ ਵਿੱਚ ਕਮਲਨਾਥ ਦੀ ਸਵਾ ਸਾਲ ਦੀ ਕਾਂਗਰਸ ਸਰਕਾਰ ਨੂੰ ਛੱਡ ਦੇਈਏ ਤਾਂ ਭਾਜਪਾ ਹੀ ਰਾਜ ਕਰ ਰਹੀ ਹੈ। ਸਾਲ ਦੀ ਔਸਤ ਕੱਢੀ ਜਾਵੇ ਤਾਂ ਮੱਧ ਪ੍ਰਦੇਸ਼ ਸਰਕਾਰ ਹਰ ਮਹੀਨੇ ਖਟਾਰਾ ਇੰਜਣ ਨੂੰ ਖਿੱਚਣ ਲਈ ਪੰਜ ਹਜ਼ਾਰ ਕਰੋੜ ਰੁਪਏ ਕਰਜ਼ਾ ਚੁੱਕ ਰਹੀ ਹੈ। 13 ਦਸੰਬਰ 2023 ਨੂੰ ਮੋਹਨ ਯਾਦਵ ਨੇ ਨਵੇਂ ਮੁੱਖ ਮੰਤਰੀ ਵਜੋਂ ਵਾਗਡੋਰ ਸੰਭਾਲੀ ਸੀ ਤੇ ਉਦੋਂ ਤੋਂ ਕੋਈ ਮਹੀਨਾ ਅਜਿਹਾ ਨਹੀਂ ਲੰਘਿਆ, ਜਦੋਂ ਸਰਕਾਰ ਨੂੰ ਰੇੜ੍ਹਨ ਲਈ ਕਰਜ਼ਾ ਨਾ ਲੈਣਾ ਪਿਆ ਹੋਵੇ। ਸਰਕਾਰ ਸਾਢੇ 52 ਹਜ਼ਾਰ ਕਰੋੜ ਦਾ ਕਰਜ਼ਾ ਚੁੱਕ ਚੁੱਕੀ ਹੈ। ਸਰਕਾਰ ਦੀ ਵੱਡੀ ਰਕਮ ਵੋਟਾਂ ਬਟੋਰਨ ਲਈ 'ਲਾਡਲੀ ਬਹਨਾ' ਯੋਜਨਾ 'ਤੇ ਖਰਚ ਹੋ ਰਹੀ ਹੈ। ਸਰਕਾਰ 'ਲਾਡਲੀ ਬਹਨ' ਨੂੰ 1250 ਰੁਪਏ ਮਹੀਨਾ ਦਿੰਦੀ ਹੈ। ਇੱਕ ਕਰੋੜ 31 ਲੱਖ ਭੈਣਾਂ ਨੂੰ



ਰਕਮ ਦਿੱਤੀ ਜਾ ਰਹੀ ਹੈ। ਮੋਟੇ ਤੌਰ 'ਤੇ ਹਰ ਮਹੀਨੇ 1638 ਕਰੋੜ ਸਰਕਾਰੀ ਖਜ਼ਾਨੇ 'ਤੇ ਬੋਝ ਪੈਂਦਾ ਹੈ। ਸਾਲਾਨਾ ਦੇ ਹਿਸਾਬ ਨਾਲ ਇਹ 19 ਹਜ਼ਾਰ 650 ਕਰੋੜ ਰੁਪਏ ਬਣਦੇ ਹਨ। ਹਾਲਾਤ ਇਹੀ ਰਹੇ ਤਾਂ ਮੱਧ ਪ੍ਰਦੇਸ਼ ਸਰਕਾਰ 'ਤੇ 31 ਮਾਰਚ 2025 ਤੱਕ 4 ਲੱਖ 21 ਹਜ਼ਾਰ ਕਰੋੜ ਰੁਪਏ ਦਾ ਕਰਜ਼ਾ ਚੜ੍ਹ ਜਾਵੇਗਾ। ਆਰਥਿਕ ਮਾਮਲਿਆਂ ਦੇ ਮਾਹਿਰ ਤਾਂ ਇਹ ਵੀ ਕਹਿ ਰਹੇ ਹਨ ਕਿ ਕੇਂਦਰ ਸਰਕਾਰ ਲਈ ਵੀ ਮੱਧ ਪ੍ਰਦੇਸ਼ ਦੀ ਮਦਦ ਕਰਨਾ ਸੰਭਵ ਨਹੀਂ, ਕਿਉਕਿ ਉਸ ਦੇ ਸਿਰ ਵੀ ਕਰਜ਼ਾ ਬਹੁਤ ਚੜ੍ਹ ਚੁੱਕਾ ਹੈ। ਜਿਹੜੀ ਕੇਂਦਰ ਸਰਕਾਰ ਨੂੰ ਪੁਰਾਣੀ ਕਾਰ ਦੀ ਵਿਕਰੀ 'ਤੇ ਜੀ ਐੱਸ ਟੀ ਲਾਉਣਾ ਪੈ ਜਾਵੇ, ਉਹ ਕਿਸੇ ਹੋਰ ਦੀ ਮਦਦ ਕੀ ਕਰੇਗੀ। ਮੱਧ ਪ੍ਰਦੇਸ਼ ਮਿਸਾਲ ਪੇਸ਼ ਕਰ ਰਿਹਾ ਹੈ ਕਿ ਮੋਦੀ ਦਾ ਡਬਲ ਇੰਜਣ ਕਿਵੇਂ ਚਲਦਾ ਹੈ ?

## ਅਜੀਤ ਪਵਾਰ ਭਾਜਪਾ ਦੀ ਫ਼ਿਰਕੂ ਰਾਜਨੀਤੀ ਤੋਂ ਵੱਖਰੀ ਰਾਜਨੀਤੀ ਕਰਨ ਲੱਗੇ

### ਮਹਾਂਰਾਸ਼ਟਰ ਵਿੱਚ ਮੁਸਲਮਾਨਾਂ ਨਾਲ ਰੱਖਣ ਲੱਗੇ ਦੋਸਤਾਨਾ ਸਬੰਧ

ਅਜੀਤ ਪਵਾਰ ਮਹਾਰਾਸ਼ਟਰ 'ਚ ਭਾਜਪਾ ਨਾਲ ਗੱਠਜੋੜ ਸਰਕਾਰ ਦਾ ਹਿੱਸਾ ਜ਼ਰੂਰ ਹਨ ਪਰ ਉਹ ਰਾਜਨੀਤੀ ਆਪਣੇ ਹਿਸਾਬ ਨਾਲ ਹੀ ਕਰ ਰਹੇ ਹਨ। ਵੱਡੀ ਗੱਲ ਇਹ ਵੀ ਹੈ ਕਿ ਇਸ ਦੇ ਬਾਵਜੂਦ ਭਾਜਪਾ ਉਨ੍ਹਾਂ ਨੂੰ ਨਿਭਾ ਰਹੀ ਹੈ। ਅਜੀਤ ਪਵਾਰ ਨੇ ਮਹਾਰਾਸ਼ਟਰ 'ਚ ਚੋਣ ਪ੍ਰਚਾਰ ਦੇ ਵਿੱਚ 'ਬਟੋਗੇ ਤਾਂ ਕਟੋਗੇ' ਦੇ ਨਾਅਰੇ ਦਾ ਖੁੱਲ੍ਹ ਕੇ ਵਿਰੋਧ ਕੀਤਾ ਸੀ ਅਤੇ ਇੱਥੋਂ ਤੱਕ ਕਹਿ ਦਿੱਤਾ ਸੀ ਕਿ ਉੱਤਰ ਪ੍ਰਦੇਸ਼ ਅਤੇ ਬਿਹਾਰ 'ਚ ਅਜਿਹਾ ਨਾਅਰਾ ਲਗਦਾ ਹੋਵੇਗਾ, ਮਹਾਰਾਸ਼ਟਰ 'ਚ ਨਹੀਂ ਚੱਲੇਗਾ। ਉਨ੍ਹਾਂ ਨੇ ਭਾਜਪਾ ਦੇ ਨਾਲ ਹੁੰਦੇ ਹੋਏ ਵੀ ਉਸ ਦੀ ਫ਼ਿਰਕੂ ਰਾਜਨੀਤੀ ਨੂੰ ਖਾਰਜ ਕਰ ਦਿੱਤਾ ਸੀ। ਇੰਨਾ ਹੀ ਨਹੀਂ ਅਜੀਤ ਪਵਾਰ ਨੇ ਮੁਸਲਿਮ ਉਮੀਦਵਾਰ ਵੀ ਉਤਾਰੇ ਅਤੇ ਆਪਣੇ ਇੱਕ ਮੁਸਲਿਮ ਵਿਧਾਇਕ ਨੂੰ ਰਾਜ ਦੀ ਦੇਵੇਂਦਰ ਫ਼ੜਨਵੀਸ ਸਰਕਾਰ 'ਚ ਮੰਤਰੀ ਵੀ ਬਣਵਾਇਆ ਹੈ। ਨਵਾਂ ਘਟਨਾਕ੍ਰਮ ਇਹ ਹੈ ਕਿ ਸਰਕਾਰ ਬਣਨ ਤੋਂ ਬਾਅਦ ਮਹਾਰਾਸ਼ਟਰ ਸਰਕਾਰ 'ਚ ਸ਼ਾਮਿਲ ਤਿੰਨੇ ਪਾਰਟੀਆਂ ਦੇ ਵਿਧਾਇਕਾਂ ਨੂੰ 19 ਦਸੰਬਰ ਨੂੰ ਨਾਗਪੁਰ ਸਥਿਤ ਆਰ.ਐੱਸ.ਐੱਸ. ਦੇ ਹੈੱਡਕੁਆਰਟਰ 'ਚ ਬੁਲਾਇਆ ਗਿਆ ਸੀ। ਵਿਧਾਨ ਸਭਾ ਦਾ ਸਰਦ ਰੁੱਤ ਦਾ ਇਜਲਾਸ ਵੀ ਰਾਜਧਾਨੀ ਨਾਗਪੁਰ 'ਚ ਹੀ ਚੱਲ ਰਿਹਾ ਸੀ



ਭਾਜਪਾ ਅਤੇ ਏਕਨਾਥ ਸ਼ਿੰਦੇ ਦੀ ਸ਼ਿਵ ਸੈਨਾ ਦੇ ਸਾਰੇ ਵਿਧਾਇਕ ਤਾਂ ਆਰ.ਐੱਸ.ਐੱਸ. ਹੈੱਡਕੁਆਰਟਰ ਗਏ ਪਰ ਅਜੀਤ ਪਵਾਰ ਨੇ ਇਨਕਾਰ ਕਰ ਦਿੱਤਾ।

ਦੱਸਿਆ ਜਾ ਰਿਹਾ ਹੈ ਕਿ ਅਜੀਤ ਪਵਾਰ ਨੇ ਆਪਣੇ ਸਾਰੇ ਵਿਧਾਇਕਾਂ ਨੂੰ ਨਿਰਦੇਸ਼ ਦਿੱਤਾ ਸੀ ਕਿ ਸੰਘ ਹੈੱਡਕੁਆਰਟਰ ਜਾਣ ਦੀ ਜ਼ਰੂਰਤ ਨਹੀਂ ਹੈ। ਅਜਿਹਾ ਲੱਗ ਰਿਹਾ ਹੈ ਕਿ ਉਹ ਭਾਵੇਂ ਹਾਲੇ ਭਾਜਪਾ ਦੇ ਨਾਲ ਹਨ, ਪਰ ਉਹ ਵੱਖ ਹੋ ਕੇ ਰਾਜਨੀਤੀ ਕਰਨ ਦੀ ਸੰਭਾਵਨਾ ਨੂੰ ਵੀ ਜ਼ਿੰਦਾ ਰੱਖ ਰਹੇ ਹਨ। ਇਸ ਲਈ ਉਹ ਆਪਣੇ ਚਾਚਾ ਸ਼ਰਦ ਪਵਾਰ ਦੇ ਅੰਦਾਜ਼ 'ਚ ਰਾਜਨੀਤੀ ਕਰ ਰਹੇ ਹਨ।

## ਭਾਜਪਾ ਨੂੰ ਰਾਹੁਲ ਗਾਂਧੀ ਹੁਣ ਪੱਪੂ ਨਹੀਂ, ਗੁੰਡਾ ਜਾਪਦਾ ਹੈ

ਭਾਜਪਾ ਆਗੂਆਂ ਨੇ ਰਾਹੁਲ ਗਾਂਧੀ ਨੂੰ ਹੁਣ ਪੱਪੂ ਕਹਿਣਾ ਬੰਦ ਕਰ ਦਿੱਤਾ ਹੈ। ਭਾਜਪਾ ਨੂੰ ਲਗਦਾ ਹੈ ਕਿ ਵਿਰੋਧੀ ਧਿਰ ਦੇ ਨੇਤਾ ਦੀ ਭੂਮਿਕਾ 'ਚ ਜੇਕਰ ਰਾਹੁਲ ਨੂੰ ਸਥਾਪਿਤ ਹੋਣ ਦਿੱਤਾ ਗਿਆ ਤਾਂ ਉਹ ਮੁਸ਼ਕਿਲ ਚੁਣੌਤੀ ਬਣ ਜਾਣਗੇ। ਇਸ ਲਈ ਹੁਣ ਉਨ੍ਹਾਂ ਨੂੰ ਅਰਾਜਕ, ਗੁੰਡਾ, ਲੰਪਟ ਆਦਿ ਠਹਿਰਾਉਣ ਦੀ ਮੁਹਿੰਮ ਸ਼ੁਰੂ ਹੋ ਗਈ ਹੈ। ਕਹਿ ਸਕਦੇ ਹਾਂ ਕਿ ਵਿਰੋਧੀ ਧਿਰ ਦੇ ਨੇਤਾ ਬਣਨ ਤੋਂ ਬਾਅਦ ਰਾਹੁਲ ਨਾਲ ਨਜਿੱਠਣ ਦਾ ਭਾਜਪਾ ਦਾ ਤਰੀਕਾ ਬਦਲ ਗਿਆ ਹੈ। ਭਾਜਪਾ ਦਾ 'ਈਕੋਸਿਸਟਮ' ਇਹ ਵੀ ਪ੍ਰਚਾਰਿਤ ਕਰ ਰਿਹਾ ਹੈ ਕਿ ਹੁਣ ਪ੍ਰਿਅੰਕਾ ਗਾਂਧੀ ਵਾਡਰਾ ਸੰਸਦ ਵਿੱਚ ਆ ਗਈ ਹੈ, ਜੋ ਰਾਹੁਲ ਤੋਂ ਬਿਹਤਰ



ਵਕਤਾ ਅਤੇ ਨੇਤਾ ਹੈ। ਇਸ ਦੌਰਾਨ ਸੰਸਦ ਇਜਲਾਸ 'ਚ ਡਾ. ਅੰਬੇਡਕਰ ਦੇ ਮਸਲੇ 'ਤੇ ਹੋਏ ਵਿਵਾਦ ਨੇ ਭਾਜਪਾ ਨੂੰ ਮੌਕਾ ਦੇ ਦਿੱਤਾ। ਇਹ ਸੰਯੋਗ ਸੀ ਜਾਂ ਪ੍ਰਯੋਗ, ਨਹੀਂ ਕਿਹਾ ਜਾ ਸਕਦਾ ਪਰ ਇਸ ਘਟਨਾਕ੍ਰਮ ਨਾਲ ਰਾਹੁਲ ਦਾ ਅਕਸ ਵਿਗਾੜਨ ਦਾ ਮੌਕਾ ਭਾਜਪਾ ਨੂੰ ਜ਼ਰੂਰ ਮਿਲ ਗਿਆ। ਹੁਣ ਭਾਜਪਾ ਨੇ ਉਨ੍ਹਾਂ ਨੂੰ ਗੁੰਡਾ ਅਤੇ ਲੰਪਟ ਕਹਿਣਾ ਸ਼ੁਰੂ ਕਰ ਦਿੱਤਾ ਹੈ। ਇਹ ਆਪਣੇ ਆਪ ਨਹੀਂ ਹੋਇਆ ਕਿ ਨਾਗਾਲੈਂਡ ਤੋਂ ਭਾਜਪਾ ਸੰਸਦ ਮੈਂਬਰ ਫ਼ਾਂਗਨੋਨ ਕੋਨਿਯਾਕ ਨੇ ਰਾਹੁਲ ਗਾਂਧੀ 'ਤੇ ਦੁਰਵਿਵਹਾਰ ਕਰਨ ਦਾ ਦੋਸ਼ ਲਗਾਇਆ ਹੈ। ਸੰਸਦ ਦੇ ਮਕਰ ਦੁਆਰ 'ਤੇ ਪ੍ਰਦਰਸ਼ਨ ਦੌਰਾਨ ਸੰਸਦ ਮੈਂਬਰਾਂ ਦਾ ਇੱਕ-ਦੂਜੇ ਦੇ ਨੇੜੇ ਆਉਣਾ ਜਾਂ ਇੱਕ-ਦੂਜੇ ਨਾਲ ਟਕਰਾਉਣਾ ਬਹੁਤ ਆਮ ਗੱਲ ਹੈ ਪਰ ਕੋਨਿਯਾਕ ਨੇ ਕਿਹਾ ਕਿ ਰਾਹੁਲ ਉਨ੍ਹਾਂ ਦੇ ਬਹੁਤ ਨੇੜੇ ਆ ਗਏ ਸਨ, ਜਿਸ ਨਾਲ ਉਹ ਅਸਹਿਜ ਮਹਿਸੂਸ ਕਰ ਰਹੀ ਸੀ। ਸੰਸਦ ਦੇ ਇਤਿਹਾਸ 'ਚ ਇਹ ਪਹਿਲਾ ਮੌਕਾ ਹੈ, ਜਦੋਂ ਕਿਸੇ ਮਹਿਲਾ ਸੰਸਦ ਮੈਂਬਰ ਨੇ ਅਜਿਹਾ ਦੋਸ਼ ਲਗਾਇਆ ਅਤੇ ਮਹਿਲਾ ਕਮਿਸ਼ਨ ਨੇ ਤਤਕਾਲ ਨੋਟਿਸ ਲੈਂਦਿਆਂ ਸਪੀਕਰ ਅਤੇ ਸਭਾਪਤੀ ਤੋਂ ਕਾਰਵਾਈ ਕਰਨ ਦੀ ਮੰਗ ਕਰ ਦਿੱਤੀ।

# ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਦਾ ਮਰਨ ਵਰਤ ਜਾਰੀ

## ਜੇ ਕੇਂਦਰ ਗੱਲਬਾਤ ਦੀ ਪੇਸ਼ਕਸ਼ ਕਰੇ ਤਾਂ ਡੱਲੇਵਾਲ ਲੈ ਸਕਦੇ ਨੇ ਮੈਡੀਕਲ ਸਹਾਇਤਾ

ਨਵੀਂ ਦਿੱਲੀ/ਏ.ਟੀ.ਨਿਊਜ਼: ਸੁਪਰੀਮ ਕੋਰਟ ਨੇ ਮਰਨ ਵਰਤ 'ਤੇ ਬੈਠੇ ਕਿਸਾਨ ਆਗੂ ਜਗਜੀਤ ਡੱਲੇਵਾਲ ਨੂੰ ਹਸਪਤਾਲ ਤਬਦੀਲ ਕਰਨ ਸਬੰਧੀ ਅਦਾਲਤੀ ਫ਼ੈਸਲਾ ਲਾਗੂ ਕਰਵਾਉਣ ਲਈ ਪੰਜਾਬ ਸਰਕਾਰ ਨੂੰ ਦੋ ਹੋਰ ਦਿਨਾਂ ਦੀ ਮੋਹਲਤ ਦਿੱਤੀ ਹੈ। ਦੂਜੇ ਪਾਸੇ ਪੰਜਾਬ ਸਰਕਾਰ ਵੱਲੋਂ ਪੇਸ਼ ਐਡਵੋਕੇਟ ਜਨਰਲ ਗੁਰਮਿੰਦਰ ਸਿੰਘ ਨੇ ਅਦਾਲਤ ਨੂੰ ਦੱਸਿਆ ਕਿ ਮਰਨ ਵਰਤ 'ਤੇ ਬੈਠੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਮੈਡੀਕਲ ਸਹਾਇਤਾ ਲੈਣ ਲਈ ਤਿਆਰ ਹਨ, ਜੇਕਰ ਕੇਂਦਰ ਸਰਕਾਰ ਉਨ੍ਹਾਂ ਦੀ ਗੱਲਬਾਤ ਕਰਨ ਦੀ ਤਜਵੀਜ਼ ਮੰਨ ਲੈਂਦੀ ਹੈ।

ਜਾਣਕਾਰੀ ਮੁਤਾਬਕ ਜਸਟਿਸ ਸੂਰਿਆ ਕਾਂਤ ਤੇ ਜਸਟਿਸ ਸੁਧਾਂਸ਼ੂ ਧੂਲੀਆ ਦੇ ਵਕੇਸ਼ਨ ਬੈਂਚ ਨੇ ਕਿਹਾ,'ਸਾਰੇ ਹਾਲਾਤ ਅਤੇ ਕਾਨੂੰਨੀ ਹਿੱਤਾਂ ਦੇ ਮੱਦੇਨਜ਼ਰ ਅਸੀਂ ਅਦਾਲਤ ਵੱਲੋਂ ਜਾਰੀ ਹੁਕਮਾਂ ਨੂੰ ਲਾਗੂ ਕਰਵਾਉਣ ਲਈ ਕੁਝ ਹੋਰ ਸਮਾਂ ਦੇਣ ਦੀ ਗੁਜ਼ਾਰਿਸ਼ ਮਨਜ਼ੂਰ ਕਰਦੇ ਹਾਂ ਜਦਕਿ ਪੰਜਾਬ ਦੇ ਮੁੱਖ ਸਕੱਤਰ ਤੇ ਡੀਜੀਪੀ ਖ਼ਿਲਾਫ਼ ਅਦਾਲਤੀ ਹੁਕਮਾਂ ਦੀ ਮਾਣਹਾਨੀ ਸਬੰਧੀ ਪਟੀਸ਼ਨ 'ਤੇ ਸੁਣਵਾਈ 2 ਜਨਵਰੀ ਨੂੰ ਕਰਨ ਦਾ ਫ਼ੈਸਲਾ ਕੀਤਾ ਗਿਆ ਹੈ। ਇਹ ਫ਼ੈਸਲਾ ਪੰਜਾਬ ਦੇ ਐਡਵੋਕੇਟ ਜਨਰਲ ਗੁਰਮਿੰਦਰ ਸਿੰਘ ਵੱਲੋਂ ਅਦਾਲਤ ਨੂੰ ਇਹ ਦੱਸਣ ਮਗਰੋਂ ਆਇਆ ਹੈ ਕਿ ਦੋਵਾਂ ਧਿਰਾਂ ਵਿੱਚ ਗੱਲਬਾਤ ਕਰਨ ਵਾਲਿਆਂ ਵੱਲੋਂ ਧਰਨੇ ਵਾਲੀ ਥਾਂ ਦਾ ਦੌਰਾ ਕੀਤਾ ਗਿਆ ਸੀ ਤੇ ਅਦਾਲਤੀ ਹੁਕਮ ਲਾਗੂ ਕਰਨ ਲਈ 7,000 ਮੁਲਾਜ਼ਮ ਤਾਇਨਾਤ ਕਰ ਕੇ ਯਤਨ ਕੀਤੇ ਗਏ ਸਨ। ਇਸ ਦੌਰਾਨ ਕਿਸਾਨ ਜਥੇਬੰਦੀਆਂ ਵੱਲੋਂ ਸੋਮਵਾਰ ਨੂੰ ਦਿੱਤੇ ਗਏ 'ਪੰਜਾਬ ਬੰਦ' ਦੇ ਸੱਦੇ ਕਾਰਨ ਆਵਾਜਾਈ ਬੰਦ ਰਹੀ। ਉਨ੍ਹਾਂ ਅਦਾਲਤੀ ਫ਼ੈਸਲਾ ਲਾਗੂ ਕਰਵਾਉਣ ਲਈ ਤਿੰਨ ਹੋਰ ਦਿਨਾਂ ਦੀ ਮੋਹਲਤ ਮੰਗੀ। ਇਸ ਦੌਰਾਨ ਸੌਲਿਸਿਟਰ ਜਨਰਲ ਤੁਸ਼ਾਰ ਮਹਿਤਾ ਨੇ ਕਿਹਾ ਕਿ ਉਹ ਪੰਜਾਬ ਦੇ ਐਡਵੋਕੇਟ ਜਨਰਲ ਵੱਲੋਂ ਦਿੱਤੇ ਗਏ ਜੁਆਬ ਬਾਰੇ ਕੁਝ ਵੀ ਨਹੀਂ ਕਹਿਣਾ ਚਾਹੁੰਦੇ। ਇਸ 'ਤੇ ਜਸਟਿਸ ਕਾਂਤ ਨੇ ਕਿਹਾ,'ਜੇਕਰ ਅਜਿਹਾ ਕੁਝ ਵਾਪਰਦਾ ਹੈ, ਜੋ ਦੋਵਾਂ ਧਿਰਾਂ ਨੂੰ ਮਨਜ਼ੂਰ ਹੋਵੇ, ਸਾਨੂੰ ਬਰਾਬਰ ਹੀ ਖ਼ੁਸ਼ੀ ਹੋਵੇਗੀ। ਹੁਣ ਲਈ, ਅਸੀਂ ਸਿਰਫ਼ ਆਪਣੇ ਹੁਕਮਾਂ ਦੀ ਪਾਲਣਾ ਕਰਵਾਉਣਾ ਚਾਹੁੰਦੇ ਹਾਂ।' ਦੱਸਣਯੋਗ ਹੈ ਕਿ ਕਿਸਾਨ ਆਗੂ ਜਗਜੀਤ ਡੱਲੇਵਾਲ ਖਨੌਰੀ ਬਾਰਡਰ 'ਤੇ ਬੀਤੀ 26 ਨਵੰਬਰ ਤੋਂ ਮਰਨ ਵਰਤ 'ਤੇ ਬੈਠੇ ਹਨ। ਮੁਹਾਲੀ ਦੇ ਲਾਭ ਸਿੰਘ ਵੱਲੋਂ ਦਾਇਰ ਮਾਣਹਾਨੀ ਪਟੀਸ਼ਨ 'ਤੇ ਸੁਣਵਾਈ ਕਰਦਿਆਂ ਸੁਪਰੀਮ ਕੋਰਟ ਨੇ 27 ਦਸੰਬਰ ਨੂੰ ਪੰਜਾਬ ਸਰਕਾਰ ਨੂੰ ਡੱਲੇਵਾਲ ਨੂੰ ਹਸਪਤਾਲ ਦਾਖ਼ਲ ਕਰਵਾਉਣ ਸਬੰਧੀ ਸਰਵਉੱਚ ਅਦਾਲਤ ਵੱਲੋਂ ਦਿੱਤਾ ਗਿਆ ਫ਼ੈਸਲਾ ਲਾਗੂ ਕਰਨ 'ਚ ਅਸਫ਼ਲ ਰਹਿਣ 'ਤੇ ਨੋਟਿਸ ਜਾਰੀ ਕੀਤਾ ਸੀ। ਇਸ ਦੌਰਾਨ 28 ਦਸੰਬਰ ਨੂੰ ਦੋਵਾਂ ਉੱਚ ਅਧਿਕਾਰੀਆਂ ਨੇ ਸਥਿਤੀ ਸਪੱਸ਼ਟ ਕਰਦਿਆਂ ਵੱਖੋ-ਵੱਖਰੇ ਹਲਫ਼ਨਾਮੇ ਦਾਇਰ ਕੀਤੇ ਸਨ। ਹਾਲਾਂਕਿ ਬੈਂਚ ਨੇ ਇਸ 'ਤੇ ਤਸੱਲੀ ਨਹੀਂ ਪ੍ਰਗਟਾਈ ਸੀ।



**ਦੋਵਾਂ ਅਧਿਕਾਰੀਆਂ ਨੂੰ ਅਗਲੀ ਪੇਸ਼ੀ 'ਤੇ ਮੌਜੂਦ ਰਹਿਣ ਦੇ ਹੁਕਮ**

ਵਰਚੁਅਲ ਸੁਣਵਾਈ ਦੌਰਾਨ ਪੰਜਾਬ ਦੇ ਮੁੱਖ ਸਕੱਤਰ ਕੇ.ਏ.ਪੀ. ਸਿਨਹਾ ਅਤੇ ਡੀ.ਜੀ.ਪੀ. ਗੌਰਵ ਯਾਦਵ ਨੂੰ ਵੀਰਵਾਰ ਨੂੰ ਅਗਲੀ ਸੁਣਵਾਈ ਮੌਕੇ ਵੀ ਮੌਜੂਦ ਰਹਿਣ ਲਈ ਆਖਿਆ ਗਿਆ ਹੈ। ਬੀਤੀ 28 ਦਸੰਬਰ ਨੂੰ ਸਰਵਉੱਚ ਅਦਾਲਤ ਨੇ ਮੁੱਖ ਸਕੱਤਰ ਸ੍ਰੀ ਸਿਨਹਾ ਤੇ ਡੀ.ਜੀ.ਪੀ. ਸ੍ਰੀ ਯਾਦਵ ਨੂੰ ਚਿਤਾਵਨੀ ਦਿੱਤੀ ਸੀ ਕਿ ਜੇਕਰ ਡੱਲੇਵਾਲ ਨੂੰ ਹਸਪਤਾਲ ਤਬਦੀਲ ਕਰਨ ਦੇ

(ਬਾਕੀ ਸਫ਼ਾ 30 'ਤੇ)

### ਕਿਸਾਨਾਂ ਨਾਲ ਟਕਰਾਅ ਵਿੱਚ ਨਹੀਂ ਪੈਣਾ ਚਾਹੁੰਦੀ ਪੰਜਾਬ ਸਰਕਾਰ

ਚੰਡੀਗੜ੍ਹ/ਏ.ਟੀ.ਨਿਊਜ਼ :ਖਨੌਰੀ ਬਾਰਡਰ 'ਤੇ ਮਰਨ ਵਰਤ 'ਤੇ ਬੈਠੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਦੇ ਮਾਮਲੇ 'ਚ ਪੰਜਾਬ ਸਰਕਾਰ ਦੀ ਟੇਕ ਹੁਣ ਕੇਂਦਰ ਸਰਕਾਰ 'ਤੇ ਹੈ। ਉਂਜ, ਸੁਪਰੀਮ ਕੋਰਟ ਵੱਲੋਂ ਅੱਜ ਦੋ ਦਿਨਾਂ ਦੀ ਮੋਹਲਤ ਦਿੱਤੇ ਜਾਣ ਨਾਲ ਸੂਬਾ ਸਰਕਾਰ ਨੂੰ ਆਰਜ਼ੀ ਰਾਹਤ ਜ਼ਰੂਰ ਮਿਲੀ ਹੈ। ਪੰਜਾਬ ਸਰਕਾਰ ਦੀਆਂ ਨਜ਼ਰਾਂ ਹੁਣ ਕੇਂਦਰ ਸਰਕਾਰ 'ਤੇ ਲੱਗੀਆਂ ਹੋਈਆਂ ਹਨ ਕਿ ਕੇਂਦਰ ਸਰਕਾਰ ਕਿਸਾਨਾਂ ਨੂੰ ਗੱਲਬਾਤ ਦਾ ਰਸਮੀ ਸੱਦਾ ਕਦੋਂ ਭੇਜਦੀ ਹੈ। ਇਸ ਮਾਮਲੇ ਦੀ ਅਗਲੀ ਸੁਣਵਾਈ ਸੁਪਰੀਮ ਕੋਰਟ ਵਿੱਚ 2 ਜਨਵਰੀ ਨੂੰ ਹੋਣੀ ਹੈ।

ਪੰਜਾਬ ਦੇ ਐਡਵੋਕੇਟ ਜਨਰਲ ਨੇ ਦਾਇਰ ਹਲਫ਼ੀਆ ਬਿਆਨ 'ਚ ਕਿਹਾ ਹੈ ਕਿ ਕਿਸਾਨਾਂ ਵੱਲੋਂ ਕੇਂਦਰ ਨੂੰ ਪ੍ਰਸਤਾਵ ਭੇਜਿਆ ਗਿਆ ਹੈ ਕਿ ਜੇ ਕੇਂਦਰ ਗੱਲਬਾਤ ਦਾ ਰਾਹ ਖੋਲ੍ਹਦਾ ਹੈ ਤਾਂ ਉਹ ਮੈਡੀਕਲ ਸਹਾਇਤਾ ਲੈਣ ਬਾਰੇ ਸੋਚ ਸਕਦੇ ਹਨ। ਪੰਜਾਬ ਸਰਕਾਰ ਨੂੰ ਅੱਜ ਕੇਂਦਰ ਸਰਕਾਰ ਦੇ ਸੱਦੇ ਦੀ ਉਡੀਕ ਬਣੀ ਰਹੀ। ਸੂਬਾ ਸਰਕਾਰ ਇਸ ਗੱਲੋਂ ਵੀ ਰਾਹਤ ਮਹਿਸੂਸ ਕਰ ਰਹੀ ਹੈ ਕਿ ਸੰਯੁਕਤ ਕਿਸਾਨ ਮੋਰਚਾ (ਗੈਰ-ਸਿਆਸੀ) ਨੇ ਗੱਲਬਾਤ ਲਈ ਹਾਮੀ ਭਰੀ ਹੈ।

ਸੂਤਰ ਦੱਸਦੇ ਹਨ ਕਿ ਕੇਂਦਰੀ ਖੇਤੀ ਮੰਤਰਾਲਾ ਗੱਲਬਾਤ ਲਈ ਸੱਦਾ ਭੇਜਦਾ ਹੈ ਤਾਂ ਮਰਨ ਵਰਤ 'ਤੇ ਬੈਠੇ ਡੱਲੇਵਾਲ ਦੀ ਜ਼ਿੰਦਗੀ ਦਾ ਫ਼ੌਰੀ ਖ਼ਤਰਾ ਟਲ ਜਾਵੇਗਾ। ਪੰਜਾਬ ਸਰਕਾਰ ਪਿਛਲੇ ਕੁੱਝ ਦਿਨਾਂ ਤੋਂ ਇਸ ਮਾਮਲੇ 'ਤੇ ਕਾਫ਼ੀ ਚਿੰਤਤ ਹੈ। ਮੁੱਖ ਮੰਤਰੀ ਭਗਵੰਤ ਮਾਨ ਲਗਾਤਾਰ ਉੱਚ ਅਧਿਕਾਰੀਆਂ ਨੂੰ ਦਿਸ਼ਾ ਨਿਰਦੇਸ਼ ਜਾਰੀ ਕਰ ਰਹੇ ਹਨ। ਉਹ ਕਿਸੇ ਸੂਰਤ 'ਚ ਕਿਸਾਨਾਂ ਨਾਲ ਟਕਰਾਅ ਵਿੱਚ ਨਹੀਂ ਪੈਣਾ ਚਾਹੁੰਦੇ।

## ਬੀਤੇ ਸਾਲ ਦੌਰਾਨ ਵਾਪਰੀਆਂ ਪੰਜਾਬ ਤੇ ਪੰਥ ਨਾਲ ਜੁੜੀਆਂ ਕੌੜੀਆਂ ਤੇ ਮਿੱਠੀਆਂ ਘਟਨਾਵਾਂ

5 ਜਨਵਰੀ -ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਸਾਬਕਾ ਜਥੇਦਾਰ ਬਲਵੰਤ ਸਿੰਘ ਨੰਦਗੜ੍ਹ ਦਾ ਦੇਹਾਂਤ ਹੋਇਆ।

13 ਫ਼ਰਵਰੀ - ਦਿੱਲੀ ਵਲ ਵਧ ਰਹੇ ਕਿਸਾਨਾਂ ਨੂੰ ਹਰਿਆਣਾ ਪੁਲਿਸ ਨੇ ਸ਼ੰਭੂ ਸਰਹੱਦ 'ਤੇ ਰੋਕਿਆ ।

13 ਫ਼ਰਵਰੀ - ਸ਼੍ਰੋਮਣੀ ਅਕਾਲੀ ਦਲ ਤੇ ਬਸਪਾ ਦਾ ਟੁੱਟਿਆ ਗੱਠਜੋੜ।

18 ਫ਼ਰਵਰੀ - ਡਾ: ਇੰਦਰਬੀਰ ਸਿੰਘ ਨਿੱਝਰ ਮੁੜ ਬਣੇ ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ।

5 ਮਾਰਚ - ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਦਾ ਸ਼੍ਰੋਮਣੀ ਅਕਾਲੀ ਦਲ (ਬਾਦਲ) ਵਿੱਚ ਰਲੇਵਾਂ ਹੋਇਆ।

17 ਮਾਰਚ - ਪ੍ਰਸਿੱਧ ਮਰਹੂਮ ਪੰਜਾਬੀ ਗਾਇਕ ਤੇ ਅਦਾਕਾਰ ਸ਼ੁਭਦੀਪ ਸਿੰਘ ਉਰਫ਼ ਸਿੱਧੂ ਮੂਸੇਵਾਲ ਦੇ ਘਰ (ਭਰਾ) ਛੋਟੇ ਸਿੱਧੂ ਦਾ ਜਨਮ।

19 ਮਾਰਚ -ਪੰਜਾਬ ਸਰਕਾਰ ਨੇ ਭਾਈ ਅੰਮ੍ਰਿਤਪਾਲ ਸਿੰਘ ਤੇ 10 ਸਾਥੀਆਂ 'ਤੇ ਐਨ.ਐਸ.ਏ. ਇੱਕ ਸਾਲ ਲਈ ਵਧਾਇਆ।

28 ਮਾਰਚ - ਉਤਰਾਖੰਡ ਦੇ ਊਧਮ ਸਿੰਘ ਨਗਰ ਜ਼ਿਲ੍ਹੇ 'ਚ ਗੁਰਦੁਆਰਾ ਨਾਨਕਮਤਾ ਸਾਹਿਬ ਦੇ ਡੇਰਾ ਕਾਰ ਸੇਵਾ ਮੁੱਖੀ ਬਾਬਾ ਤਰਸੇਮ ਸਿੰਘ ਦੀ ਗੋਲੀਆਂ ਮਾਰ ਕੇ ਹੱਤਿਆ।

31 ਮਾਰਚ - ਆਦਮਪੁਰ ਹਵਾਈ ਅੱਡੇ 'ਚ ਸਿੱਖ ਸੰਗਤ ਦੀ ਜ਼ੋਰਦਾਰ ਮੰਗ 'ਤੇ ਭਾਰਤ ਸਰਕਾਰ ਨੇ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਲਈ ਉਡਾਣ ਕੀਤੀ ਸ਼ੁਰੂ।

9 ਅਪ੍ਰੈਲ - ਸ੍ਰੀ ਦਰਬਾਰ ਸਾਹਿਬ ਸਮੂਹ ਸਥਿਤ ਕੇਂਦਰੀ ਸਿੱਖ ਅਜਾਇਬ ਘਰ ਵਿੱਚ ਸ਼੍ਰੋਮਣੀ ਕਮੇਟੀ ਵੱਲੋਂ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਹਰਚਰਨ ਸਿੰਘ ਮਹਾਲੋਂ, ਸਾਹਿਬਜ਼ਾਦਿਆਂ ਦੀ ਸ਼ਹਾਦਤ ਦੇ ਬਿਰਤਾਂਤ ਨੂੰ ਕਾਵਿ ਰੂਪ ਵਿੱਚ ਕਲਮਬੰਦ ਕਰਨ ਤੇ ਸਿਰਜਣ ਵਾਲੇ ਅੱਲਾ ਯਾਰ ਖਾਂ ਜੋਗੀ, ਕਾਰ ਸੇਵਾ ਸੰਪ੍ਰਦਾਇ ਗੁਰੂ ਕਾ ਬਾਗ਼ ਦੇ ਮੁਖੀ ਬਾਬਾ ਹਜ਼ਾਰਾ ਸਿੰਘ ਅਤੇ ਗੁਰਮਤਿ ਸੰਗੀਤ ਮਾਰਤੰਡ ਪਦਮ ਸ੍ਰੀ ਪ੍ਰੋ: ਕਰਤਾਰ ਸਿੰਘ ਸ੍ਰੀ ਆਨੰਦਪੁਰ ਸਾਹਿਬ ਦੀਆਂ ਤਸਵੀਰਾਂ ਸੁਸ਼ੋਭਤ ਕੀਤੀਆਂ।

21 ਅਪ੍ਰੈਲ - ਪਹਿਲੇ ਸਿੱਖ ਕ੍ਰਿਕਟਰ ਅਤੇ ਤੇਜ਼ ਗੇਂਦਬਾਜ਼ ਮਹਿੰਦਰਪਾਲ ਸਿੰਘ ਪਾਕਿਸਤਾਨ ਵਹੀਲਚੇਅਰ ਕ੍ਰਿਕਟ ਟੀਮ ਦੇ ਮੁੱਖ ਕੋਚ ਨਿਯੁਕਤ।

25 ਅਪ੍ਰੈਲ - ਸਾਬਕਾ ਸਪੀਕਰ ਸੁਰਜੀਤ ਸਿੰਘ ਮਿਨਹਾਸ ਦਾ ਦੇਹਾਂਤ।

1 ਮਈ - ਦਮਦਮੀ ਟਕਸਾਲ ਦੇ 13ਵੇਂ ਮੁਖੀ ਸੰਤ ਗਿਆਨੀ ਕਰਤਾਰ ਸਿੰਘ ਭਿੰਡਰਵਾਲਿਆਂ ਦੇ ਭਤੀਜੇ ਜਨਰਲ ਸਕੱਤਰ ਸੰਤ ਸਮਾਜ ਤੇ ਮੁੱਖ ਬੁਲਾਰਾ ਦਮਦਮੀ ਟਕਸਾਲ ਬਾਬਾ ਬਲਵਿੰਦਰ ਸਿੰਘ ਦਾ ਕਤਲ।

10 ਮਈ - ਵਾਰਿਸ ਪੰਜਾਬ ਦੇ ਮੁਖੀ ਅਤੇ ਐੱਨ.ਐੱਸ.ਏ .ਦੀ ਸਖ਼ਤ ਧਾਰਾ ਅਧੀਨ ਆਸਾਮ ਦੀ ਡਿਬਰੂਗੜ੍ਹ ਜੇਲ੍ਹ ਵਿੱਚ ਬੰਦ ਭਾਈ ਅੰਮ੍ਰਿਤਪਾਲ ਸਿੰਘ ਵੱਲੋਂ ਹਲਕਾ ਖਡੂਰ ਸਾਹਿਬ ਤੋਂ ਆਜ਼ਾਦ ਉਮੀਦਵਾਰ ਵਜੋਂ ਕਾਗ਼ਜ਼ ਕੀਤੇ ਦਾਖ਼ਲ।

11 ਮਈ - 'ਮੈਂ ਨਹੀਂ ਰਹਾਂਗਾ, ਮੇਰੇ ਗੀਤ ਰਹਿਣਗੇ...' ਕਹਿਣ ਵਾਲੇ ਪਦਮ ਸ੍ਰੀ ਡਾ. ਸੁਰਜੀਤ ਸਿੰਘ ਪਾਤਰ ਦਾ ਦਿਹਾਂਤ।

22 ਮਈ - ਭਾਈ ਜਗਤਾਰ ਸਿੰਘ ਤਾਰਾ 12 ਸਾਲ ਪੁਰਾਣੇ ਕੇਸ ਵਿੱਚੋਂ ਬਰੀ ।

22 ਮਈ - ਨਿਊਜ਼ੀਲੈਂਡ ਵਾਸੀ ਭਾਰਤੀ ਮੂਲ ਦੇ 53 ਸਾਲਾਂ ਗੁਰਸਿੱਖ ਮਲਕੀਤ ਸਿੰਘ ਨੇ ਮਾਊਂਟ ਐਵਰੈਸਟ 'ਤੇ ਝੁਲਾਇਆ ਕੇਸਰੀ ਨਿਸ਼ਾਨ ਸਾਹਿਬ।

27 ਮਈ - ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਮੀਤ ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਭਾਈ ਮਨਜੀਤ ਸਿੰਘ ਵੱਲੋਂ ਅਕਾਲੀ ਦਲ ਤੋਂ ਅਸਤੀਫ਼ਾ।

4 ਜੂਨ - ਲੋਕ ਸਭਾ ਚੋਣਾਂ ਵਿੱਚ ਐਨ.ਡੀ.ਏ. ਨੇ 292 ਸੀਟਾਂ ਲੈ ਕੇ ਬਹੁਮਤ ਪ੍ਰਾਪਤ ਕੀਤਾ, ਪੰਜਾਬ ਵਿੱਚ ਕਾਂਗਰਸ ਨੂੰ 7, ਸ਼੍ਰੋਮਣੀ ਅਕਾਲੀ ਦਲ 1 ਆਪ 3 ਅਤੇ 2 ਸੀਟਾਂ ਆਜ਼ਾਦ ਉਮੀਦਵਾਰ ਭਾਈ ਅੰਮ੍ਰਿਤਪਾਲ ਸਿੰਘ ਅਤੇ ਭਾਈ ਸਰਬਜੀਤ ਸਿੰਘ ਖ਼ਾਲਸਾ ਰਹੇ ਜੇਤੂ।

6 ਜੂਨ - ਦਿੱਲੀ ਜਾਣ ਲਈ ਚੰਡੀਗੜ੍ਹ ਹਵਾਈ ਅੱਡੇ 'ਤੇ ਮਹਿਲਾ ਸੁਰੱਖਿਆ ਕਰਮੀ ਕੁਲਵਿੰਦਰ ਕੌਰ ਨੇ ਕੰਗਨਾ ਰਣੌਤ ਦੇ ਮਾਰਿਆ ਥੱਪੜ।

19 ਜੂਨ - ਪੰਜਾਬ ਸਰਕਾਰ ਨੇ ਖਡੂਰ ਸਾਹਿਬ ਤੋਂ ਰਿਕਾਰਡ ਵੋਟਾਂ ਨਾਲ ਲੋਕ ਸਭਾ ਚੋਣ ਜਿੱਤਣ ਵਾਲੇ ਭਾਈ ਅੰਮ੍ਰਿਤਪਾਲ ਸਿੰਘ ਤੇ ਸਾਥੀਆਂ ਨੂੰ ਐੱਨ.ਐੱਸ.ਏ. ਅਧੀਨ ਦੁਬਾਰਾ ਇੱਕ ਸਾਲ ਲਈ ਕੀਤਾ ਨਜ਼ਰਬੰਦ।

22 ਜੂਨ - ਪੰਜਾਬੀ ਫ਼ਿਲਮਾਂ 'ਚ ਵੱਖ-ਵੱਖ ਕਿਰਦਾਰਾਂ ਰਾਹੀਂ ਚੰਗੀ ਪਹਿਚਾਣ ਬਣਾਉਣ ਵਾਲੇ ਅਦਾਕਾਰ ਰਣਦੀਪ ਸਿੰਘ ਭੰਗੂ ਨਹੀਂ ਰਹੇ।

25 ਜੂਨ - ਹੁਸ਼ਿਆਰਪੁਰ ਦੇ ਚਾਰ ਵਾਰ ਲੋਕ ਸਭਾ ਮੈਂਬਰ ਕਮਲ ਚੌਧਰੀ ਦਾ ਦੇਹਾਂਤ।

26 ਜੂਨ - ਪ੍ਰੋ. ਪ੍ਰਿਤਪਾਲ ਸਿੰਘ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਸ਼ਵ ਯੂਨੀਵਰਸਟੀ ਫ਼ਤਹਿਗੜ੍ਹ ਸਾਹਿਬ ਦੇ ਉਪ ਕੁਲਪਤੀ ਨਿਯੁਕਤ।

1 ਜੁਲਾਈ - ਅਕਾਲੀ ਸਰਕਾਰ ਵੇਲੇ ਦੀਆਂ ਭੁੱਲਾਂ ਗ਼ਲਤੀਆਂ ਦੀ ਖਿਮਾ ਯਾਚਨਾ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਪੁੱਜਾ ਬਾਗ਼ੀ ਅਕਾਲੀ ਧੜਾ।

5 ਜੁਲਾਈ - ਖਡੂਰ ਸਾਹਿਬ ਦੇ ਲੋਕ ਸਭਾ ਮੈਂਬਰ ਭਾਈ ਅੰਮ੍ਰਿਤਪਾਲ ਸਿੰਘ ਨੇ ਸੰਸਦ ਮੈਂਬਰ ਵਜੋਂ ਚੁੱਕੀ ਸਹੁੰ।

5 ਜੁਲਾਈ - ਜੱਥੇਬੰਦੀ ਦਲ ਖ਼ਾਲਸਾ ਦੇ ਮੋਢੀ ਮੈਂਬਰ ਭਾਈ ਗਜਿੰਦਰ ਸਿੰਘ ਦਾ ਦੇਹਾਂਤ ਤੇ ਸ੍ਰੀ ਨਨਕਾਣਾ ਸਾਹਿਬ ਵਿੱਚ ਅੰਤਿਮ ਸੰਸਕਾਰ।

15 ਜੁਲਾਈ - ਪੰਜ ਸਿੰਘ ਸਾਹਿਬਾਨ ਵੱਲੋਂ ਸੁਖਬੀਰ ਸਿੰਘ ਬਾਦਲ ਨੂੰ ਸ੍ਰੀ ਅਕਾਲ ਸਾਹਿਬ ਵਿਖੇ ਕੀਤਾ ਤਲਬ।

15 ਜੁਲਾਈ - ਅਕਾਲੀ ਦਲ ਦੇ ਬਾਗ਼ੀ ਧੜੇ ਨੇ ਗੁਰਪ੍ਰਤਾਪ ਸਿੰਘ ਵਡਾਲਾ ਨੂੰ ਸੁਧਾਰ ਲਹਿਰ ਦਾ ਕਨਵੀਨਰ ਚੁਣਿਆ।

23 ਜੁਲਾਈ - ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਕੋਰ ਕਮੇਟੀ ਭੰਗ।

29 ਜੁਲਾਈ - ਪੰਜ ਸਿੰਘ ਸਾਹਿਬਾਨ ਦੁਆਰਾ ਹੁਣ ਕੇਵਲ 'ਬਸੰਤੀ' ਅਤੇ 'ਨੀਲੇ' ਰੰਗ ਦੇ ਹੋਣਗੇ ਨਿਸ਼ਾਨ ਸਾਹਿਬ ਜਾਰੀ ਕੀਤਾ ਆਦੇਸ਼।

1 ਅਗਸਤ - ਸ਼੍ਰੋਮਣੀ ਅਕਾਲੀ ਦਲ ਵੱਲੋਂ ਸੁਖਦੇਵ ਸਿੰਘ ਢੀਂਡਸਾ ਵੀ ਪਾਰਟੀ 'ਚੋਂ ਬਰਤਰਫ਼।

27 ਅਗਸਤ - ਕੇਂਦਰੀ ਮੰਤਰੀ ਰਵਨੀਤ ਸਿੰਘ ਬਿੱਟੂ, ਕਿਰਨ ਚੌਧਰੀ ਸਮੇਤ ਭਾਜਪਾ ਦੇ ਕਈ ਮੈਂਬਰ ਬਿਨਾਂ ਵਿਰੋਧ ਰਾਜ ਸਭਾ ਮੈਂਬਰ ਬਣੇ।

29 ਅਗਸਤ - ਸ਼੍ਰੋਮਣੀ ਅਕਾਲੀ ਦਲ ਦੇ ਬਲਵਿੰਦਰ ਸਿੰਘ ਭੂੰਦੜ ਕਾਰਜਕਾਰੀ ਪ੍ਰਧਾਨ ਨਿਯੁਕਤ।

29 ਅਗਸਤ - ਸਾਬਕਾ ਮੰਤਰੀ ਸੁਰਜੀਤ ਸਿੰਘ ਕੋਹਲੀ ਦਾ ਦਿਹਾਂਤ।

30 ਅਗਸਤ - ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਪੰਜ ਸਿੰਘ ਸਾਹਿਬਾਨ ਵੱਲੋਂ ਸੁਖਬੀਰ ਸਿੰਘ ਬਾਦਲ ਤਨਖ਼ਾਹੀਆ ਕਰਾਰ।

31 ਅਗਸਤ - ਤਨਖ਼ਾਹੀਆ ਕਰਾਰ ਦਿਤੇ ਜਾਣ 'ਤੇ ਸੁਖਬੀਰ ਸਿੰਘ ਬਾਦਲ ਨੇ ਸ੍ਰੀ ਅਕਾਲ ਤਖ਼ਤ ਪੁੱਜੇ ਤੇ ਅਪਣਾ ਸਪੱਸ਼ਟੀਕਰਨ ਪੱਤਰ ਸਕੱਤਰੇਤ ਵਿਖੇ ਦਿੱਤਾ।

1 ਸਤੰਬਰ - ਏਅਰ ਮਾਰਸ਼ਲ ਤੇਜਿੰਦਰ ਸਿੰਘ ਨੇ ਭਾਰਤੀ ਹਵਾਈ ਫ਼ੌਜ ਦੇ ਉਪ ਮੁਖੀ ਦਾ ਅਹੁਦਾ ਸੰਭਾਲਿਆ।

13 ਸਤੰਬਰ - ਕਾਂਗਰਸ ਨੇਤਾ ਜਗਦੀਸ਼ ਟਾਈਟਲਰ ਦੇ ਖ਼ਿਲਾਫ਼ ਸਿੱਖ ਪਰਿਵਾਰ ਦੀ ਹਤਿਆ ਦੇ ਦੋਸ਼ ਤੈਅ।

21 ਸਤੰਬਰ - ਏਅਰ ਮਾਰਸ਼ਲ ਅਮਰਪ੍ਰੀਤ ਸਿੰਘ ਹਵਾਈ ਫ਼ੌਜ ਦਾ ਅਗਲਾ ਮੁਖੀ ਨਿਯੁਕਤ।

3 ਅਕਤੂਬਰ - ਸ਼੍ਰੋਮਣੀ ਅਕਾਲੀ ਦਲ ਦੇ ਸੁੱਚਾ ਸਿੰਘ ਲੰਗਾਹ ਨੂੰ ਮੁੜ ਪਾਰਟੀ 'ਚ ਕੀਤਾ ਸ਼ਾਮਲ।

3 ਅਕਤੂਬਰ - ਐਮ.ਪੀ. ਤਨਮਨਜੀਤ ਸਿੰਘ ਢੇਸੀ ਦੱਖਣੀ ਪੂਰਬੀ ਆਲ ਪਾਰਟੀ ਪਾਰਲੀਮੈਂਟਰੀ ਗਰੁੱਪ ਦੇ ਚੇਅਰਮੈਨ ਬਣੇ।

15 ਅਕਤੂਬਰ - ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਵੱਲੋਂ ਵਿਰਸਾ ਸਿੰਘ ਵਲਟੋਹਾ ਨੂੰ ਸ਼੍ਰੋਮਣੀ ਅਕਾਲੀ ਦਲ 'ਚ 10 ਸਾਲ ਲਈ ਕੱਢਣ ਦਾ ਆਦੇਸ਼।

24 ਅਕਤੂਬਰ - ਸ਼੍ਰੋਮਣੀ ਅਕਾਲੀ ਦਲ ਵੱਲੋਂ ਸੂਬੇ ਦੀਆਂ ਚਾਰ ਜ਼ਿਮਨੀ ਚੋਣਾਂ ਨਾ ਲੜਨ ਦਾ ਕੀਤਾ ਐਲਾਨ।

28 ਅਕਤੂਬਰ - ਐਡਵੋਕੇਟ ਹਰਜਿੰਦਰ ਸਿੰਘ ਧਾਮੀ ਲਗਾਤਾਰ ਚੌਥੀ ਵਾਰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਬਣੇ।

5 ਨਵੰਬਰ - ਬਹੁਜਨ ਸਮਾਜ ਪਾਰਟੀ ਪੰਜਾਬ ਦੇ ਅਵਤਾਰ ਸਿੰਘ ਕਰੀਮਪੁਰੀ ਬਣੇ ਸੂਬੇ ਦੇ ਪ੍ਰਧਾਨ।

7 ਨਵੰਬਰ - ਅਮਰੀਕਾ ਵਿੱਚ ਯੂਨੀਅਨ ਸਿਟੀ ਦਾ ਮੇਅਰ ਬਣਿਆ ਪਹਿਲਾ ਅੰਮ੍ਰਿਤਧਾਰੀ ਸਿੱਖ ਗੈਰੀ ਸਿੰਘ।

16 ਨਵੰਬਰ - ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਪ੍ਰਧਾਨਗੀ ਤੋਂ ਅਸਤੀਫ਼ਾ। ਬਲਵਿੰਦਰ ਸਿੰਘ ਭੂੰਦੜ ਕਾਰਜਕਾਰੀ ਪ੍ਰਧਾਨ ਬਣੇ।

22 ਨਵੰਬਰ - ਕੈਬਨਿਟ ਮੰਤਰੀ ਅਮਨ ਅਰੋੜਾ ਆਮ ਆਦਮੀ ਪਾਰਟੀ ਪੰਜਾਬ ਦੇ ਪ੍ਰਧਾਨ ਬਣੇ।

23 ਨਵੰਬਰ - ਜ਼ਿਮਨੀ ਚੋਣਾਂ ਵਿੱਚ ਪੰਜਾਬ ਦੀਆਂ ਚਾਰ ਵਿਚੋਂ ਤਿੰਨ ਸੀਟਾਂ ਤੇ ਆਪ ਨੇ ਕੀਤੀ ਜਿੱਤ ਹਾਸਲ। ਇੱਕ ਸੀਟ ਕਾਂਗਰਸ ਦੀ ਝੋਲੀ ਆਈ।

25 ਨਵੰਬਰ - ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਬਾਬਾ ਦਯਾ ਸਿੰਘ ਸੁਰ ਸਿੰਘ ਦਾ 'ਸ਼੍ਰੋਮਣੀ ਪੰਥ ਸੇਵਕ' ਦੀ ਉਪਾਧੀ ਨਾਲ ਸਨਮਾਨ।

30 ਨਵੰਬਰ - ਖਨੌਰੀ ਬਾਰਡਰ 'ਤੇ ਕਿਸਾਨ ਅੰਦੋਲਨ 'ਚ ਮੁੜ ਮਰਨ ਵਰਤ 'ਤੇ ਬੈਠੇ ਜਗਜੀਤ ਸਿੰਘ ਡੱਲੇਵਾਲ।

2 ਦਸੰਬਰ - ਪੰਜ ਸਿੰਘ ਸਾਹਿਬਾਨ ਵੱਲੋਂ ਸੁਖਬੀਰ ਸਿੰਘ ਬਾਦਲ ਸਮੇਤ ਅਕਾਲੀ ਲੀਡਰਸ਼ਿਪ ਨੂੰ ਲਾਈ ਧਾਰਮਿਕ ਸਜ਼ਾ। ਮਰਹੂਮ ਪ੍ਰਕਾਸ਼ ਸਿੰਘ ਬਾਦਲ ਤੋਂ 'ਫ਼ਖਰ-ਏ-ਕੌਮ' ਐਵਾਰਡ ਵਾਪਸ ਲੈਣ ਦਾ ਐਲਾਨ। ਤਿੰਨ ਸਾਬਕਾ ਜਥੇਦਾਰਾਂ ਦੇ ਸਪੱਸ਼ਟੀਕਰਨ ਰੱਦ। ਡਾ: ਉਪਿੰਦਰਜੀਤ ਕੌਰ, ਮਲੂਕਾ, ਬੰਗੀ ਅਤੇ ਭੌਰ ਨਹੀਂ ਹੋਏ ਸ਼ਾਮਲ।

4 ਦਸੰਬਰ - ਸ੍ਰੀ ਦਰਬਾਰ ਸਾਹਿਬ ਦੇ ਘੰਟਾ ਘਰ ਡਿਊਢੀ ਦੇ ਬਾਹਰ ਸੁਖਬੀਰ ਸਿੰਘ ਉੱਤੇ ਜਾਨਲੇਵਾ ਹਮਲਾ, ਸੁਰੱਖਿਆ ਕਰਮੀ ਦੀ ਮੁਸਤੈਦੀ ਕਾਰਨ ਵਾਲ-ਵਾਲ ਬਚੇ। ਹਮਲਾ ਕਰਨ ਵਾਲਾ ਭਾਈ ਨਰਾਇਣ ਸਿੰਘ ਚੌੜਾ ਪਿਸਤੌਲ ਸਣੇ ਕਾਬੂ ਤੇ ਗ੍ਰਿਫ਼ਤਾਰ।

7 ਦਸੰਬਰ - ਐਮ.ਪੀ ਤਨਮਨਜੀਤ ਸਿੰਘ ਢੇਸੀ ਰਾਸ਼ਟਰੀ ਸੁਰੱਖਿਆ ਰਣਨੀਤੀ ਕਮੇਟੀ ਦੇ ਮੈਂਬਰ ਬਣੇ।

11 ਦਸੰਬਰ - ਖਨੌਰੀ ਬਾਰਡਰ 'ਤੇ 17ਵੇਂ ਦਿਨ ਮਰਨ ਵਰਤ 'ਤੇ ਬੈਠੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਦੀ ਸਿਹਤ ਹੋਈ ਨਾਜ਼ੁਕ।

19 ਦਸੰਬਰ - ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਤੋਂ ਤਖ਼ਤ ਸ੍ਰੀ ਦਮਦਮਾ ਸਾਹਿਬ ਦੀ ਜਥੇਦਾਰੀ ਦਾ ਚਾਰਜ ਵਾਪਸ ਲਿਆ ਤੇ ਉਨ੍ਹਾਂ ਚਿਰ ਮੁੱਖ ਗ੍ਰੰਥੀ ਗਿਆਨੀ ਜਗਤਾਰ ਸਿੰਘ ਨਿਭਾਉਣਗੇ ਸੇਵਾਵਾਂ।

26 ਦਸੰਬਰ - ਪਹਿਲੇ ਸਿੱਖ ਆਗੂ ਤੇ ਦੇਸ਼ ਦੇ 14ਵੇਂ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਅਕਾਲ ਚਲਾਣਾ ਕਰ ਗਏ।

# 2024 ਦੌਰਾਨ ਪ੍ਰਮੁੱਖ ਸ਼ਖ਼ਸੀਅਤਾਂ ਸਮੇਤ ਕਰੀਬ ਪੰਜ ਕਰੋੜ ਸ਼ਰਧਾਲੂਆਂ ਨੇ ਦਰਬਾਰ ਸਾਹਿਬ ਦੇ ਕੀਤੇ ਦਰਸ਼ਨ






-ਸਾਲ 2024 ਦੌਰਾਨ ਦੇਸ਼-ਵਿਦੇਸ਼ ਦੀਆਂ ਅਨੇਕ ਪ੍ਰਮੁੱਖ ਸ਼ਖ਼ਸੀਅਤਾਂ, ਬਾਲੀਵੁੱਡ ਸਿਤਾਰਿਆਂ, ਚੀਫ਼ ਜਸਟਿਸ, ਭਾਰਤ ਵਿੱਚ ਵੱਖ-ਵੱਖ ਮੁਲਕਾਂ ਦੇ ਰਾਜਦੂਤਾਂ ਤੇ ਨਾਮਵਰ ਸਿਆਸਤਦਾਨਾਂ ਸਮੇਤ ਹੋਰ ਧਾਰਮਿਕ, ਸਿਆਸੀ ਆਗੂਆਂ ਤੇ ਦੇਸ਼ ਵਿਦੇਸ਼ ਦੇ ਕਰੀਬ 5 ਕਰੋੜ ਸ਼ਰਧਾਲੂਆਂ ਨੇ ਸ੍ਰੀ ਦਰਬਾਰ ਸਾਹਿਬ ਵਿਖੇ ਨਤਮਸਤਕ ਹੋ ਕੇ ਸ਼ਰਧਾ ਸਤਿਕਾਰ ਦਾ ਇਜ਼ਹਾਰ ਕੀਤਾ ।ਇਸ ਸਾਲ ਇਸ ਪਾਵਨ ਅਸਥਾਨ ਦੇ ਦਰਸ਼ਨ ਕਰਨ ਪੁੱਜੀਆਂ ਪ੍ਰਮੁੱਖ ਸ਼ਖ਼ਸੀਅਤਾਂ ਵਿੱਚ ਸ਼ਾਮਿਲ ਕਾਂਗਰਸ ਦੇ ਕੌਮੀ ਜਨਰਲ ਸਕੱਤਰ ਰਾਹੁਲ ਗਾਂਧੀ ਵੀ ਸ਼ਾਮਿਲ ਸਨ, ਜੋ 18 ਨਵੰਬਰ ਦੀ ਸ਼ਾਮ ਨੂੰ ਸ੍ਰੀ ਦਰਬਾਰ ਸਾਹਿਬ ਪੁੱਜੇ ਤੇ ਕਾਫੀ ਸਮਾਂ ਪਰਿਕਰਮਾ ਵਿੱਚ ਸਥਿਤ ਛਬੀਲ 'ਤੇ ਜਲ ਵਰਤਾਉਣ ਤੇ ਕੌਲੇ ਸਾਫ ਕਰਨ ਦੀ ਸੇਵਾ ਕੀਤੀ। 12 ਜਨਵਰੀ ਨੂੰ ਵਿਕਟੋਰੀਆ ਹਾਈ ਕੋਰਟ ਦੇ ਪਹਿਲੇ ਪੰਜਾਬੀ ਮੂਲ ਦੇ ਜੱਜ ਪ੍ਰਦੀਪ ਸਿੰਘ ਟਿਵਾਣਾ, 27 ਫਰਵਰੀ ਨੂੰ ਭਾਰਤ ਵਿੱਚ ਅਮਰੀਕੀ ਰਾਜਦੂਤ ਮਿਸਟਰ ਐਰਿਕ ਐੱਮ. ਗਾਰਸੇਟੀ ਪਰਿਵਾਰ ਸਮੇਤ ਨਤਮਸਤਕ ਹੋਣ ਪੁੱਜੇ ਅਤੇ ਕਿਹਾ ਕਿ ਸ੍ਰੀ ਦਰਬਾਰ ਸਾਹਿਬ ਦੀ ਰੂਹਾਨੀਅਤ ਤੇ ਸਿੱਖ ਧਰਮ ਵਿੱਚ ਸੇਵਾ ਦੀ ਮਹਾਨਤਾ ਦੇਖ ਕੇ ਬੇਹੱਦ ਪ੍ਰਭਾਵਿਤ ਹੋਇਆ ਹਾਂ। 18 ਅਪ੍ਰੈਲ ਨੂੰ ਰਿਲਾਇੰਸ ਫਊਂਡੇਸ਼ਨ ਦੀ ਚੇਅਰਪਰਸਨ ਨੀਤਾ ਅੰਬਾਨੀ, 24 ਜੂਨ ਨੂੰ ਪੰਜਾਬੀ ਗਾਇਕ ਤੇ ਅਦਾਕਾਰ ਦਲਜੀਤ ਦੁਸਾਂਝ, 28 ਜੂਨ ਨੂੰ ਹਰਿਆਣਾ ਦੇ ਮੁੱਖ ਮੰਤਰੀ ਬਣਨ ਬਾਅਦ ਨਾਇਬ ਸਿੰਘ ਸੈਣੀ ਹਰਿਆਣਾ ਦੇ ਟਰਾਂਸਪੋਰਟ ਮੰਤਰੀ ਅਸੀਮ ਗੋਇਲ ਸਮੇਤ ਦਸਤਾਰ ਸਜਾ ਕੇ ਦਰਸ਼ਨ ਤੇ ਸ਼ੁਕਰਾਨਾ ਕਰਨ ਪੁੱਜੇ।

21 ਜੁਲਾਈ ਨੂੰ ਆਇਰਲੈਂਡ ਦੇ ਭਾਰਤ ਵਿੱਚ ਰਾਜਦੂਤ ਮਿਸਟਰ ਕੇਵਨ ਕੈਲੀ ਪਰਿਵਾਰ ਸਮੇਤ ਦਰਸ਼ਨ ਕਰਨ ਪੁੱਜੇ ਤੇ ਆਪਣੀਆਂ ਭਾਵਨਾਵਾਂ ਪ੍ਰਗਟ ਕਰਦਿਆਂ ਕਿਹਾ ਕਿ ਸ੍ਰੀ ਦਰਬਾਰ ਸਾਹਿਬ ਦੁਨੀਆਂ ਵਿੱਚ ਸ਼ਾਂਤੀ ਦਾ ਮੁਜੱਸਮਾ ਹੈ । 10 ਅਗਸਤ ਨੂੰ ਚੀਫ਼ ਜਸਟਿਸ ਧਨੰਜਯ ਵਾਈ. ਚੰਦਰਚੂੜ ਵੀ ਇਥੇ ਨਤਮਸਤਕ ਹੋਣ ਪੁੱਜੇ ਤੇ ਕਿਹਾ ਕਿ ਸ੍ਰੀ ਦਰਬਾਰ ਸਾਹਿਬ ਵਿਖੇ ਅਰਦਾਸ ਕਰਨ ਦਾ ਸੁਪਨਾ ਅੱਜ ਸਾਕਾਰ ਹੋਇਆ ਹੈ । 11 ਅਗਸਤ ਨੂੰ ਹਾਕੀ ਇੰਡੀਆ ਦੀ ਟੀਮ ਵਿਸ਼ਵ ਚੈਂਪੀਅਨਸ਼ਿਪ ਵਿੱਚ ਕਾਂਸੀ ਦਾ ਤਗਮਾ ਜਿੱਤ ਕੇ ਦਰਸ਼ਨ ਕਰਨ ਪੁੱਜੀ। ਇਸ ਟੀਮ ਵਿੱਚ ਪੰਜਾਬ ਦੇ ਖਿਡਾਰੀ ਵੱਡੀ ਗਿਣਤੀ ਵਿੱਚ ਸ਼ਾਮਿਲ ਸਨ । 30 ਅਗਸਤ ਨੂੰ ਪੈਰਿਸ ਉਲੰਪਿਕ ਵਿੱਚ ਭਾਗ ਲੈਣ ਵਾਲੀ ਭਾਰਤ ਦੀ ਨਾਮਵਰ ਪਹਿਲਵਾਨ ਵਿਨੇਸ਼ ਫੋਗਾਟ, 31 ਅਗਸਤ ਨੂੰ ਰਾਜਪਾਲ ਪੰਜਾਬ ਗੁਲਾਬ ਚੰਦ ਕਟਾਰੀਆ ਅਤੇ 5 ਅਕਤੂਬਰ ਨੂੰ ਤ੍ਰਿਪੁਰਾ ਤੇ ਮਿਜ਼ੋਰਮ ਦੇ ਰਾਜਪਾਲ ਇੰਦਰ ਸੈਨਾ ਰੈਡੀ ਵੀ ਦਰਸ਼ਨ ਕਰਨ ਪੁੱਜੇ ।9 ਅਕਤੂਬਰ ਨੂੰ ਭਾਰਤ ਵਿੱਚ ਯੂ.ਕੇ. ਦੇ ਹਾਈ ਕਮਿਸ਼ਨਰ ਲਿੰਡੀ ਕੈਮਰੂਨ ਦਰਸ਼ਨ ਕਰਨ ਪੁੱਜੇ ਤੇ ਕਿਹਾ ਕਿ ਅੱਜ ਮੈਨੂੰ ਸਿੱਖ ਧਰਮ ਦੇ ਦਿਲ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨ ਕਰਨ ਵਾਲੇ ਲੱਖਾਂ ਲੋਕਾਂ ਵਿਚੋਂ ਇੱਕ ਹੋਣ ਦਾ ਅਨੁਭਵ ਮਿਲਿਆ ਹੈ।11 ਨਵੰਬਰ ਨੂੰ ਭਾਰਤ ਵਿੱਚ ਇਕਵਾਡੋਰ ਦੇ ਰਾਜਦੂਤ ਮਿ: ਜ਼ੇਵੀਅਰ ਬੁਚੈਲ, 13 ਨਵੰਬਰ ਨੂੰ ਵੱਖ-ਵੱਖ ਧਰਮਾਂ ਦੇ ਆਗੂ ਸ੍ਰੀ ਦਰਬਾਰ ਸਾਹਿਬ ਦਰਸ਼ਨ ਕਰਨ ਪੁੱਜੇ ਤੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨਾਲ ਮੁਲਾਕਾਤ ਕੀਤੀ ਅਤੇ ਸਿੱਖ ਧਰਮ ਦੀਆਂ ਪਰੰਪਰਾਵਾਂ ਦੀ ਸ਼ਲਾਘਾ ਕੀਤੀ । 24 ਨਵੰਬਰ ਨੂੰ ਬਾਲੀਵੁੱਡ ਅਦਾਕਾਰ ਰਣਵੀਰ ਸਿੰਘ, 26 ਨਵੰਬਰ ਨੂੰ ਆਮ ਆਦਮੀ ਪਾਰਟੀ ਦੇ ਨਵ ਨਿਯੁਕਤ ਸੂਬਾ ਪ੍ਰਧਾਨ ਅਮਨ ਅਰੋੜਾ ਸ੍ਰੀ ਦਰਬਾਰ ਸਾਹਿਬ ਸ਼ੁਕਰਾਨਾ ਤੇ ਦਰਸ਼ਨ ਕਰਨ ਪੁੱਜੇ । 17 ਦਸੰਬਰ ਨੂੰ ਬਾਲੀਵੁੱਡ ਅਦਾਕਾਰ ਸੰਜੈ ਦੱਤ ਵੀ ਇਥੇ ਨਤਮਸਤਕ ਹੋਏ। ਇਸ ਵਰ੍ਹੇ ਦੇ ਅਖੀਰ ਵਿੱਚ ਅਕਾਲੀ ਆਗੂ ਸੁਖਬੀਰ ਸਿੰਘ ਬਾਦਲ ਤੇ ਸੁਖਦੇਵ ਸਿੰਘ ਢੀਂਡਸਾ ਸਮੇਤ ਸੀਨੀਅਰ ਅਕਾਲੀ ਲੀਡਰਸ਼ਿਪ ਕਈ ਵਾਰ ਇਸ ਅਸਥਾਨ 'ਤੇ ਨਤਮਸਤਕ ਹੋਈ ਤੇ ਪੰਜ ਸਿੰਘ ਸਾਹਿਬਾਨ ਵਲੋਂ ਲਗਾਈ ਗਈ ਧਾਰਮਿਕ ਤਨਖ਼ਾਹ ਤਹਿਤ ਵੱਖ-ਵੱਖ ਸੇਵਾਵਾਂ ਵੀ ਨਿਭਾਈਆਂ। ਇਸ ਪਾਵਨ ਅਸਥਾਨ ਵਿਖੇ ਦਰਸ਼ਨ ਕਰਨ ਪੁੱਜੀਆਂ ਹੋਰ ਪ੍ਰਮੁੱਖ ਸ਼ਖ਼ਸੀਅਤਾਂ ਵਿੱਚ ਤਖ਼ਤ ਸ੍ਰੀ ਹਜ਼ੂਰ ਸਾਹਿਬ ਦੇ ਜਥੇਦਾਰ ਬਾਬਾ ਕੁਲਵੰਤ ਸਿੰਘ, ਸੁਪਰੀਮ ਕੋਰਟ ਦੇ ਜੱਜ ਜਸਟਿਸ ਕੇ. ਵੀ. ਵਿਸ਼ਵਨਾਥਨ, ਸੂਰੀਨਾਮ ਦੇ ਰਾਜਦੂਤ ਅਰੁਣ ਕੁਮਾਰ, ਅਦਾਕਾਰ ਅਸ਼ੀਸ਼ ਵਿਦਿਆਰਥੀ, ਨੇਹਾ ਧੂਪੀਆ, ਨੀਰੂ ਬਾਜਵਾ, ਜਿੰਮੀ ਸ਼ੇਰਗਿੱਲ, ਗਿਰਿਜਾ ਸ਼ੰਕਰ, ਕਾਮੇਡੀਅਨ ਸੁਨੀਲ ਗਰੋਵਰ, ਕੀਕੂ ਸ਼ਾਰਦਾ ਤੇ ਕਰੁੱਸ਼ਨਾ ਅਭਿਸ਼ੇਕ, ਗਾਇਕ ਜਸਬੀਰ ਜੱਸੀ, ਜੱਸੀ ਗਿੱਲ ਕੈਨੇਡਾ ਤੇ ਪੰਮੀ ਬਾਈ ਸਮੇਤ ਹੋਰ ਕਈ ਪ੍ਰਮੁੱਖ ਕਲਾਕਾਰ ਤੇ ਸ਼ਖ਼ਸੀਅਤਾਂ ਸ਼ਾਮਿਲ ਸਨ।

# ਸਾਲ 2024 ਸਿੱਖ ਪੰਥ ਦੀ ਸਿਆਸਤ ਲਈ ਵਿਵਾਦਾਂ ਨਾਲ ਭਰਿਆ ਰਿਹਾ



ਅੰਮ੍ਰਿਤਸਰ/ਏ.ਟੀ.ਨਿਊਜ਼: ਬੀਤ ਚੁੱਕਿਆ ਵਰ੍ਹਾ 2024 ਸਿੱਖ ਪੰਥ ਦੀ ਸਿਆਸਤ ਲਈ ਵਿਵਾਦਾਂ ਭਰਿਆ ਰਿਹਾ। ਖ਼ਾਸ ਕਰ ਕੇ ਬਾਦਲ ਦਲ ਤੇ ਇਸ ਦੇ ਮੁਖੀ ਸੁਖਬੀਰ ਸਿੰਘ ਬਾਦਲ ਵਾਸਤੇ ਅਸ਼ੁਭ ਰਿਹਾ। ਬਾਦਲ ਦਲ ਦੀ ਬਾਗ਼ੀ-ਦਾਗ਼ੀ ਲੀਡਰਸ਼ਿਪ ਨੂੰ ਅਯੋਗ ਕਰਾਰ, ਅਕਾਲ ਤਖ਼ਤ ਸਾਹਿਬ ਦੀ ਫ਼ਸੀਲ ਤੋਂ ਜਥੇਦਾਰਾਂ ਵਲੋਂ ਦਿੱਤਾ ਗਿਆ ਸੀ ਜਿਸ ਨਾਲ ਪ੍ਰਭਾਵਤ ਨੇਤਾਵਾਂ ਵਾਸਤੇ ਭੂਚਾਲ ਆ ਗਿਆ। ਨਵੇਂ ਸਾਲ ਦੇ ਪਹਿਲੇ ਹਫ਼ਤੇ, ਬਾਦਲ ਦਲ ਦੀ ਵਰਕਿੰਗ ਕਮੇਟੀ ਦੀ ਮੀਟਿੰਗ ਹੋ ਰਹੀ ਹੈ ਜਿਸ ਵਿੱਚ ਸੁਖਬੀਰ ਸਿੰਘ ਬਾਦਲ ਤੇ ਹੋਰਨਾਂ ਦੇ ਅਸਤੀਫ਼ੇ ਪ੍ਰਵਾਨ ਕਰਨ ਲਈ



ਫ਼ੈਸਲਾ ਲਿਆ ਜਾਣਾ ਹੈ। ਹੋਰ ਵੀ ਵਿਵਾਦਤ ਮਸਲੇ ਵਿਚਾਰੇ ਜਾਣੇ ਹਨ ਜਿਨ੍ਹਾਂ ਬਾਰੇ ਜਥੇਦਾਰ ਸਾਹਿਬ ਵਲੋਂ ਆਦੇਸ਼ ਹੋਇਆ ਹੈ।

ਸਿੱਖ ਪੰਥ ਦੀ ਸਿਆਸਤ ਲਈ ਨਵਾਂ ਸਾਲ ਵੀ ਚੁਨੌਤੀਆਂ ਭਰਿਆ ਰਹਿਣ ਦੀ ਸੰਭਾਵਨਾ ਹੈ। ਜਾਣਕਾਰੀ ਮੁਤਾਬਕ ਬਾਦਲ ਦਲ ਵੱਲੋਂ ਦੋ ਦਸੰਬਰ ਦੇ ਫ਼ੈਸਲੇ ਲਾਗੂ ਨਾ ਕਰਨ ਤੇ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਖ਼ਫ਼ਾ ਹਨ। ਮਸਲਾ ਸਿੱਖੀ ਸਿਧਾਂਤ ਤੇ ਅਕਾਲ ਤਖ਼ਤ ਸਾਹਿਬ ਤੇ ਜਥੇਦਾਰਾਂ ਦੇ ਵਕਾਰ ਦਾ ਵੀ ਬਣ ਗਿਆ ਹੈ। ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਹਾੜਿਆਂ ਦੀ ਸਮਾਪਤੀ ਹੋ ਜਾਣ ਤੇ ਸਿੱਖ ਪੰਥ ਦੀਆਂ ਸਰਗਰਮੀਆਂ ਤਿੱਖੀਆਂ ਹੋਣ ਦੀਆਂ ਸੰਭਾਵਨਾ ਵਧ ਗਈਆ ਹਨ। ਦੂਸਰਾ ਡੇਰਾ ਬਿਆਸ ਮੁਖੀ ਬਾਬਾ ਗੁਰਿੰਦਰ ਸਿੰਘ ਢਿੱਲੋਂ ਦੀਆਂ ਵਿਵਾਦਤ ਸੁਖਬੀਰ ਸਿੰਘ ਬਾਦਲ ਤੇ ਜਥੇਦਾਰ ਗਿ. ਹਰਪ੍ਰੀਤ ਸਿੰਘ ਨਾਲ ਹੋਈਆਂ ਮੁਲਾਕਾਤਾਂ ਨੇ ਬੜੀ ਅਜੀਬ ਸਥਿਤੀ ਪੈਦਾ ਕਰ ਦਿਤੀ ਹੈ।

ਉਧਰ ਪ੍ਰੇਸ਼ਾਨ ਦਸੇ ਜਾ ਰਹੇ ਜਥੇਦਾਰ ਅਕਾਲ ਤਖ਼ਤ ਸਾਹਿਬ ਬਾਰੇ ਵੀ ਰੌਲਾ ਹੈ ਕਿ ਦੋ ਦਸੰਬਰ ਦੇ ਹੁਕਮਨਾਮਿਆਂ ਬਾਅਦ ਬਣੇ ਹਾਲਾਤ ਤੋਂ ਉਹ ਅਸੰਤੁਸ਼ਟ ਹਨ ਤੇ ਕਿਆਸ ਅਰਾਈਆਂ ਹਨ ਕਿ ਉਹ ਵੀ ਅਹੁਦਾ ਛੱਡਣ ਬਾਰੇ ਗੰਭੀਰ ਹਨ ਜੋ ਸਿੱਖ ਪੰਥ ਦੇ ਹਾਲਾਤ ਬਣ ਚੁੱਕੇ ਹਨ, ਉਹ ਨਵੇਂ ਸਾਲ ਵਿੱਚ ਵੀ ਸੁਲਝਣ ਵਾਲੇ ਨਹੀਂ। ਭਾਵੇਂ ਬਾਦਲ ਦਲ ਨੂੰ ਸਿੱਖ ਪੰਥ ਤੇ ਸਿੱਖ ਸੰਗਤ ਪਸੰਦ ਨਹੀਂ ਕਰ ਰਹੀ ਤੇ ਉਸ ਨੇ ਲੱਕ ਤੋੜ ਹਾਰ ਲੋਕ ਸਭਾ, ਵਿਧਾਨ ਸਭਾ, ਨਗਰ ਨਿਗਮ ਵਿੱਚ ਦਿਤੀ ਹੈ ਪਰ ਉਹ ਅਹੁਦੇ ਛੱਡਣ ਦੇ ਰੌਂਅ ਵਿੱਚ ਨਹੀਂ ਜਿਸ ਕਾਰਨ ਬੜਾ ਤਿੱਖਾ ਘੋਲ, ਹੋਣ ਦੇ ਚਰਚੇ ਹਨ ਤੇ ਪੰਜ ਸਿੰਘ ਸਾਹਿਬਾਨ ਦੀ ਮਾਣ ਮਰਿਆਦਾ ਵੀ ਦਾਅ 'ਤੇ ਲੱਗ ਗਈ ਹੈ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

## ਸੰਪਾਦਕੀ

### ਸ਼ੋਸ਼ਾ ਸਾਬਤ ਹੋਇਆ ਕੇਂਦਰ ਦਾ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਵਾਲਾ ਵਾਅਦਾ

ਨਵੇਂ ਸਾਲ 2025 ਦੀ ਸ਼ੁਰੂਆਤ ਮੌਕੇ ਜਿਥੇ ਦੁਨੀਆਂ ਭਰ ਦੇ ਲੋਕ ਜਸ਼ਨ ਮਨਾ ਰਹੇ ਹਨ, ਉਥੇ ਪੰਜਾਬ ਦੇ ਕਿਸਾਨ ਕੜਾਕੇ ਦੀ ਠੰਡ ਦੌਰਾਨ ਧਰਨਿਆਂ ਵਿੱਚ ਡਟੇ ਹੋਏ ਹਨ। ਇੱਕਲੇ ਕਿਸਾਨ ਹੀ ਨਹੀਂ ਸਗੋਂ ਵੱਖ-ਵੱਖ ਕਿੱਤਿਆਂ ਨਾਲ ਸਬੰਧਿਤ ਲੋਕ ਵੀ ਧਰਨਿਆਂ ਦੇ ਰਾਹੀਂ ਆਪਣਾ ਰੋਸ ਜਤਾ ਰਹੇ ਨੇ। ਜਿਥੋਂ ਤੱਕ ਕਿਸਾਨਾਂ ਦੀ ਗੱਲ ਹੈ ਇਹ ਉਹੀ ਕਿਸਾਨ ਨੇ, ਜਿਨ੍ਹਾਂ ਨੇ ਆਪਣੀ ਸਖ਼ਤ ਮਿਹਨਤ ਨਾਲ ਭਾਰਤ ਵਿੱਚ ਪਹਿਲਾਂ ਹਰਾ ਇਨਕਲਾਬ ਅਤੇ ਫੇਰ ਚਿੱਟਾ ਇਨਕਲਾਬ ਲਿਆਂਦਾ ਸੀ। ਇਹ ਉਹੀ ਅੰਨਦਾਤਾ ਨੇ, ਜਿਨ੍ਹਾਂ ਨੇ ਬੀਤੇ ਸਮੇਂ ਦੌਰਾਨ ਦੇਸ਼ ਵਿਚੋਂ ਭੁੱਖਮਰੀ ਦੂਰ ਕਰਦਿਆਂ ਦੇਸ਼ ਦੇ ਅੰਨ ਭੰਡਾਰ ਭਰਪੂਰ ਕੀਤੇ ਪਰ ਸਮੇਂ ਦੇ ਹਾਕਮਾਂ ਨੇ ਕਿਸਾਨਾਂ ਨਾਲ ਨਿਆਂ ਨਹੀਂ ਕੀਤਾ, ਜਿਸ ਕਰਕੇ ਕਿਸਾਨਾਂ ਨੂੰ ਮਜਬੂਰ ਹੋ ਕੇ ਸੰਘਰਸ਼ ਦਾ ਰਾਹ ਅਪਨਾਉਣਾ ਪਿਆ।

ਕਹਿੰਦੇ ਨੇ ਕਿ ਮਜ਼ਦੂਰ ਨੂੰ ਮਜ਼ਦੂਰੀ ਉਸ ਦਾ ਪਸੀਨਾ ਸੁੱਕਣ ਤੋਂ ਪਹਿਲਾਂ ਦੇ ਦੇਣੀ ਚਾਹੀਦੀ ਹੈ ਪਰ ਕਿਸਾਨਾਂ ਦਾ ਪਸੀਨਾ ਸੁੱਕਣ ਤੋਂ ਬਾਅਦ ਹੁਣ ਖੂਨ ਵੀ ਸੁੱਕਣ ਵਰਗਾ ਹੋ ਗਿਆ ਹੈ, ਇਸ ਦੇ ਬਾਵਜੂਦ ਉਹਨਾਂ ਦੀਆਂ ਪੁੱਤਾਂ ਵਾਂਗ ਪਾਲ਼ੀਆਂ ਫ਼ਸਲਾਂ ਦਾ ਉਚਿਤ ਭਾਅ ਨਹੀਂ ਦਿੱਤਾ ਜਾ ਰਿਹਾ। ਕਿਸਾਨਾਂ ਦੀਆਂ ਮੰਗਾਂ ਅਜਿਹੀਆਂ ਵੀ ਨਹੀਂ ਹਨ ਕਿ ਉਹਨਾਂ ਨੂੰ ਪੂਰਾ ਕਰਨਾ ਸਮੇਂ ਦੀ ਸਰਕਾਰ ਲਈ ਸੰਭਵ ਹੀ ਨਹੀਂ ਹੈ ਸਗੋਂ ਕਿਸਾਨਾਂ ਦੀਆਂ ਮੰਗਾਂ ਨੂੰ ਤਾਂ ਕੇਂਦਰ ਸਰਕਾਰ ਆਸਾਨੀ ਨਾਲ ਪੂਰਾ ਕਰ ਸਕਦੀ ਹੈ ਪਰ ਇਸ ਸਬੰਧੀ ਕੇਂਦਰ ਸਰਕਾਰ ਸੁਹਿਰਦ ਵੀ ਤਾਂ ਹੋਵੇ। ਇਸ ਤਰ੍ਹਾਂ ਲੱਗਦਾ ਹੈ ਕਿ ਸਰਕਾਰ ਦੀਆਂ ਨੀਤੀਆਂ ਤੇ ਨੀਅਤ ਦੇ ਵਿੱਚ ਕੁਝ ਝੋਲ ਤਾਂ ਹੈ। ਲੰਘੇ ਦਿਨੀਂ ਸੁਪਰੀਮ ਕੋਰਟ ਨੇ ਪੰਜਾਬ ਸਰਕਾਰ ਨੂੰ ਖਨੌਰੀ ਬਾਰਡਰ 'ਤੇ ਮਰਨ ਵਰਤ 'ਤੇ ਬੈਠੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਦੇ ਮਾਮਲੇ ਵਿੱਚ ਤਿੰਨ ਦਿਨਾਂ ਦੀ ਮੋਹਲਤ ਦਿੱਤੀ ਸੀ। ਅਸਲ ਦੇ ਵਿੱਚ ਸੁਪਰੀਮ ਕੋਰਟ ਨੂੰ ਹਦਾਇਤ ਸਿੱਧਾ ਕੇਂਦਰ ਸਰਕਾਰ ਨੂੰ ਕਰਨੀ ਚਾਹੀਦੀ ਹੈ ਤੇ ਪੰਜਾਬ ਸਰਕਾਰ ਨੂੰ ਕੇਂਦਰ ਸਰਕਾਰ ਦੀ ਮਦਦ ਲਈ ਕਹਿਣਾ ਚਾਹੀਦਾ ਹੈ ਕਿਉਂਕਿ ਕਿਸਾਨਾਂ ਦੀ ਲੜਾਈ ਕੇਂਦਰ ਸਰਕਾਰ ਨਾਲ ਹੈ ਨਾ ਕਿ ਪੰਜਾਬ ਸਰਕਾਰ ਨਾਲ। ਹਾਲਾਂਕਿ ਡੱਲੇਵਾਲ ਨੇ ਕਿਹਾ ਹੈ ਕਿ ਮੈਂ ਮੈਡੀਕਲ ਸਹਾਇਤਾ ਲੈਣ ਲਈ ਤਿਆਰ ਹਾਂ ਜੇ ਕੇਂਦਰ ਸਰਕਾਰ ਉਹਨਾਂ ਨਾਲ ਗੱਲਬਾਤ ਕਰਨ ਦੇ ਲਈ ਤਜਵੀਜ਼ ਮੰਨ ਲੈਂਦੀ ਹੈ। ਇਸ ਹਫਤੇ ਦੀ ਸ਼ੁਰੂਆਤ ਪੰਜਾਬ ਬੰਦ ਦੇ ਨਾਲ ਹੋਈ ਸੀ ਜੋ ਕਿ ਕਿਸਾਨਾਂ ਦੇ ਵੱਲੋਂ ਰੋਸ ਵਜੋਂ ਪੰਜਾਬ ਬੰਦ ਦਾ ਸੱਦਾ ਦਿੱਤਾ ਗਿਆ ਸੀ। ਤੇ ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਲੋਕਾਂ ਨੇ ਹੁੰਗਾਰਾ ਵੀ ਕਿਸਾਨਾਂ ਦੇ ਹੱਕ ਵਿੱਚ ਭਰਿਆ ਪਰ ਇਸ ਮਸਲੇ ਨੂੰ ਲੈ ਕੇ ਬਹੁਤ ਸਾਰੇ ਸਵਾਲ ਵੀ ਖੜੇ ਹੁੰਦੇ ਆ ਰਹੇ ਹਨ। ਜਿਵੇਂ ਕਿ ਆਮ ਕਿਹਾ ਜਾਂਦਾ ਹੈ ਕਿ ਕਿਸਾਨ ਜਥੇਬੰਦੀਆਂ ਦੇ ਵਿੱਚ ਏਕਤਾ ਨਹੀਂ। ਦੋ ਕੁ ਜਥੇਬੰਦੀਆਂ ਕੇਂਦਰ ਤੋਂ ਮੰਗਾਂ ਕਿਸ ਤਰ੍ਹਾਂ ਮੰਨਵਾ ਸਕਦੀਆਂ ਨੇ। ਪਰ ਦੂਜੇ ਪਾਸੇ ਸੋਚਿਆ ਜਾਵੇ ਤਾਂ ਜਥੇਬੰਦੀਆਂ ਦੀ ਆਪਸੀ ਖਹਿਬਾਜ਼ੀ ਅਤੇ ਚੌਧਰ ਦੀ ਭੁੱਖ ਕੇਂਦਰ ਸਰਕਾਰ ਦੇ ਲਈ ਫਾਇਦੇਮੰਦ ਸਾਬਤ ਹੋ ਰਹੀ ਹੈ।

ਜਿਸ ਤਰੀਕੇ ਦੇ ਨਾਲ ਹੁਣ ਸੁਪਰੀਮ ਕੋਰਟ ਡੱਲੇਵਾਲ ਦੀ ਸਿਹਤ ਨੂੰ ਲੈ ਕੇ ਫ਼ਿਕਰਮੰਦ ਹੋ ਰਹੀ ਹੈ, ਜੇ ਹਰ ਕਿਸਾਨ ਦੀ ਜ਼ਿੰਦਗੀ ਸੱਚਮੁੱਚ ਮਾਇਨੇ ਰੱਖਦੀ ਹੈ ਤਾਂ ਹਾਲਾਤ ਇਸ ਤਰ੍ਹਾਂ ਕਿਉਂ ਆਏ ਨੇ। ਇਹ ਬੜੇ ਦੁੱਖ ਵਾਲੀ ਗੱਲ ਹੈ ਕਿ ਸੁਪਰੀਮ ਕੋਰਟ ਦੇ ਦਖ਼ਲ ਤੋਂ ਬਾਅਦ ਹੀ ਪੰਜਾਬ ਤੇ ਕੇਂਦਰ ਸਰਕਾਰ ਦੇ ਕੁਝ ਨੁਮਾਇੰਦੇ ਡੱਲੇਵਾਲ ਤੱਕ ਪਹੁੰਚੇ ਹਨ। ਬਾਰਡਰਾਂ 'ਤੇ ਬੈਠੇ ਇਹ ਕਿਸਾਨ ਮਜਬੂਰ ਨੇ। ਕਰਜ਼ੇ ਦਾ ਬੋਝ, ਖੇਤੀ ਦੀਆਂ ਵੱਧਦੀਆਂ ਲਾਗਤਾਂ ਤੇ ਫ਼ਸਲੀ ਵਿਭਿੰਨਤਾ ਦੇ ਲਈ ਨਾਕਾਫ਼ੀ ਸਹਾਇਤਾ ਵਰਗੇ ਕਾਰਨਾਂ ਕਰਕੇ ਵੀ ਜੋ ਖੇਤੀ 'ਤੇ ਸੰਕਟ ਮੰਡਰਾਅ ਰਿਹਾ ਹੈ, ਉਸ ਸੰਕਟ ਦਾ ਹੱਲ ਕਰਵਾਉਣ ਦੇ ਲਈ ਘਰ ਬਾਰ ਵਿਸਾਰ ਕੇ ਬੈਠੇ ਨੇ। ਕਦੇ ਨਰਿੰਦਰ ਮੋਦੀ ਨੇ ਕਿਹਾ ਸੀ ਕਿ ਕਿਸਾਨ ਮੇਰੇ ਤੋਂ ਸਿਰਫ਼ ਇੱਕ ਫ਼ੋਨ ਕਾਲ ਦੀ ਦੂਰੀ 'ਤੇ ਹਨ, ਉਹ ਜਦੋਂ ਚਾਹੁਣ ਮੇਰੇ ਨਾਲ ਗੱਲਬਾਤ ਕਰ ਸਕਦੇ ਹਨ ਭਾਵੇਂ ਕਿ ਇਹ ਗੱਲ ਸੰਭਵ ਨਹੀਂ ਹੋ ਸਕਦੀ। ਪਾਰਟੀ ਦੀ ਰਵਾਇਤ ਮੁਤਾਬਕ ਇੱਕ ਸ਼ੋਸ਼ਾ ਹੀ ਸੀ ਪਰ ਉਸਾਰੂ ਗੱਲਬਾਤ ਦੇ ਲਈ ਕੋਈ ਰਸਤਾ ਵੀ ਨਿਕਲਦਾ ਨਜ਼ਰ ਨਹੀਂ ਆਉਂਦਾ। ਜੇ ਮਾਮਲਾ ਕਿਸੇ ਪਾਸੇ ਲਾਉਣਾ ਹੋਵੇ ਤਾਂ ਕੇਂਦਰ ਨੂੰ ਆਪਣੀ ਅੜੀ ਛੱਡਣੀ ਵੀ ਪਵੇਗੀ ਤੇ ਕਿਸਾਨ ਆਗੂਆਂ ਨੂੰ ਗੱਲਬਾਤ ਦੇ ਲਈ ਸੱਦਾ ਦੇ ਕੇ ਜੋ ਤਜਵੀਜ਼ਾਂ ਸਰਕਾਰ ਕਹਿੰਦੀ ਹੈ ਕਿ ਅਸੀਂ ਕਿਸਾਨੀ ਦੇ ਲਈ ਤਿਆਰ ਕੀਤੀਆਂ ਨੇ, ਉਹ ਤਜਵੀਜ਼ ਕਿਸਾਨ ਆਗੂਆਂ ਦੇ ਸਾਹਮਣੇ ਰੱਖਣੀ ਚਾਹੀਦੀ ਹੈ। ਕੇਂਦਰ ਸਰਕਾਰ ਨੂੰ ਆਪਣੀ ਅੜੀ ਛੱਡਣੀ ਪਵੇਗੀ ਕਿਉਂਕਿ ਕਿਸਾਨ ਤੇ ਖੇਤੀ ਸੰਕਟ ਦੇ ਹੱਲ ਲਈ ਪਹਿਲਕਦਮੀ ਕਰਨੀ ਸਰਕਾਰਾਂ ਦਾ ਫ਼ਰਜ਼ ਹੈ। ਭਾਵੇਂ ਕਿ ਕੁਝ ਦਿਮਾਗੀ ਪੈਦਲ ਇਨਸਾਨ ਇਹ ਗੱਲਾਂ ਕਰ ਦਿੰਦੇ ਨੇ ਕਿ ਅਸੀਂ ਕਣਕ ਛੱਡਾਂ 'ਤੇ ਉਗਾ ਲਵਾਂਗੇ। ਹਕੀਕਤ ਦੇ ਵਿੱਚ ਇਸ ਤਰ੍ਹਾਂ ਨਹੀਂ ਹੁੰਦਾ। ਖੇਤੀਬਾੜੀ ਮਨੁੱਖੀ ਸਮਾਜ ਦੇ ਜੀਵਨ ਦੀ ਰੇਖਾ ਹੈ। ਜੇ ਖੇਤੀਬਾੜੀ ਨੂੰ ਵਿਸਾਰ ਦਿੱਤਾ ਤਾਂ ਦੇਸ਼ ਦੀ ਅੰਨ ਸੁਰੱਖਿਆ 'ਤੇ ਖ਼ਤਰਾ ਮੰਡਰਾਅ ਸਕਦਾ ਹੈ। ਕੇਂਦਰ ਦੇ ਕਈ ਮੰਤਰੀ ਇਹ ਵੀ ਕਹਿੰਦੇ ਸੁਣੇ ਗਏ ਨੇ ਕਿ ਉਹਨਾਂ ਨੂੰ ਪੰਜਾਬ ਦੇ ਅੰਨ ਦੀ ਲੋੜ ਨਹੀਂ ਰਹੀ ਪਰ ਇਹ ਉਹਨਾਂ ਦਾ ਭੁਲੇਖਾ ਹੈ। ਪੰਜਾਬ ਤੋਂ ਬਿਨਾਂ ਕੇਂਦਰ ਦੇ ਅਨਾਜ ਭੰਡਾਰ ਹਰੇ ਭਰੇ ਨਹੀਂ ਰਹਿ ਸਕਦੇ।

# ਲੋਕਤੰਤਰ ਲਈ ਖ਼ਤਰਾ-ਬੁਲਡੋਜ਼ਰ ਨੀਤੀ



ਗੁਰਮੀਤ ਸਿੰਘ ਪਲਾਹੀ

ਦੇਸ਼ ਵਿੱਚ ਧੱਕੇ-ਧੌਂਸ ਦੀ ਸਿਆਸਤ ਦਾ ਹੋ ਰਿਹਾ ਪਸਾਰਾ ਬੇਹੱਦ ਚਿੰਤਾਜਨਕ ਹੈ। ਸੰਸਦ ਵਿੱਚ ਅਤੇ ਸੰਸਦ ਦੇ ਬਾਹਰ ਦੇਸ਼ ਦੇ ਚੁਣੇ ਮੈਂਬਰਾਂ ਨੂੰ ਆਪਣੇ ਵਲੋਂ ਰੋਸ ਪ੍ਰਗਟ ਕਰਨ ਵੇਲੇ, ਜਿਸ ਕਿਸਮ ਦੀਆਂ ਰੁਕਾਵਟਾਂ ਦਾ ਸਾਹਮਣਾ ਕਰਨਾ ਪਿਆ ਅਤੇ ਸੰਸਦ ਭਵਨ 'ਚ ਪ੍ਰਦਰਸ਼ਨ ਦੌਰਾਨ ਸੱਤਾ ਤੇ ਵਿਰੋਧੀ ਧਿਰ ਵਿਚਕਾਰ ਧੱਕਾ-ਮੁੱਕੀ ਹੋਈ, ਉਹ ਸ਼ਰਮਨਾਕ ਅਤੇ ਨਿੰਦਣਯੋਗ ਹੈ।

ਸੰਵਿਧਾਨ ਦੇ 75 ਵਰ੍ਹਿਆਂ ਦੀ ਗੌਰਵਸ਼ਾਲੀ ਯਾਤਰਾ 'ਚ ਬਹਿਸ ਦੇ ਦੌਰਾਨ ਮਹਿੰਗਾਈ, ਸੰਘਵਾਦ ਅਤੇ ਬੇਰੁਜ਼ਗਾਰੀ ਜਿਹੇ ਵਿਸ਼ਿਆਂ ਉਤੇ ਜ਼ੋਰਦਾਰ ਬਹਿਸ ਦੀ ਆਸ ਸੀ, ਪਰੰਤੂ ਉਸਦੀ ਥਾਂ ਗੌਤਮ ਅਡਾਨੀ, ਜਾਰਜ ਸੋਰੋਸ, ਪੰਡਿਤ ਜਵਾਹਰ ਲਾਲ ਨਹਿਰੂ ਚਰਚਾ ਵਿੱਚ ਰਹੇ। ਪਰ ਗ੍ਰਹਿ ਮੰਤਰੀ ਦਾ ਭਾਸ਼ਣ 'ਇਹ ਫ਼ੈਸ਼ਨੇਵਲ ਹੋ ਗਿਆ ਹੈ, ਅੰਬੇਡਕਰ, ਅੰਬੇਡਕਰ, ਅੰਬੇਡਕਰ, ਅੰਬੇਡਕਰ... ਅਗਰ ਆਪਣੇ ਇੰਨੀ ਵੇਰ ਭਗਵਾਨ ਦਾ ਨਾਂਅ ਲਿਆ ਹੁੰਦਾ ਤਾਂ ਸੱਤ ਜਨਮਾਂ ਦੇ ਲਈ ਸਵਰਗ ਚਲੇ ਜਾਂਦੇ।' ਇਸ ਬਿਆਨ 'ਤੇ ਸੰਸਦ ਦੇ ਅੰਦਰ ਅਤੇ ਬਾਹਰ ਹੰਗਾਮਾ ਹੋਇਆ।

75 ਸਾਲ ਦੇ ਸੰਸਦੀ ਇਤਿਹਾਸ ਵਿੱਚ ਮਾਨਯੋਗ-ਸਤਿਕਾਰ ਯੋਗ ਆਪਣੀ ਪਾਰਟੀ ਦੀ ਖ਼ੈਰ ਖੁਆਹੀ ਵਿੱਚ ਦੂਜੀ ਪਾਰਟੀ ਦੇ ਸਾਂਸਦ ਨਾਲ ਧੱਕਾ-ਮੁੱਕੀ ਕਰਨ ਲਗਣ ਤਾਂ ਇਹ ਕਹਿਣਾ ਕਿ ਭਾਰਤ ਵਿੱਚ ਲੋਕਤੰਤਰ ਦਾ ਇਤਿਹਾਸ 2000 ਸਾਲ ਪੁਰਾਣਾ ਹੈ, ਮਜ਼ਾਕ ਲੱਗੇਗਾ। ਇਹ ਮਜ਼ਾਕ ਉਸ ਵੇਲੇ ਵੀ ਜਾਪਦਾ ਹੈ, ਜਦੋਂ ਸੰਸਦ ਵਿੱਚ ਕੋਈ ਵਿਰੋਧੀ ਧਿਰ ਦਾ ਮੈਂਬਰ ਆਪਣੀ ਗੱਲ ਰੱਖਦਾ ਹੈ ਤਾਂ ਬਹੁਗਿਣਤੀ ਵਲੋਂ ਸੱਤਾਧਾਰੀ ਆਗੂ 'ਹੂਟਿੰਗ' ਕਰਦੇ ਹਨ।

ਪਿਛਲਾ ਇੱਕ ਦਹਾਕਾ ਦੇਸ਼ ਦੇ ਹਾਕਮਾਂ ਨੇ ਵੱਡੀਆਂ ਮਨ-ਮਾਨੀਆਂ ਕੀਤੀਆਂ ਹਨ। ਲੋਕਾਂ ਦੀਆਂ ਆਸਾਂ ਤੋਂ ਉਲਟ ਲੋਕ ਵਿਰੋਧੀ ਫ਼ੈਸਲੇ ਕੀਤੇ ਹਨ, ਉਹਨਾਂ ਦੇ ਅਧਿਕਾਰਾਂ ਦਾ ਘਾਣ ਕੀਤਾ ਹੈ ਅਤੇ ਕਈ ਇਹੋ ਜਿਹੇ ਫ਼ੈਸਲੇ ਲਏ ਹਨ, ਜਿਸ ਨਾਲ ਲੋਕਤੰਤਰੀ ਭਾਰਤ ਦਾ ਚਿਹਰਾ ਤਿੜਕਿਆ ਹੈ। ਇਥੇ ਹੀ ਬੱਸ ਨਹੀਂ ਹਾਕਮਾਂ ਵੱਲੋਂ ਦੇਸ਼ ਦੇ ਸੰਘੀ ਢਾਂਚੇ ਦੇ ਪਰਖੱਚੇ ਉਡਾਕੇ ਸੂਬਿਆਂ ਦੀਆਂ ਸਰਕਾਰਾਂ ਦੇ ਹੱਕ-ਹਕੂਕ ਆਪਣੇ ਬੱਸ ਕਰਕੇ, ਸੰਵਿਧਾਨ ਦੀ ਮੂਲ ਭਾਵਨਾ ਉਤੇ ਸੱਟ ਮਾਰਨ ਤੋਂ ਵੀ ਹਾਕਮਾਂ ਨੇ ਗੁਰੇਜ ਨਹੀਂ ਕੀਤਾ।

ਇੱਕ ਵਰਤਾਰਾ ਇਹਨਾਂ ਸਾਲਾਂ ਵਿੱਚ ਵੇਖਣ ਲਈ ਜੋ ਆਮ ਮਿਲਿਆ ਉਹ ਇਹ ਸੀ ਕਿ ਵਿਰੋਧੀ ਵਿਚਾਰਾਂ ਵਾਲੇ ਬੁੱਧੀਜੀਵੀਆਂ, ਲੇਖਕਾਂ, ਚਿੰਤਕਾਂ ਨੂੰ ਜੇਲ੍ਹੀ ਡੱਕ ਕੇ ਉਹਨਾਂ ਲੋਕਾਂ ਦੀ ਆਵਾਜ਼ ਬੰਦ ਕੀਤੀ, ਜੋ ਹਕੂਮਤ ਦੇ ਆਸ਼ਿਆਂ ਦੇ ਵਿਰੁੱਧ ਕੋਈ ਵੀ ਆਵਾਜ਼ ਉਠਾਉਂਦੇ ਸਨ। ਸੈਂਕੜਿਆਂ ਦੀ ਗਿਣਤੀ 'ਚ ਪੱਤਰਕਾਰਾਂ ਖ਼ਿਲਾਫ਼ ਕੇਸ ਦਰਜ ਹੋਏ ਹਨ, ਉਹਨਾਂ ਨੂੰ ਜੇਲ੍ਹੀ ਡੱਕਿਆ ਗਿਆ ਹੈ। ਸਿਆਸੀ ਵਿਰੋਧੀਆਂ ਨੂੰ ਆਪਣੇ ਨਾਲ ਮਿਲਾਉਣ ਲਈ ਸਾਮ, ਦਾਮ, ਦੰਡ ਦੇ ਫ਼ਾਰਮੂਲੇ ਦੀ ਵਰਤੋਂ ਦੇਸ਼ ਵਿਆਪੀ ਹੋਈ। ਸੂਬਿਆਂ ਦੀਆਂ ਵਿਰੋਧੀ ਸਰਕਾਰਾਂ, ਵਿਧਾਇਕ ਖਰੀਦਕੇ ਤੋੜੀਆਂ ਗਈਆਂ, ਜਿਸ



ਵਿੱਚ ਸੀ.ਬੀ.ਆਈ., ਈ.ਡੀ. ਅਤੇ ਖ਼ੁਦਮੁਖਤਾਰ ਸੰਸਥਾਵਾਂ ਦੀ ਖੁਲ੍ਹੇਆਮ ਦੁਰਵਰਤੋਂ ਹੋਈ। ਕੀ ਇਹ ਸਚਮੁੱਚ ਲੋਕਤੰਤਰ ਦਾ ਘਾਣ ਨਹੀਂ ਸੀ?

ਘੱਟ ਗਿਣਤੀਆਂ ਨਾਲ, ਜੋ ਵਰਤਾਰਾ ਦੇਸ਼ ਦੇ ਵੱਖੋ-ਵੱਖਰੇ ਭਾਗਾਂ 'ਚ ਹੋਇਆ, ਉਸਦਾ ਬਿਆਨ ਕਰਨਾ ਕੁਥਾਵਾਂ ਨਹੀਂ ਹੋਏਗਾ। ਦਿੱਲੀ 'ਚ ਦੰਗੇ ਹੋਏ, ਯੂ.ਪੀ. 'ਚ ਮੁਸਲਮਾਨਾਂ, ਹਿੰਦੂਆਂ ਦੀਆਂ ਝੜਪਾਂ ਹੋਈਆਂ। ਇਥੇ ਇਕਪਾਸੜ ਕਾਰਵਾਈਆਂ ਕਰਦਿਆਂ ਜਿਵੇਂ ਯੂਪੀ ਸੂਬਾ ਸਰਕਾਰ ਵੱਲੋਂ ਬੁਲਡੋਜ਼ਰ ਨੀਤੀ ਅਪਨਾਈ ਗਈ, ਉਹ ਰਾਜਵਾੜਾਸ਼ਾਹੀ ਦੇ ਸਮਿਆਂ ਨੂੰ ਯਾਦ ਕਰਾਉਂਦੀ ਦਿਸੀ। ਮੌਕੇ 'ਤੇ ਹੀ ਰਿਹਾਇਸ਼ੀ, ਮਕਾਨ ਢਾਉਣ ਦਾ ਫ਼ੈਸਲਾ ਕਰਨ ਲਈ ਅਧਿਕਾਰੀਆਂ ਨੂੰ ਦਿੱਤੀ ਖੁਲ੍ਹ ਨੇ ਜਿਵੇਂ ਪੂਰੇ ਦੇਸ਼ ਵਿੱਚ ਤਰਥੱਲੀ ਮਚਾ ਦਿੱਤੀ। ਜਿਸ ਸਬੰਧੀ ਦੇਸ਼ ਦੀ ਸੁਪਰੀਮ ਕੋਰਟ ਨੂੰ ਸਖ਼ਤ ਸਟੈਂਡ ਲੈਂਦਿਆਂ ਕਹਿਣਾ ਪਿਆ ਕਿ ਇਹ ਕਿਸੇ ਵੀ ਭਾਰਤੀ ਸ਼ਹਿਰੀ ਦੇ ਮੁਢਲੇ ਹੱਕਾਂ ਉਤੇ ਛਾਪਾ ਹੈ।

ਇਵੇਂ ਹੀ ਮਸਜਿਦਾਂ, ਮਸੀਤਾਂ ਹੇਠ ਮੰਦਰ ਦੀ ਹੋਂਦ ਦੀ ਗੱਲ, ਹੇਠਲੀਆਂ ਅਦਾਲਤਾਂ ਵਿੱਚ ਲੈ ਜਾਕੇ ਜਿਵੇਂ ਅੰਤਰਮ ਫ਼ੈਸਲੇ ਹੋਏ, ਉਸ ਨਾਲ ਫ਼ਿਰਕੂ ਦੰਗਿਆਂ ਦੀ ਅਸ਼ੰਕਾ ਵਧੀ, ਜਿਸ ਸਬੰਧੀ ਭਾਰਤੀ ਸੁਪਰੀਮ ਕੋਰਟ ਵੱਲੋਂ ਇੱਕ ਹੁਕਮ ਜਾਰੀ ਕਰਕੇ ਇਹ ਸਪਸ਼ਟ ਕੀਤਾ ਗਿਆ ਕਿ 1947 ਤੋਂ ਪਹਿਲਾਂ ਬਣੇ ਕਿਸੇ ਵੀ ਧਾਰਮਿਕ ਸਥਾਨ ਨੂੰ ਢਾਇਆ ਨਹੀਂ ਜਾ ਸਕਦਾ, ਨਾ ਉਸ ਸਬੰਧੀ ਕੋਈ ਕਾਰਵਾਈ ਕੀਤੀ ਜਾ ਸਕਦੀ ਹੈ। ਪਰ ਕੀ ਇਹਨਾਂ ਫ਼ੈਸਲਿਆਂ ਬਾਰੇ ਸਰਕਾਰ ਪਹਿਲਾਂ ਜਾਣੂ ਨਹੀਂ ਸੀ ਜਾਂ ਫਿਰ ਜਾਣ ਬੁਝ ਕੇ ਭਾਈਚਾਰਕ ਮਾਹੌਲ ਖਰਾਬ ਕਰਨ ਜਾਂ ਖਰਾਬ ਮਾਹੌਲ ਸਮੇਂ ਚੁੱਪੀ ਵੱਟ ਲੈਣ ਦੀ ਧਾਰਨਾ ਤਹਿਤ ਦੇਸ਼ ਨੂੰ ਇੱਕ ਦੇਸ਼, ਇੱਕ ਕੌਮ, ਇੱਕ ਧਰਮ, ਦੇ ਸੰਕਲਪ ਨੂੰ ਅੱਗੇ ਤੋਰਨ ਦੇ ਰਾਹ ਨੂੰ ਮੋਕਲਿਆਂ ਕਰਨ ਲਈ ਵਰਤਿਆ ਗਿਆ।

ਗੱਲ ਮਨੀਪੁਰ ਦੀ ਕਰ ਲੈਂਦੇ ਹਾਂ, ਜਿਥੇ ਦੋ ਤਿੰਨ ਕਬੀਲਿਆਂ ਨੂੰ ਆਪਸ ਵਿੱਚ ਲੜਨ ਲਈ ਛੱਡ ਦਿੱਤਾ ਗਿਆ ਹੈ, ਜਿਥੇ ਰੋਜ਼ਾਨਾ ਅੱਗਜਨੀ, ਮਾਰ ਵੱਢ ਹੁੰਦੀ ਹੈ ਤੇ ਸੂਬਾ ਸਰਕਾਰ ਚੁੱਪੀ ਧਾਰੀ ਬੈਠੀ ਹੈ। ਦੇਸ਼ ਵਿਚਲਾ ਸਰਕਾਰ ਦਾ ਇਹ ਵਰਤਾਰਾ ਉਸ ਵੇਲੇ ਹੋਰ ਵੀ ਸਪਸ਼ਟ ਦਿਖਦਾ ਹੈ, ਜਦੋਂ ਸੂਬਾ ਸਰਕਾਰ ਦੇ ਨਾਲ ਕੇਂਦਰ ਦੀ ਸਰਕਾਰ ਵੀ 'ਰੋਮ ਜਲ ਰਹਾ ਹੈ ਨੀਰੋ ਬੰਸਰੀ ਬਜਾ ਰਹਾ ਹੈ' ਵਾਂਗਰ ਤਮਾਸ਼ਾ ਵੇਖੀ ਜਾ ਰਹੀ ਹੈ।

ਦੇਸ਼ ਦੀ ਮੋਦੀ ਸਰਕਾਰ ਵੱਲੋਂ ਨਿੱਤ ਨਵੀਆਂ ਸਕੀਮਾਂ ਘੜੀਆਂ ਗਈਆਂ, ਉਹਨਾਂ ਸਕੀਮਾਂ ਦਾ ਅਤਿਅੰਤ ਪ੍ਰਚਾਰ ਗੋਦੀ ਮੀਡੀਆ ਅਤੇ ਸਰਕਾਰੀ ਸਾਧਨਾਂ ਨਾਲ ਕਰਵਾਇਆ ਗਿਆ। ਪਰ ਉਹਨਾਂ ਵਿਚੋਂ 90 ਫ਼ੀਸਦੀ ਕੋਹ ਨਾ ਚੱਲੀ ਬਾਬਾ ਤਿਹਾਈ ਵਾਂਗਰ ਚੁਪਚਾਪ ਕਾਗਜ਼ੀ ਪੱਤਰੀ ਨਿਪਟਾ ਦਿੱਤੀਆਂ ਗਈਆਂ। ਕਿਧਰ ਗਈ ਜਨ ਧਨ ਯੋਜਨਾ? ਸਟਾਰਟ ਅੱਪ ਯੋਜਨਾ? ਬੇਟੀ ਬਚਾਓ ਬੇਟੀ ਪੜ੍ਹਾਓ ਯੋਜਨਾ? ਪ੍ਰਧਾਨ ਮੰਤਰੀ ਵਿਸ਼ਵਕਰਮਾ ਯੋਜਨਾ? ਉਂਝ ਕੁਲ ਮਿਲਾਕੇ 2022 ਦੇ ਕੇਂਦਰੀ ਬਜ਼ਟ ਅਨੁਸਾਰ 740 ਕੇਂਦਰੀ ਯੋਜਨਾਵਾਂ ਹਨ ਅਤੇ 65 ਕੇਂਦਰ ਵਲੋਂ ਸਪਾਂਸਰਡ ਯੋਜਨਾਵਾਂ ਹਨ। ਪਰ ਇਹਨਾਂ ਵਿਚੋਂ ਕਿੰਨੀਆਂ ਲੋਕਾਂ ਦੇ ਦਰੀਂ ਪੁੱਜੀਆਂ ਹਨ? ਜਿਹੜੀਆਂ ਕੁਝ ਯੋਜਨਾਵਾਂ 'ਆਯੂਸ਼ਮਾਨ ਸਿਹਤ ਬੀਮਾ ਯੋਜਨਾ' ਜਾਂ ਮਗਨਰੇਗਾ ਵਰਗੀਆਂ ਪੇਂਡੂ ਖੇਤਰ 'ਚ ਰੁਜ਼ਗਾਰ ਪ੍ਰਦਾਨ ਕਰਨ ਵਾਲੀਆਂ ਯੋਜਨਾਵਾਂ ਹਨ, ਜਿਹਨਾਂ ਦਾ ਲੋਕਾਂ ਨੂੰ ਫ਼ਾਇਦਾ ਤਾਂ ਹੋ ਸਕਦਾ ਹੈ, ਉਹ ਕੇਂਦਰੀ ਬਜ਼ਟ ਘਟਾਕੇ ਜਾਂ ਉਸ ਨੂੰ ਸੀਮਤ ਕਰਕੇ ਕੇਂਦਰ ਦੀ ਸਰਕਾਰ ਨੇ ਇਹਨਾ ਨੂੰ ਕੁਝ ਹੱਦ ਤੱਕ ਨੁਕਰੇ ਲਾਉਣ ਦਾ ਕੰਮ ਕੀਤਾ ਹੈ।

ਪਿਛਲੇ ਕੁਝ ਸਾਲਾਂ 'ਚ ਅਮੀਰਾਂ ਦੀ ਜਾਇਦਾਦ ਤੇਜ਼ੀ ਨਾਲ ਵਧੀ ਹੈ। ਦੇਸ਼ ਵਿੱਚ 8 ਕਰੋੜ ਤੋਂ ਜ਼ਿਆਦਾ ਜਾਇਦਾਦ ਵਾਲੇ 8.5 ਲੱਖ ਤੋਂ ਜ਼ਿਆਦਾ ਲੋਕ ਹਨ। 250 ਕਰੋੜ ਰੁਪਏ ਤੋਂ ਜ਼ਿਆਦਾ ਜਾਇਦਾਦ ਵਾਲੇ ਲੋਕਾਂ ਦੇ ਅਲਟਰਾ-ਹਾਈ-ਨੈੱਟਵਰਥ ਬੀਤੇ ਸਾਲ ਵਿੱਚ 6 ਫ਼ੀਸਦੀ ਵਧ ਗਏ ਅਤੇ ਇਹਨਾ ਦੀ ਗਿਣਤੀ 13,600 ਹੋ ਗਈ ਹੈ। ਅਮੀਰਾਂ ਦੀ ਸਭ ਤੋਂ ਜ਼ਿਆਦਾ ਕਮਾਈ ਟੈਕਨੌਲੋਜੀ, ਮੈਨੂਫ਼ੈਕਚਰਿੰਗ ਸੈਕਟਰ, ਰੀਅਲ ਇਸਟੇਟ, ਸ਼ੇਅਰ ਬਜ਼ਾਰ, ਵਿੱਚ ਹੈ। ਉਧਰ ਦੇਸ਼ ਦੀ ਕੁੱਲ 142 ਕਰੋੜ ਆਬਾਦੀ ਵਿੱਚ 80 ਕਰੋੜ ਲੋਕ ਇਹੋ ਜਿਹੇ ਹਨ, ਜਿਹਨਾਂ ਨੂੰ ਸਰਕਾਰ ਮੁਫ਼ਤ ਰਾਸ਼ਨ ਮੁਹੱਈਆ ਕਰਦੀ ਹੈ।

ਮਸ਼ਹੂਰ ਅਰਥ ਸ਼ਾਸਤਰੀ ਥਾਮਸ ਪਿਕੇਟੀ ਦਾ ਕਹਿਣਾ ਹੈ ਕਿ ਭਾਰਤ ਵਿੱਚ ਦੱਖਣੀ ਅਫ਼ਰੀਕਾ ਦੇ ਬਾਅਦ ਗਰੀਬ-ਅਮੀਰ ਦੇ ਵਿੱਚ ਖਾਈ ਸਭ ਤੋਂ ਜਿਆਦਾ ਹੈ। ਉਹਨਾਂ ਨੇ ਸੁਝਾਇਆ ਕਿ ਸਿੱਖਿਆ, ਸਿਹਤ ਜਿਹੀਆਂ ਅਹਿਮ ਸੇਵਾਵਾਂ ਉਤੇ ਲੋੜੀਂਦੇ ਖ਼ਰਚ ਲਈ ਜ਼ਰੂਰੀ ਧਨ ਰਾਸ਼ੀ ਦੇਸ਼ ਦੇ ਸਿਰਫ਼ 167 ਅਰਬਪਤੀਆਂ ਉਤੇ ਦੋ ਫ਼ੀਸਦੀ ਸੁਪਰ ਟੈਕਸ ਲਾਕੇ ਹਾਸਲ ਕੀਤੀ ਜਾ ਸਕਦੀ ਹੈ। ਪਰ ਕਿਉਂਕਿ ਦੇਸ਼ ਵਿੱਚ ਸਰਕਾਰ ਪੂੰਜੀਪਤੀਆਂ ਦੀ ਹੈ, ਧਨ ਕੁਬੇਰਾਂ ਦੀ ਹੈ। ਉਹਨਾਂ ਦੇ ਇਸ ਬਿਆਨ ਤੋਂ ਬਾਅਦ ਭਾਰਤ ਸਰਕਾਰ ਦੇ ਮੁੱਖ ਆਰਥਿਕ ਸਲਾਹਕਾਰ ਨੇ ਕਿਹਾ ਕਿ ਇਹੋ ਜਿਹੇ ਕਿਸੇ ਦੀ ਟੈਕਸ ਨਾਲ ਪੂੰਜੀ ਦਾ 'ਪਲਾਇਨ' ਹੋਏਗਾ ਅਤੇ ਨਿਵੇਸ਼ ਦਾ ਮਾਹੌਲ ਖ਼ਰਾਬ ਹੋਏਗਾ।

ਉਂਝ ਵੀ ਵੇਖਣ ਵਾਲੀ ਗੱਲ ਹੈ ਕਿ ਸਰਕਾਰ ਜਿਵੇਂ ਨਿੱਜੀਕਰਨ ਦੇ ਰਾਹ ਉਤੇ ਹੈ, ਉਸ ਨੂੰ ਇਹੋ ਜਿਹੀ ਨੀਤੀ ਰਾਸ ਨਹੀਂ ਆ ਸਕਦੀ। ਸਾਲ 2019-20 ਵਿੱਚ ਕੇਂਦਰ ਸਰਕਾਰ ਅਤੇ ਸਰਵਜਨਕ ਖੇਤਰ ਵਿੱਚ ਪੂੰਜੀਗਤ ਨਿਵੇਸ਼ 4.7 ਸੀ ਜੋ ਸਾਲ 2023-24 'ਚ ਘੱਟਕੇ 3.8 ਰਹਿ ਗਿਆ। ਆਖ਼ਰ ਕਿਉਂ? ਇਸ ਲਈ ਕਿ ਸਰਵਜਨਕ ਸੰਸਥਾਵਾਂ ਸਰਕਾਰ ਵੱਲੋਂ ਵੇਚੀਆਂ ਜਾ ਰਹੀਆਂ ਹਨ।


ਅੰਕੜਿਆਂ ਨਾਲ ਵੋਟਰਾਂ ਨੂੰ ਭਰਮਾਉਣ ਵਾਲੀ ਕੇਂਦਰ ਦੀ ਸਰਕਾਰ ਕਿਵੇਂ ਅੰਕੜਿਆਂ ਨਾਲ ਖੇਡਦੀ ਹੈ, ਉਸਦੀ ਇੱਕ ਉਦਾਹਰਨ ਕੇਂਦਰੀ ਕਿਰਤ ਮੰਤਰੀ ਦੇ ਇੱਕ ਬਿਆਨ ਤੋਂ ਵੇਖੀ ਜਾ ਸਕਦੀ ਹੈ, ਜਿਸ 'ਚ ਉਹ ਕਹਿੰਦੇ ਹਨ ਕਿ ਇੱਕ ਨਾਰੀ ਕਿਸੇ ਦੂਜੇ ਦੇ ਬੱਚੇ ਲਈ 'ਆਇਆ' ਦਾ ਕੰਮ ਕਰਦੀ ਹੈ ਤਾਂ ਉਹ ਰੁਜ਼ਗਾਰ ਮੰਨਿਆ ਜਾਂਦਾ ਹੈ, ਲੇਕਿਨ ਇਹੀ ਨਾਰੀ ਜੇਕਰ ਆਪਣਾ ਬੱਚਾ ਪਾਲੇ ਤਾਂ ਉਸਨੂੰ ਨੌਕਰੀਸ਼ੁਦਾ ਨਹੀਂ ਮੰਨਿਆ ਜਾਂਦਾ। ਸਾਨੂੰ ਇਸ ਵਿਸ਼ਵ ਪੱਧਰੀ ਪ੍ਰੀਭਾਸ਼ਾ ਦੀ ਜਗਾਹ ਆਪਣੀ ਪ੍ਰੀਭਾਸ਼ਾ ਦੇਣੀ ਹੋਵੇਗੀ ਪਰ ਕੀ ਪਰਿਭਾਸ਼ਾ ਬਦਲਣ ਨਾਲ ਆਮਦਨ ਵੱਧ ਜਾਏਗੀ? ਇਹ ਤਾਂ ਰੁਜ਼ਗਾਰ ਦੇ ਅੰਕੜੇ ਵਧਾਉਣ ਦਾ ਯਤਨ ਹੀ ਹੈ। ਅਸਲ 'ਚ ਦੇਸ਼ 'ਚ ਬੇਰੁਜ਼ਗਾਰੀ ਬੇਹੱਦ ਹੈ। ਸਰਕਾਰ ਕੁਝ ਕਰਨ ਦੀ ਥਾਂ ਅੰਕੜਿਆਂ ਨਾਲ ਲੋਕਾਂ ਦਾ ਢਿੱਡ ਭਰਨਾ ਚਾਹੁੰਦੀ ਹੈ।

ਦੇਸ਼ ਵਿੱਚ ਰੁਜ਼ਗਾਰ ਦੀ ਕਮੀ ਲੋਕਾਂ ਨੂੰ ਪ੍ਰਵਾਸ ਦੇ ਰਾਹ ਪਾ ਰਹੀ ਹੈ। ਅਕਤੂਬਰ 2020 ਦੇ ਬਾਅਦ ਹੁਣ ਤੱਕ ਅਮਰੀਕਾ ਦੇ ਅਧਿਕਾਰੀਆਂ ਨੇ ਗੈਰ-ਕਾਨੂੰਨੀ ਰੂਪ ਵਿੱਚ ਸਰਹੱਦ ਪਾਰ ਕਰਨ ਦੀ ਕੋਸ਼ਿਸ਼ ਕਰਨ ਵਾਲੇ ਲਗਭਗ 1,70,000 ਭਾਰਤੀਆਂ ਨੂੰ ਹਿਰਾਸਤ ਵਿੱਚ ਲਿਆ। ਕੀ ਇਹ ਕਥਿਤ ਤੌਰ 'ਤੇ ਵਿਸ਼ਵ ਗੁਰੂ ਬਣ ਰਹੇ ਭਾਰਤ ਦੀ ਨਿੱਤ ਪ੍ਰਤੀ ਖੁਰ ਰਹੀ ਆਰਥਿਕਤਾ, ਵੱਧਦੀ ਬੇਰੁਜ਼ਗਾਰੀ ਅਤੇ ਭੈੜੇ ਮਨੁੱਖੀ ਜੀਵਨ ਪੱਧਰ ਤੋਂ ਪੀੜਤ ਹੋ ਕੇ ਪ੍ਰਵਾਸ ਦੇ ਰਾਹ ਪੈਣ ਦੀ ਨਿਸ਼ਾਨੀ ਨਹੀਂ?

ਦੇਸ਼ 'ਚ ਸਮੱਸਿਆਵਾਂ ਵੱਡੀਆਂ ਹਨ ਪਰ ਫ਼ੌਹੜੀਆਂ ਨਾਲ ਚੱਲਣ ਵਾਲੀ ਮੋਦੀ ਸਰਕਾਰ ਹਾਲੇ ਤੱਕ ਵੀ ਪਿਛਲੇ ਦੋ ਕਾਰਜ ਕਾਲਾਂ 'ਚ ਕੀਤੇ ਲੋਕ ਵਿਰੋਧੀ ਫ਼ੈਸਲਿਆਂ ਤੋਂ ਸਬਕ ਨਹੀਂ ਸਿੱਖ ਰਹੀ। ਖੇਤੀ ਕਾਨੂੰਨਾਂ ਦੀ ਕਿਸਾਨਾਂ ਦੇ ਵਿਰੋਧ ਅਧੀਨ ਵਾਪਿਸੀ ਉਪਰੰਤ ਨਵੀਂ ਖੇਤੀ ਨੀਤੀ ਨੂੰ ਲਾਗੂ ਕਰਨ ਲਈ ਪੱਬਾਂ ਭਾਰ ਹੈ ਅਤੇ ਇਸ ਨੀਤੀ ਅਧੀਨ ਉਹਨਾ ਬਿੱਲਾਂ ਨੂੰ ਮੁੜ ਲਾਗੂ ਕਰਨ ਦੇ ਚੱਕਰ ਵਿੱਚ ਹੈ ਅਤੇ ਦੇਸ਼ ਦੀ ਮੰਡੀ ਮੁੜ ਧੰਨ ਕੁਬੇਰਾਂ ਹੱਥ ਫੜਾਉਣ ਦੀ ਨੀਤੀ ਲਈ ਕੰਮ ਕਰ ਰਹੀ ਹੈ, ਕਿਉਂਕਿ ਇਸ ਨੀਤੀ ਤਹਿਤ ਅੰਨ ਖਰੀਦ ਕਾਰਪੋਰੇਟਾਂ ਹੱਥ ਫੜਾਉਣ ਦੀ ਯੋਜਨਾ ਹੈ। ਬਿਲਕੁਲ ਉਵੇਂ ਹੀ ਜਿਵੇਂ ਨੈਸ਼ਨਲ ਹਾਈਵੇ , ਪਾਇਲਟ ਪ੍ਰਾਜੈਕਟਾਂ ਅਧੀਨ ਕਿਸਾਨਾਂ ਦੀ ਜ਼ਮੀਨ ਅਕਵਾਇਰ ਕੀਤੀ ਜਾ ਰਹੀ ਹੈ ਤੇ ਕਈ ਹਾਲਤਾਂ 'ਚ ਉਹਨਾਂ ਨੂੰ ਵਾਜਬ ਮੁੱਲ ਵੀ ਨਹੀਂ ਮਿਲਦਾ। ਪੰਜਾਬ ਹਿਤੈਸ਼ੀ, ਕਿਸਾਨ ਹਿਤੈਸ਼ੀ ਇਸ ਕਾਰਵਾਈ ਨੂੰ ਕਿਸਾਨਾਂ ਦੀ ਜ਼ਮੀਨ ਹਥਿਆਉਣ ਦੀ ਕਾਰਵਾਈ ਗਿਣਦੇ ਹਨ ਅਤੇ ਇਹ ਵੀ ਆਖਦੇ ਹਨ ਕਿ ਇਹਨਾਂ ਪ੍ਰਾਜੈਕਟਾਂ ਦਾ ਆਮ ਆਦਮੀ ਦੀ ਵਿਜਾਏ ਕਾਰਪੋਰੇਟਾਂ ਨੂੰ ਵੱਧ ਫ਼ਾਇਦਾ ਹੋਏਗਾ। ਉਂਜ ਵੀ ਜੇਕਰ ਇਹਨਾਂ ਪ੍ਰਾਜੈਕਟਾਂ ਨੂੰ ਵਾਚੀਏ ਤਾਂ ਇਹ ਵਰਲਡ ਬੈਂਕ ਵੱਲੋਂ ਲਏ ਕਰਜ਼ੇ ਨਾਲ ਬਣਾਇਆ ਜਾ ਰਿਹਾ ਹੈ, ਜਿਸ ਦੇ ਕਰਜ਼ ਦਾ ਭਾਰ ਆਮ ਲੋਕਾਂ ਉਤੇ ਹੀ ਪਵੇਗਾ ਅਤੇ ਉਹਨਾ ਨੂੰ ਇਸਦਾ ਫ਼ਾਇਦਾ ਕਣ ਮਾਤਰ ਵੀ ਨਹੀਂ ਮਿਲੇਗਾ

(ਬਾਕੀ ਸਫ਼ਾ 31 'ਤੇ)

# ਭਾਰਤ ਦੀ ਤਸਵੀਰ ਬਦਲਣ ਵਿੱਚ ਵੱਡਾ ਯੋਗਦਾਨ ਹੈ ਡਾ. ਮਨਮੋਹਨ ਸਿੰਘ ਦਾ



ਲੋਕ ਮਿੱਤਰ ਗੌਤਮ

ਦੇਸ਼ ਦੇ 14ਵੇਂ ਪ੍ਰਧਾਨ ਮੰਤਰੀ ਤੇ ਭਾਰਤੀ ਅਰਥਵਿਵਸਥਾ 'ਚ ਉਦਾਰਵਾਦ ਦੇ ਜਨਕ ਡਾ: ਮਨਮੋਹਨ ਸਿੰਘ ਨੂੰ ਪੂਰੀ ਦੁਨੀਆਂ ਭਾਰਤ ਵਿੱਚ ਆਰਥਿਕ ਸੁਧਾਰਾਂ ਦੇ ਲਈ ਜਾਣਦੀ ਹੈ ।ਜੇਕਰ ਤੁਸੀਂ ਇੱਕ ਹਜ਼ਾਰ ਲੋਕਾਂ ਨੂੰ ਉਨ੍ਹਾਂ ਦੀ ਕੋਈ ਇੱਕ ਖਾਸੀਅਤ ਦੱਸਣ ਲਈ ਕਹੋ ਤਾਂ ਇੱਕ ਹਜ਼ਾਰ ਵਿਚੋਂ ਇੱਕ ਹਜ਼ਾਰ ਲੋਕ ਇਹੀ ਕਹਿਣਗੇ ਕਿ ਉਨ੍ਹਾਂ ਨੇ ਭਾਰਤੀ ਅਰਥ ਵਿਵਸਥਾ ਨੂੰ ਦੁਨੀਆਂ ਲਈ ਖੋਲ੍ਹਿਆ ਤੇ ਦਲੇਰੀ ਭਰੇ ਆਰਥਿਕ ਸੁਧਾਰ ਕੀਤੇ ਪਰ ਕਲਪਨਾ ਕਰੋ ਕਿ ਜੇਕਰ ਡਾ: ਮਨਮੋਹਨ ਸਿੰਘ ਨੇ ਨਰਸਿਮ੍ਹਾ ਰਾਓ ਦੇ ਵਿੱਤ ਮੰਤਰੀ ਦੇ ਰੂਪ ਵਿੱਚ ਇਨ੍ਹਾਂ ਆਰਥਿਕ ਸੁਧਾਰਾਂ ਲਈ ਦਲੇਰੀ ਨਾ ਵਿਖਾਈ ਹੁੰਦੀ, ਕੀ ਤਾਂ ਵੀ ਉਨ੍ਹਾਂ ਨੂੰ ਇਤਿਹਾਸ ਵਿੱਚ ਹਮੇਸ਼ਾ ਯਾਦ ਰੱਖਣ ਦੀ ਕੋਈ ਹੋਰ ਵੀ ਵਜ੍ਹਾ ਹੋ ਸਕਦੀ ਸੀ ? ਇਸ ਸਵਾਲ ਦਾ ਜਵਾਬ ਹੈ, ਹਾਂ ਜੀ, ਜ਼ਰੂਰ ਹੁੰਦੀ ।ਇੱਕ ਨਹੀਂ ਸਗੋਂ ਕਈ ਵਜ੍ਹਾ ਹੁੰਦੀਆਂ ।ਇਹ ਕਹਿਣਾ ਕਿਸੇ ਮੁਹਾਵਰੇ ਦੀ ਗੱਲ ਨਹੀਂ ਕਿ ਡਾ: ਮਨਮੋਹਨ ਸਿੰਘ ਇੱਕ ਅਜਿਹਾ 'ਪਾਰਸ' ਸਨ ਕਿ ਉਹ ਜਿਸ ਲੋਹੇ ਨੂੰ ਵੀ ਛੋਹ ਦਿੰਦੇ ਸਨ, ਉਹ ਸੋਨੇ 'ਚ ਬਦਲ ਜਾਂਦਾ ਸੀ । ਇਸ ਦੀ ਸਭ ਤੋਂ ਵੱਡੀ ਉਦਾਹਰਨ ਇਹ ਹੈ ਕਿ ਜੇਕਰ ਦੇਸ਼ ਦੇ ਚੌਥੇ ਸਭ ਤੋਂ ਲੰਬੇ ਸਮੇਂ ਤੱਕ ਪ੍ਰਧਾਨ ਮੰਤਰੀ ਰਹਿਣ ਵਾਲੇ ਡਾ: ਮਨਮੋਹਨ ਸਿੰਘ ਨਾ ਵਿੱਤ ਮੰਤਰੀ ਹੁੰਦੇ, ਨਾ ਪ੍ਰਧਾਨ ਮੰਤਰੀ ਹੁੰਦੇ, ਤਾਂ ਵੀ ਉਹ ਭਾਰਤ ਦੇ ਇਤਿਹਾਸ ਵਿੱਚ ਤੇ ਵਿਸ਼ਵ ਦੇ ਆਰਥਿਕ ਇਤਿਹਾਸ 'ਚ ਅਮਰ ਰਹਿੰਦੇ, ਕਿਉਂਕਿ ਉਨ੍ਹਾਂ ਨੇ ਵਿੱਤ ਮੰਤਰੀ ਤੇ ਪ੍ਰਧਾਨ ਮੰਤਰੀ ਬਣਨ ਤੋਂ ਪਹਿਲਾਂ ਹੀ ਕਈ ਹੋਰ ਅਹਿਮ ਅਹੁਦਿਆਂ 'ਤੇ ਰਹਿੰਦੇ ਹੋਏ ਭਾਰਤੀ ਅਰਥਵਿਵਸਥਾ ਵਿੱਚ ਬਹੁਤ ਮਹੱਤਵਪੂਰਨ ਪਰਿਵਰਤਨ ਕਰਨ ਵਾਲੇ ਕੰਮ ਕੀਤੇ ਸਨ।

ਸ਼ਾਇਦ ਬਹੁਤ ਘੱਟ ਲੋਕਾਂ ਨੂੰ ਪਤਾ ਹੋਵੇ ਕਿ ਉਹ ਡਾ: ਮਨਮੋਹਨ ਸਿੰਘ ਹੀ ਸਨ, ਜਿਨ੍ਹਾਂ ਭਾਰਤ ਵਿੱਚ ਪ੍ਰਵਾਨ ਚੜ੍ਹੀ ਹਰੀ ਕ੍ਰਾਂਤੀ ਦਾ ਆਰਥਿਕ ਮਾਡਲ ਤਿਆਰ ਕੀਤਾ ਸੀ।ਹਰੀ ਕ੍ਰਾਂਤੀ ਨੂੰ ਮਜ਼ਬੂਤੀ ਤੇ ਨਿਰੰਤਰਤਾ ਦੇਣ ਲਈ ਉਨ੍ਹਾਂ ਦੀ ਸਲਾਹ 'ਤੇ ਹੀ ਖੇਤੀ ਵਿੱਚ ਨਿਵੇਸ਼ ਤੇ ਘੱਟੋ-ਘੱਟ ਸਮਰਥਨ ਮੁੱਲ (ਐਮ.ਐਸ.ਪੀ.) ਦੀ ਨੀਤੀ ਨੂੰ ਲਾਗੂ ਕੀਤਾ ਗਿਆ ਸੀ, ਜਿਸ ਕਾਰਨ ਕਿਸਾਨਾਂ ਨੂੰ ਹਰੀ ਕ੍ਰਾਂਤੀ ਨੂੰ ਦਿਨ ਦੁੱਗਣੀ ਰਾਤ ਚੌਗੁਣੀ ਸਫਲ ਬਣਾਉਣ ਦੇ ਲਈ ਐਮ.ਐਸ.ਪੀ. ਦੇ ਰੂਪ ਵਿੱਚ ਲਾਭ ਮਿਲਿਆ । ਇਹ ਡਾ: ਮਨਮੋਹਨ ਸਿੰਘ ਹੀ ਸਨ, ਜਿਨ੍ਹਾਂ ਭਾਰਤ ਦੀ 5ਵੀਂ ਪੰਜ ਸਾਲਾ ਯੋਜਨਾ (1974-1979) ਨੂੰ ਆਕਾਰ ਦਿੰਦਿਆਂ ਇਸ ਨੂੰ ਉਦਯੋਗਿਕ ਤੇ ਨਿਰਯਾਤ ਕੇਂਦਰਿਤ ਬਣਾਇਆ ਸੀ ।ਭਾਰਤ ਦੀ ਵਿਦੇਸ਼ੀ ਮੁਦਰਾ ਨੀਤੀ ਨੂੰ ਸਥਿਰ ਬਣਾਉਣ ਤੇ ਆਯਾਤ-ਨਿਰਯਾਤ 'ਚ ਸੰਤੁਲਨ ਬਣਾਉਣ ਲਈ ਡਾ: ਮਨਮੋਹਨ ਸਿੰਘ ਨੇ ਹੀ ਠੋਸ ਨੀਤੀਆਂ ਬਣਾਈਆਂ ਸਨ ਅਤੇ ਉਨ੍ਹਾਂ 1982 ਤੋਂ 1985 ਤੱਕ ਭਾਰਤੀ ਰਿਜ਼ਰਵ ਬੈਂਕ (ਆਰ.ਬੀ.ਆਈ.) ਦੇ ਗਵਰਨਰ ਦੇ ਰੂਪ ਵਿੱਚ ਜੋ ਵਿਵਹਾਰਕ ਤੇ ਪ੍ਰਭਾਵਸ਼ਾਲੀ ਕੰਮ ਕੀਤੇ, ਉਸ 'ਚ ਵੀ ਅਨੇਕਾਂ ਇਤਿਹਾਸ ਬਦਲ ਦੇਣ ਵਾਲੀਆਂ ਉਪਲੱਬਧੀਆਂ ਰਹੀਆਂ ਹਨ। ਜਿਵੇਂ ਕਿ ਭਾਰਤ 'ਚ ਗ੍ਰਾਮੀਣ ਬੈਂਕਾਂ ਦਾ ਵਿਸਤਾਰ ਉਨ੍ਹਾਂ ਦੇ ਆਰ.ਬੀ.ਆਈ. ਦੇ ਗਵਰਨਰ ਰਹਿੰਦਿਆਂ ਹੀ ਹੋਇਆ ਤੇ ਉਨ੍ਹਾਂ ਦੇ ਕਾਰਜਕਾਲ 'ਚ ਹੀ ਪੇਂਡੂ ਖੇਤਰਾਂ ਨੂੰ ਕਰਜ਼ ਤੇ ਵਿੱਤੀ ਮਦਦ ਉਪਲੱਬਧ ਕਰਵਾਉਣ ਨੂੰ ਪਹਿਲ ਦੇਣ ਦੇ ਦਾਇਰੇ 'ਚ ਲਿਆਂਦਾ ਗਿਆ ਸੀ।ਉਹ ਡਾ: ਮਨਮੋਹਨ ਸਿੰਘ ਹੀ ਸਨ, ਜਿਨ੍ਹਾਂ ਆਰ.ਬੀ.ਆਈ. ਦੇ ਗਵਰਨਰ ਰਹਿੰਦਿਆਂ ਖੇਤੀ ਤੇ ਛੋਟੇ ਉਦਯੋਗਾਂ ਦੇ ਲਈ ਸਸਤੀਆਂ ਵਿਆਜ ਦਰਾਂ 'ਤੇ ਕਰਜ਼ੇ ਉਪਲੱਬਧ ਕਰਵਾਉਣ ਦੀਆਂ ਨੀਤੀਆਂ ਲਾਗੂ ਕੀਤੀਆਂ।ਉਨ੍ਹਾਂ ਦੇ ਆਰ.ਬੀ.ਆਈ. ਦੇ ਗਵਰਨਰ ਰਹਿੰਦਿਆਂ ਹੀ ਭਾਰਤੀ ਨਿਰਯਾਤ-ਆਯਾਤ ਬੈਂਕ ਦੀ ਸਥਾਪਨਾ ਹੋਈ, ਜਿਸ ਨੇ ਭਾਰਤੀ ਨਿਰਯਾਤਕਾਂ ਨੂੰ ਵਿੱਤੀ ਮਦਦ ਦੇ ਕੇ ਦੇਸ਼ ਦੇ ਵਿਸ਼ਵਵਿਆਪੀ ਵਪਾਰ ਨੂੰ ਵਧਾਉਣ ਵਿੱਚ ਬੇਮਿਸਾਲ ਯੋਗਦਾਨ ਪਾਇਆ। ਉਨ੍ਹਾਂ ਨੇ ਹੀ ਦੇਸ਼ 'ਚ ਸੁਰੱਖਿਅਤ ਤੇ ਮਜ਼ਬੂਤ ਬੈਂਕਿੰਗ ਪ੍ਰਣਾਲੀ ਨੂੰ ਯਕੀਨੀ ਬਣਾਇਆ ਤੇ ਉਨ੍ਹਾਂ ਦੁਆਰਾ ਬਣਾਏ ਗਏ ਨੀਤੀਗਤ ਢਾਂਚੇ ਨੇ ਬੈਂਕਾਂ ਨੂੰ ਜਵਾਬਦੇਹ ਤੇ ਆਪਣੇ ਕੰਮ ਵਿੱਚ ਵਧੇਰੇ ਨਿਪੁੰਨ ਬਣਾਇਆ ਸੀ। ਉਨ੍ਹਾਂ ਆਰ.ਬੀ.ਆਈ. ਦੇ ਗਵਰਨਰ ਰਹਿੰਦਿਆਂ ਸਵਰਣ ਮੁਦਰੀਕਰਨ (ਗੋਲਡ ਮੋਨੋਟਾਈਜ਼ੇਸ਼ਨ) ਯੋਜਨਾ ਦੀ ਸ਼ੁਰੂਆਤ ਕੀਤੀ, ਜਿਸ ਨਾਲ ਵਿਦੇਸ਼ੀ ਮੁਦਰਾ ਭੰਡਾਰ ਬੁਨਿਆਦੀ ਰੂਪ ਵਿੱਚ ਮਜ਼ਬੂਤ ਹੋਣ ਲੱਗਾ, ਜੋ ਅੱਜ ਭਾਰਤ ਨੂੰ ਦੁਨੀਆਂ ਦੀ ਮੂਹਰਲੀ ਕਤਾਰ ਦੇ ਵਿਦੇਸ਼ੀ ਮੁਦਰਾ ਵਾਲੇ ਦੇਸ਼ਾਂ ਵਿੱਚ ਖੜ੍ਹਾ ਕਰਦਾ ਹੈ ।ਡਾ: ਮਨਮੋਹਨ ਸਿੰਘ ਨੇ ਵਿੱਤ ਮੰਤਰੀ ਤੇ ਪ੍ਰਧਾਨ ਮੰਤਰੀ ਰਹਿੰਦਿਆਂ ਆਰਥਿਕ ਸੁਧਾਰਾਂ ਦੀ ਜੋ ਲੰਬੀ ਲਾਈਨ ਖਿੱਚੀ, ਉਸ ਦਾ ਕੋਈ ਵੀ ਸਾਨੀ ਨਹੀਂ ਹੈ ।ਜਿਸ ਦਾ ਪ੍ਰਭਾਵ ਸਿਰਫ਼ ਭਾਰਤ ਦੀ ਅਰਥਵਿਵਸਥਾ ਵਿੱਚ ਹੀ ਨਹੀਂ ਸਗੋਂ ਸਮੁੱਚੀ ਵਿਸ਼ਵ ਅਰਥਵਿਵਸਥਾ 'ਤੇ ਪਿਆ ਇਸੇ ਲਈ ਅਮਰੀਕਾ ਦੇ ਰਾਸ਼ਟਰਪਤੀ ਬਰਾਕ ਓਬਾਮਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦਾ ਬਹੁਤ ਸਤਿਕਾਰ ਕਰਦੇ ਸਨ ।ਉਹ ਆਪਣੇ ਪ੍ਰਧਾਨ ਮੰਤਰੀ ਕਾਰਜਕਾਲ ਦੌਰਾਨ ਦੁਨੀਆਂ ਦੇ ਸਭ ਤੋਂ ਜ਼ਿਆਦਾ ਪੜ੍ਹੇ-ਲਿਖੇ ਪ੍ਰਧਾਨ ਮੰਤਰੀ ਸਨ, ਇਸੇ ਲਈ ਡਾ: ਮਨਮੋਹਨ ਸਿੰਘ ਬਾਰੇ ਓਬਾਮਾ ਵਾਰ-ਵਾਰ ਇੱਕ ਗੱਲ ਕਿਹਾ ਕਰਦੇ ਸਨ ਕਿ 'ਜਦੋਂ ਡਾ: ਮਨਮੋਹਨ ਸਿੰਘ ਬੋਲਦੇ ਹਨ ਤਾਂ ਪੂਰੀ ਦੁਨੀਆ ਉਨ੍ਹਾਂ ਨੂੰ ਸੁਣਦੀ ਹੈ ।' ਅਸੀਂ ਉਨ੍ਹਾਂ ਦੇ ਪ੍ਰਧਾਨ ਮੰਤਰੀ ਤੇ ਵਿੱਤ ਮੰਤਰੀ ਰਹਿਣ ਤੋਂ ਇਲਾਵਾ ਵੀ ਭਾਰਤੀ ਅਰਥਵਿਵਸਥਾ ਵਿੱਚ ਪਾਏ ਇਤਿਹਾਸਕ ਯੋਗਦਾਨਾਂ ਨੂੰ ਅਣਡਿੱਠ ਨਹੀਂ ਕਰ ਸਕਦੇ, ਕਿਉਂਕਿ ਹਕੀਕਤ ਇਹ ਹੈ ਕਿ ਉਨ੍ਹਾਂ ਨੇ ਵਿੱਤ ਮੰਤਰੀ ਤੇ ਪ੍ਰਧਾਨ ਮੰਤਰੀ ਬਣਨ ਤੋਂ ਪਹਿਲਾਂ ਹੀ ਆਰਥਿਕ ਸੁਧਾਰਾਂ ਦੀ ਅਪ੍ਰਤੱਖ ਧਾਰਾ ਵਹਾਅ ਦਿੱਤੀ ਸੀ ।ਉਨ੍ਹਾਂ ਯੋਜਨਾ ਆਯੋਗ (ਪਲੈਨਿੰਗ ਕਮਿਸ਼ਨ) ਦੇ ਵਾਈਸ ਚੇਅਰਮੈਨ ਰਹਿੰਦਿਆਂ ਸਾਲ 1985-87 ਦੌਰਾਨ ਸਹੀ ਅਰਥਾਂ 'ਚ ਭਾਰਤੀ ਅਰਥਵਿਵਸਥਾ ਨੂੰ ਉਦਾਰੀਕਰਨ ਤੇ ਵਿਸ਼ਵੀਕਰਨ ਵੱਲ ਲੈ ਜਾਣ ਦੀ ਨੀਂਹ ਰੱਖ ਦਿੱਤੀ ਸੀ। ਇਸੇ ਦੌਰਾਨ ਉਨ੍ਹਾਂ ਨਿਰਯਾਤ ਨੂੰ ਹੁਲਾਰਾ ਦੇਣ ਤੇ ਉਦਯੋਗਿਕ ਵਿਕਾਸ ਨੂੰ ਪਹਿਲ ਦੇਣ ਦਾ ਟੀਚਾ ਭਾਰਤੀ ਅਰਥਵਿਵਸਥਾ ਦੇ 'ਕੋਰ' ਵਿੱਚ ਸ਼ਾਮਿਲ ਕੀਤਾ ਸੀ । ਅੱਜ ਵਿਸ਼ਵ ਬੈਂਕ ਤੇ ਅੰਤਰਰਾਸ਼ਟਰੀ ਮੁਦਰਾ ਕੋਸ਼ (ਆਈ.ਐਮ.ਐਫ.) ਭਾਰਤ ਨੂੰ ਦੁਨੀਆ ਦੇ ਸਭ ਤੋਂ ਮਹੱਤਵਪੂਰਨ ਦੇਸ਼ਾਂ ਵਿੱਚ ਗਿਣਦਾ ਹੈ ਤੇ ਭਾਰਤ ਦੀ ਸਾਖ (ਰੁਤਬੇ) ਨੂੰ ਬਹੁਤ ਮਹੱਤਵ ਦਿੰਦਾ ਹੈ ।ਪਰ ਇਹ ਅਜਿਹਾ ਨਹੀਂ ਹੋਣਾ ਸੀ ਜੇਕਰ ਡਾ: ਮਨਮੋਹਨ ਸਿੰਘ ਨੇ ਵਿੱਤ ਮੰਤਰੀ ਤੇ ਪ੍ਰਧਾਨ ਮੰਤਰੀ ਬਣਨ ਤੋਂ ਬਹੁਤ ਪਹਿਲਾਂ ਹੀ ਯੋਜਨਾ ਕਮਿਸ਼ਨ ਦੇ ਵਾਈਸ ਚੇਅਰਮੈਨ ਦੇ ਤੌਰ 'ਤੇ ਆਈ.ਐਮ.ਐਫ. ਤੇ ਵਿਸ਼ਵ ਬੈਂਕ ਨਾਲ ਭਾਰਤ ਲਈ ਮਜ਼ਬੂਤ ਰਿਸ਼ਤਿਆਂ ਦੀ ਨੀਂਹ ਨਾ ਰੱਖੀ ਹੁੰਦੀ ।ਇਹੀ ਨਹੀਂ, ਉਨ੍ਹਾਂ ਦੱਖਣ-ਦੱਖਣ ਆਯੋਗ ਦੇ ਮੁਖੀ ਰਹਿੰਦਿਆਂ ਵਿਕਾਸਸ਼ੀਲ ਦੇਸ਼ਾਂ ਦਰਮਿਆਨ ਜੋ ਆਰਥਿਕ ਸਹਿਯੋਗ ਤੇ ਭਾਈਵਾਲੀ ਨੂੰ ਉਤਸ਼ਾਹਿਤ ਕੀਤਾ, ਉਸ ਨਾਲ ਨਾ ਸਿਰਫ਼ ਭਾਰਤ ਨੂੰ ਵਿਸ਼ਵ ਪੱਧਰ 'ਤੇ ਪਛਾਣ ਮਿਲੀ ਸਗੋਂ ਭਾਰਤੀ ਅਗਵਾਈ ਦੀ ਵਿਸ਼ਵ ਪੱਧਰ 'ਤੇ ਸ਼ਲਾਘਾ ਵੀ ਹੋਈ।ਪ੍ਰਧਾਨ ਮੰਤਰੀ ਡਾ: ਮਨਮੋਹਨ ਸਿੰਘ ਕੌਮਾਂਤਰੀ ਪ੍ਰਸਿੱਧੀ ਪ੍ਰਾਪਤ ਅਰਥਸ਼ਾਸਤਰੀ ਤੇ ਸਿੱਖਿਆ-ਸ਼ਾਸਤਰੀ ਸਨ। ਉਨ੍ਹਾਂ ਕੈਂਬ੍ਰਿਜ ਅਤੇ ਆਕਸਫੋਰਡ ਯੂਨੀਵਰਸਿਟੀਆਂ ਤੋਂ ਸਿੱਖਿਆ ਪ੍ਰਾਪਤ ਕੀਤੀ ਅਤੇ ਉਥੇ ਪੜ੍ਹਦਿਆਂ ਇੱਕ ਵਿਦਿਆਰਥੀ ਵਜੋਂ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕੀਤਾ ।ਉਨ੍ਹਾਂ ਅਸਲੀਅਤ 'ਚ ਆਪਣੇ ਡਾਕਟਰੇਟ ਲਈ ਲਿਖੇ ਸੋਧ ਪ੍ਰਬੰਧ 'ਇੰਡੀਆਜ ਐਕਸਪੋਰਟ ਟ੍ਰੇਡਰਸ ਐਂਡ ਪ੍ਰਾਸਪੈਕਟ ਫਾਰ ਸੈਲਫ ਸਸਟੇਂਡ ਗ੍ਰੋਥ' 'ਚ ਉਹੀ ਸਭ ਕਿਹਾ ਤੇ ਲਿਖਿਆ ਹੈ, ਜੋ ਬਾਅਦ 'ਚ ਉਨ੍ਹਾਂ ਵਿਵਹਾਰਕ ਰੂਪ 'ਚ ਭਾਰਤੀ ਅਰਥਵਿਵਸਥਾ 'ਚ ਅਜਮਾਇਆ। ਡਾ: ਮਨਮੋਹਨ ਸਿੰਘ ਵਿਸ਼ਵ ਪ੍ਰਸਿੱਧ ਅਰਥਸ਼ਾਸਤਰੀ, ਦੂਰਦਰਸ਼ੀ ਰਾਜਨੇਤਾ ਹੋਣ ਤੋਂ ਇਲਾਵਾ ਮਹਾਨ ਸਿੱਖਿਆ ਸ਼ਾਸਤਰੀ ਵੀ ਰਹੇ ਹਨ ।ਉਨ੍ਹਾਂ ਨੇ ਦਿੱਲੀ ਸਕੂਲ ਆਫ ਇਕਨੋਮਿਕਸ 'ਚ ਜਿਹੜੇ ਵਿਦਿਆਰਥੀਆਂ ਨੂੰ ਅਰਥਸ਼ਾਸਤਰ ਪੜ੍ਹਾਇਆ, ਉਨ੍ਹਾਂ 'ਚੋਂ ਵੀ ਕਈ ਬਾਅਦ 'ਚ ਦੁਨੀਆਂ ਦੀਆਂ ਵੱਡੀਆਂ ਸ਼ਖ਼ਸੀਅਤਾਂ 'ਚ ਸ਼ਾਮਿਲ ਹੋਏ।ਡਾ: ਮਨਮੋਹਨ ਸਿੰਘ ਨੇ ਵਿਸ਼ਵ ਪੱਧਰੀ ਆਰਥਿਕ ਮੰਚਾਂ 'ਤੇ ਭਾਰਤ ਦੀ ਪ੍ਰਤੀਨਿਧਤਾ ਕਰਦਿਆਂ ਸਾਨੂੰ ਵਿਕਾਸਸ਼ੀਲ ਦੇਸ਼ਾਂ ਦੀ ਮਹੱਤਵਪੂਰਨ ਆਵਾਜ਼ ਹੀ ਨਹੀਂ ਬਣਾਇਆ, ਸਗੋਂ ਉਨ੍ਹਾਂ ਦੀ ਇਸ ਤਾਕਤਵਰ ਆਵਾਜ਼ ਦੇ ਕਾਰਨ ਵਿਕਸਿਤ ਦੇਸ਼ ਵੀ ਸਾਡੀ ਗੱਲ ਸੁਣਨ ਲਈ ਤਿਆਰ ਹੋਏ ।ਡਾ: ਮਨਮੋਹਨ ਸਿੰਘ ਸੱਚਮੁੱਚ 20ਵੀਂ ਸਦੀ ਦੇ ਅਖੀਰ ਤੇ 21ਵੀਂ ਸਦੀ ਦੀ ਸ਼ੁਰੂਆਤ ਦੀ ਇਕ ਅਜਿਹੀ ਮਹਾਨ ਸ਼ਖ਼ਸੀਅਤ ਹਨ, ਜਿਨ੍ਹਾਂ ਨੇ ਸਿੰਘ ਇਜ ਕਿੰਗ ਵਜੋਂ ਭਾਰਤ ਨੂੰ ਅਜੋਕਾ ਭਾਰਤ ਬਣਾਉਣ ਵਿੱਚ ਅਹਿਮ ਰੋਲ ਅਦਾ ਕੀਤਾ ।



# ਪੰਜਾਬੀਆਂ ਦੇ ਹਿਤਾਂ ਲਈ ਜ਼ਰੂਰੀ ਹੈ ਖੇਤਰੀ ਪਾਰਟੀ



ਡਾ. ਅਮਨਪ੍ਰੀਤ ਸਿੰਘ ਬਰਾੜ

ਪੰਜਾਬ ਭਾਰਤ ਦਾ ਉਹ ਸੂਬਾ ਹੈ ਜਿਸ ਨੇ ਦੇਸ਼ ਨੂੰ ਖ਼ੁਰਾਕ ਵਿੱਚ ਆਤਮ ਨਿਰਭਰ ਹੀ ਨਹੀਂ, ਸਗੋਂ ਬਰਾਮਦ ਕਰਨ ਜੋਗਾ ਵੀ ਕੀਤਾ ਹੈ। ਅੱਜ ਬਹੁਤ ਸਾਰੀਆਂ ਸੱਤਾਧਾਰੀ ਧਿਰਾਂ ਪੰਜਾਬ ਨੂੰ ਵਿੰਗੇ-ਟੇਡੇ ਤਰੀਕੇ ਨਾਲ ਥੱਲੇ ਲਾ ਕੇ ਕਾਬੂ ਕਰਨਾ ਚਾਹੁੰਦੀਆਂ ਹਨ। ਇਸ ਦੀ ਆਬਾਦੀ ਨੂੰ ਕੰਟਰੋਲ ਵਿੱਚ ਲਿਆਉਣ ਲਈ ਆਰਥਿਕ ਤੌਰ 'ਤੇ ਕਮਜ਼ੋਰ ਕਰਨ ਦੀ ਕੋਝੀ ਚਾਲ ਚੱਲੀ ਜਾ ਰਹੀ ਹੈ। ਪੰਜਾਬ ਦੀ ਆਬਾਦੀ ਦਾ ਇੱਕ ਹਿੱਸਾ ਦੇਸ਼ ਦੀਆਂ ਘੱਟ ਗਿਣਤੀਆਂ ਵਿੱਚ ਸ਼ਾਮਿਲ ਹੈ ਪਰ ਪੰਜਾਬ ਵਿੱਚ ਵੱਧ ਗਿਣਤੀ ਵਿੱਚ ਹੈ। ਇਥੇ ਜਿਕਰਯੋਗ ਹੈ ਕਿ ਇਨ੍ਹਾਂ ਦੀ ਜੀਵਨ ਸ਼ੈਲੀ ਦੂਜਿਆਂ ਨਾਲੋਂ ਬਹੁਤ ਅਲੱਗ ਹੈ। ਇਹ ਭਾਵੁਕ ਹੋ ਕੇ ਇੱਕ ਵਹਿਣ ਵਿੱਚ ਛੇਤੀ ਹੀ ਵਹਿ ਜਾਂਦੇ ਹਨ। ਇਸੇ ਕਰਕੇ ਇਹ ਹਰ ਕੰਮ ਵਿੱਚ ਸਭ ਤੋਂ ਅੱਗੇ ਰਹਿੰਦੇ ਹਨ ਚਾਹੇ ਦੇਸ਼ ਦੀ ਰੱਖਿਆ ਜਾਂ ਅੰਨ ਸੁਰੱਖਿਆ ਦਾ ਮਾਮਲਾ ਹੋਵੇ। ਪੰਜਾਬੀ ਸੂਬਾ ਬਣਨ ਤੋਂ ਬਾਅਦ ਇਥੇ ਅਕਾਲੀ ਦਲ ਅਤੇ ਕਾਂਗਰਸ ਵਾਰੀ-ਵਾਰੀ ਰਾਜ ਕਰਦੇ ਰਹੇ। ਜਦੋਂ 2012 ਵਿੱਚ ਅਕਾਲੀ ਦਲ ਦੀ ਦੂਜੀ ਵਾਰ ਸਰਕਾਰ ਬਣੀ ਤਾਂ ਕਿਸੇ ਵੀ ਰਾਸ਼ਟਰੀ ਪਾਰਟੀ ਨੂੰ ਇਹ ਗੱਲ ਹਜ਼ਮ ਨਹੀਂ ਹੋਈ। ਇਸ ਲਈ 2016 ਤੋਂ ਪੰਜਾਬ ਨੂੰ ਮੂਹਰੇ ਲਾ ਕੇ ਅਕਾਲੀ ਦਲ ਖ਼ਿਲਾਫ਼ ਇੱਕ ਬਿਰਤਾਂਤ ਸਿਰਜਣਾ ਸ਼ੁਰੂ ਕਰ ਦਿੱਤਾ, ਜਿਸ ਵਿੱਚ ਬੇਅਦਬੀ, ਨਸ਼ੇ, ਬੇਰੁਜ਼ਗਾਰੀ, ਕਰਜ਼ਾ ਅਤੇ ਪਾਣੀਆਂ ਦੇ ਮੁੱਦੇ ਮੋਹਰੀ ਸਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਹੋਈ, ਲੋਕਾਂ ਵਿੱਚ ਰੋਸ ਹੋਣਾ ਲਾਜ਼ਮੀ ਸੀ, ਕਿਉਂਕਿ ਜਿਹੜਾ ਗ੍ਰੰਥ ਅਤੇ ਧਰਮ ਸਾਰੇ ਧਰਮਾਂ ਦਾ ਸਤਿਕਾਰ ਕਰਦਾ ਹੈ, ਉਸ ਨੂੰ ਇਸ ਤਰ੍ਹਾਂ ਰੋਲਣਾ ਬਹੁਤ ਹੀ ਮੰਦਭਾਗੀ ਘਟਨਾ ਸੀ। ਸਰਕਾਰ ਉਸ ਘਟਨਾ ਦੇ ਦੋਸ਼ੀਆਂ ਤੱਕ ਪਹੁੰਚਣ ਵਿਚ ਅਸਫ਼ਲ ਰਹੀ ਅਤੇ ਸਾਲ 2017 ਵਿੱਚ ਅਕਾਲੀ ਦਲ ਸੱਤਾ ਤੋਂ ਬਾਹਰ ਹੋ ਗਿਆ।

ਅੱਜ ਲੋੜ ਹੈ ਪੰਜਾਬ ਨੂੰ ਬਚਾਉਣ ਦੀ, ਜਿਸ ਲਈ ਖੇਤਰੀ ਪਾਰਟੀ ਜ਼ਰੂਰੀ ਹੈ ਅਤੇ ਉਹ ਪੰਜਾਬ ਲਈ ਅਕਾਲੀ ਦਲ ਹੈ। ਜਦੋਂ 1984 ਦੇ ਪੀੜਤ ਹੋਏ ਲੋਕ ਦਿੱਲੀ, ਨਾਗਪੁਰ ਅਤੇ ਹੋਰ ਸ਼ਹਿਰ ਛੱਡ ਕੇ ਪੰਜਾਬ ਕਿਉਂ ਆਏ, ਕਿਉਂਕਿ ਸਭ ਨੂੰ ਪਤਾ ਸੀ ਕਿ ਪੰਜਾਬ ਵਿੱਚ ਸਾਡੀ ਰੱਖਿਆ ਲਈ ਸਾਡੀ ਖੇਤਰੀ ਪਾਰਟੀ ਹੈ। ਅੱਜ ਕੋਈ ਕੁਝ ਕਹੀ ਜਾਵੇ ਰਾਸ਼ਟਰੀ ਪਾਰਟੀਆਂ ਕਦੇ ਵੀ ਪੰਜਾਬ ਲਈ ਉਹ ਨਹੀਂ ਕਰ ਸਕਦੀਆਂ, ਜੋ ਖੇਤਰੀ ਪਾਰਟੀ ਨੇ ਕੀਤਾ। ਪੰਜਾਬ ਨੂੰ ਦੇਖੀਏ ਤਾਂ ਇਥੇ ਕਈ ਅਜਿਹੇ ਮੁੱਦੇ ਹਨ, ਜਿੱਥੇ ਖੇਤਰੀ ਪਾਰਟੀ ਹੀ ਪੰਜਾਬ ਦੇ ਹੱਕਾਂ ਦੀ ਰਾਖੀ ਕਰ ਸਕਦੀ ਹੈ ਅਤੇ ਕੀਤੀ ਵੀ ਹੈ।

**ਸੰਘੀ ਢਾਂਚਾ** : ਇਸ ਵੇਲੇ ਕੇਂਦਰ ਸਰਕਾਰ ਨੇ ਜੀ. ਐੱਸ.ਟੀ. ਦੇ ਨਾਲ ਸੂਬਿਆਂ ਦਾ ਪੈਸਾ ਆਪਣੇ ਕੰਟਰੋਲ ਵਿੱਚ ਕਰ ਲਿਆ। ਜਿਥੇ ਤਾਂ ਕੇਂਦਰ ਸ਼ਾਸਤ ਵਾਲੀ ਸਰਕਾਰ ਹੈ, ਉਥੇ ਤਾਂ ਜਿੰਨ੍ਹਾ ਮਰਜ਼ੀ ਪੈਸਾ ਲੈ ਲਓ। ਤਾਜ਼ੀ ਉਦਾਹਰਣ ਮਿਲਦੀ ਹੈ ਲੋਕ ਸਭਾ ਚੋਣਾਂ ਤੋਂ ਬਾਅਦ ਬਿਹਾਰ ਅਤੇ ਆਂਧਰਾ ਪ੍ਰਦੇਸ਼ ਦੇ ਚੁਣੇ ਹੋਏ ਨੁਮਾਇੰਦਿਆਂ ਵਲੋਂ ਜਦੋਂ ਭਾਜਪਾ ਦੀ ਸਰਕਾਰ ਬਣਾਉਣ ਲਈ ਮਦਦ ਕੀਤੀ ਗਈ ਤਾਂ ਉਨ੍ਹਾਂ ਨੂੰ ਵਿਸ਼ੇਸ਼ ਪੈਕੇਜ ਜਾਰੀ ਕੀਤੇ ਗਏ, ਜਦਕਿ ਜਿਹੜੇ ਸੂਬਿਆਂ ਵਿੱਚ ਕੇਂਦਰ ਦੀ ਪਾਰਟੀ ਵਾਲੀ ਸਰਕਾਰ ਨਹੀਂ ਸੀ, ਉਨ੍ਹਾਂ ਨੂੰ ਤਾਂ ਉਨ੍ਹਾਂ ਦਾ ਜੀ.ਐੱਸ. ਟੀ. ਦਾ ਪੈਸਾ ਵੀ ਦੇਰ ਨਾਲ ਦਿੱਤਾ ਜਾ ਰਿਹਾ ਹੈ। ਉਧਰ ਇਹ ਵੀ ਕਿਹਾ ਜਾਂਦਾ ਹੈ ਕਿ ਜੇ ਸੈਂਟਰਲ ਬੈਂਕ ਤੋਂ ਕਰਜ਼ ਲੈਣਾ ਹੈ ਤਾਂ ਸੂਬਿਆਂ ਨੂੰ ਕੇਂਦਰ ਦੀਆਂ ਨੀਤੀਆਂ ਲਾਗੂ ਕਰਨੀਆਂ ਪੈਣਗੀਆਂ। ਸੂਬਿਆਂ ਦੇ ਅਧਿਕਾਰ ਆਨੇ-ਬਹਾਨੇ ਘੱਟ ਕੀਤੇ ਜਾ ਰਹੇ ਹਨ। ਪੰਜਾਬ ਪੇਂਡੂ ਵਿਕਾਸ ਲਈ ਕੇਂਦਰ ਵਲੋਂ ਵਧੇਰੇ ਅਨਾਜ ਉਤਪਾਦਨ ਲਈ ਇੱਕ ਰੂਰਲ ਡਿਵੈਲਪਮੈਂਟ ਫ਼ੰਡ ਚਲਾਇਆ ਗਿਆ ਸੀ, ਜਿਸ ਨੂੰ ਪਹਿਲਾਂ ਘਟਾਇਆ ਗਿਆ, ਫ਼ਿਰ ਰੋਕ ਦਿੱਤਾ ਗਿਆ। ਜੋ ਕਾਨੂੰਨ ਸੂਬੇ ਦੇ ਅਧਿਕਾਰ ਖੇਤਰ ਹੇਠ ਆਉਂਦੇ ਹਨ, ਉਨ੍ਹਾਂ ਵਿੱਚ ਤਬਦੀਲੀ ਕਰਨ ਨੂੰ ਵੀ ਰਾਸ਼ਟਰਪਤੀ ਰਾਹੀਂ ਰੁਕਵਾ ਦਿੱਤਾ ਜਾਂਦਾ ਹੈ।

### ਪੰਜਾਬ ਦੇ ਲਟਕਦੇ ਮੁੱਦੇ

ਪੰਜਾਬ ਦੇ ਦੋ ਵੱਡੇ ਮੁੱਦੇ, ਜੋ ਪਿਛਲੇ ਸੱਤ ਦਹਾਕਿਆਂ ਤੋਂ ਲਟਕ ਰਹੇ ਹਨ ਉਹ ਕੇਂਦਰ ਦੀ ਪੰਜਾਬ ਪ੍ਰਤੀ ਬੇਰੁਖੀ ਕਰਕੇ ਹੀ ਹਨ। ਕਦੇ ਅਜਿਹਾ ਹੋਇਆ ਹੈ ਕਿ ਜਿਸ ਸੂਬੇ ਨੂੰ ਵੰਡ ਕੇ ਛੋਟਾ ਕੀਤਾ ਹੋਵੇ ਉਸ ਦੀ ਰਾਜਧਾਨੀ ਵੀ ਖੋਹ ਲਈ ਜਾਵੇ, ਭਾਵ ਚੰਡੀਗੜ੍ਹ ਪੰਜਾਬ ਨੂੰ ਨਹੀਂ ਦਿੱਤਾ ਗਿਆ ਤੇ ਇਸ ਨੂੰ ਕੇਂਦਰੀ ਇਲਾਕਾ ਬਣਾ ਕੇ ਰੱਖ ਲਿਆ ਗਿਆ ਹੈ। ਜੇ ਇਸ ਨੂੰ ਵੀ ਦੋ ਹਿੱਸਿਆਂ ਵਿੱਚ ਵੰਡਿਆ ਨਹੀਂ ਗਿਆ, ਉਹ ਇਸੇ ਕਰਕੇ ਹੋਇਆ ਕਿ ਇਥੋਂ ਦੀ ਖੇਤਰੀ ਪਾਰਟੀ (ਅਕਾਲੀ ਦਲ) ਮਜ਼ਬੂਤ ਸੀ, ਨਹੀਂ ਤਾਂ ਕਦੋਂ ਦਾ ਵੰਡ ਕੇ ਝਗੜਾ ਮੁਕਾ ਦਿੰਦੇ। ਦੂਜਾ ਵੱਡਾ ਮੁੱਦਾ ਹੈ ਪੰਜਾਬ ਦੇ ਦਰਿਆਈ ਪਾਣੀਆਂ ਦਾ। ਸਾਂਝੇ ਪੰਜਾਬ ਵਿਚੋਂ ਦਰਿਆਈ ਪਾਣੀਆਂ ਦਾ ਵੱਡਾ ਹਿੱਸਾ (8 ਮਿ.ਏ.ਫ਼ੁਟ.) ਰਾਜਸਥਾਨ ਨੂੰ ਦੇ ਦਿੱਤਾ। ਜਦੋਂ ਪੰਜਾਬ ਨਾਲੋਂ ਹਰਿਆਣਾ ਵੱਖ ਕੀਤਾ ਤਾਂ ਪਾਣੀ ਵੰਡਣ ਵੇਲੇ ਯਮੁਨਾ ਦਾ ਪਾਣੀ ਜਿਹੜਾਂ ਸਾਂਝੇ ਪੰਜਾਬ ਵਿੱਚ ਲਗਦਾ ਸੀ, ਉਸ ਨੂੰ ਵੱਖ ਰੱਖ ਕੇ ਬਾਕੀ 60:40 ਵਿੱਚ ਵੰਡ ਦਿੱਤਾ, ਜਿਸ ਨਾਲ ਪੰਜਾਬ ਵਿੱਚ ਨਹਿਰੀ ਪਾਣੀ ਦੀ ਆਬਪਾਸ਼ੀ ਸਿਰਫ਼ 27 ਪ੍ਰਤੀਸ਼ਤ ਰਹਿ ਗਈ ਅਤੇ 73 ਪ੍ਰਤੀਸ਼ਤ ਖੇਤੀ ਧਰਤੀ ਹੇਠਲੇ ਪਾਣੀ 'ਤੇ ਨਿਰਭਰ ਹੋ ਗਈ। ਸਾਲ 2023 ਵਿੱਚ 27.8 ਬਿਲਿਅਨ ਕਿਊਬਿਕ ਮੀਟਰ ਪਾਣੀ ਧਰਤੀ ਹੇਠੋਂ ਕੱਢਿਆ ਗਿਆ, ਜਦਕਿ ਰੀਚਾਰਜ ਸਿਰਫ਼ 18.84 ਬਿਲਿਅਨ ਕਿਊਬਿਕ ਮੀਟਰ ਹੀ ਹੋਇਆ। ਧਰਤੀ ਹੇਠਲਾ ਪਾਣੀ 130 ਫ਼ੁੱਟ ਦੀ ਡੂੰਘਾਈ ਤੱਕ ਪਹੁੰਚ ਗਿਆ ਅਜੇ ਐਸ.ਵਾਈ.ਐਲ. ਦੀ ਤਲਵਾਰ ਰਾਜ ਦੇ ਸਿਰ 'ਤੇ ਲਟਕਦੀ ਹੈ।

### ਕਾਲੇ ਪਾਣੀ

ਹਾਲ ਹੀ ਵਿੱਚ ਲੁਧਿਆਣਾ ਵਿੱਚ ਗੰਦੇ ਪਾਣੀਆਂ ਨੂੰ ਸਤਲੁਜ ਵਿੱਚ ਸੁੱਟਣ ਤੋਂ ਰੋਕਣ ਲਈ ਕੁਝ ਸੰਗਠਨਾਂ ਨੇ ਮੁਜ਼ਾਹਰਾ ਕਰਨਾ ਸੀ, ਗੱਲ ਤਾਂ ਜਾਇਜ਼ ਸੀ। ਲੁਧਿਆਣਾ ਦੇ ਬੁੱਢੇ ਨਾਲੇ ਵਿੱਚ ਸਾਰੇ ਹੀ ਉਦਯੋਗਾਂ ਦਾ ਗੰਦਾ ਪਾਣੀ, ਸ਼ਹਿਰ ਦੇ ਸੀਵਰੇਜ ਦਾ ਪਾਣੀ ਅਤੇ ਡੇਅਰੀਆਂ ਦਾ ਗੋਹਾ ਸਤਲੁਜ ਜ਼ਰੀਏ ਸਾਰੇ ਮਾਲਵੇ, ਹਰਿਆਣਾ ਤੇ ਰਾਜਸਥਾਨ ਦੇ ਇਲਾਕਿਆਂ ਨੂੰ ਪੀਣ ਅਤੇ ਵਰਤਣ ਲਈ ਮਿਲਦਾ ਹੈ ਅਤੇ ਇਹ ਗੰਦਾ ਪਾਣੀ ਕੈਂਸਰ ਦਾ ਮੁੱਖ ਕਾਰਨ ਹੈ। ਸੂਬਾ ਪ੍ਰਸ਼ਾਸਨ ਨੇ ਵਾਤਾਵਰਣ ਬਚਾਉਣ ਦੀ ਗੱਲ ਕਰਨ ਵਾਲਿਆਂ ਨੂੰ ਤਾਂ 10 ਕਿਲੋਮੀਟਰ ਦੂਰ ਤੋਂ ਹੀ ਰੋਕਣਾ ਸ਼ੁਰੂ ਕਰ ਦਿੱਤਾ ਅਤੇ ਜਿਹੜੇ ਆਗੂ ਸੀ ਉਨ੍ਹਾਂ ਨੂੰ ਹਿਰਾਸਤ ਵਿੱਚ ਲੈ ਲਿਆ, ਜਦਕਿ ਦੂਜੇ ਪਾਸੇ ਉਦਯੋਗਪਤੀ ਪ੍ਰਵਾਸੀਆਂ ਨੂੰ ਦਿਹਾੜੀ ਦੇ ਕੇ ਟਰੱਕਾਂ, ਟੈਂਪੂਆਂ 'ਤੇ ਲੈ ਕੇ ਆਏ ਅਤੇ ਪ੍ਰਸ਼ਾਸਨ ਨੇ ਨਹੀਂ ਰੋਕਿਆ, ਕੀ ਪ੍ਰਸ਼ਾਸਨ ਦੋ ਧੜਿਆਂ ਦਾ ਆਪਸ ਵਿੱਚ ਟਕਰਾਅ ਕਰਵਾ ਕੇ ਪ੍ਰਦਰਸ਼ਨ ਰੋਕਣਾ ਚਾਹੁੰਦਾ ਸੀ ? ਇਹ ਕਿਸ ਦੀ ਸ਼ਹਿ ਸੀ ? ਖੇਤਰੀ ਪਾਰਟੀ ਹੀ ਇਹੋ ਜਿਹੀਆਂ ਸਾਜਿਸ਼ਾਂ ਨੂੰ ਰੋਕ ਸਕਦੀ ਹੈ। ਤਰਾਸਦੀ ਵੇਖੋ ਚੰਦ ਦਿਨ ਪਰਾਲੀ ਦਾ ਧੂੰਆਂ ਤਾਂ ਸਭ ਨੂੰ ਖਾਂਦਾ ਹੈ ਅਤੇ ਕਿਸਾਨਾਂ ਖ਼ਿਲਾਫ਼ ਪਰਚੇ ਦਰਜ ਕਰਨ ਅਤੇ ਜੁਰਮਾਨੇ ਲਾਉਣ ਵਿੱਚ ਪ੍ਰਸ਼ਾਸਨ ਕੁਤਾਹੀ ਨਹੀਂ ਕਰਦਾ ਪਰ ਚੰਦ ਉਦਯੋਗਪਤੀਆਂ ਸਾਹਮਣੇ ਗੋਡੇ ਟੇਕੀ ਬੈਠਾ ਹੈ ਅਤੇ ਗ੍ਰੀਨ ਟ੍ਰਿਬਿਊਨਲ ਦੇ ਹੁਕਮਾਂ ਦੀ ਵੀ ਪ੍ਰਵਾਹ ਨਹੀਂ ਕਰਦਾ। ਗੱਲ ਇਸ ਵੇਲੇ ਸਮਝਣ ਦੀ ਹੈ ਰਾਸ਼ਟਰੀ ਪਾਰਟੀ ਦਾ ਧਿਆਨ ਵੰਡਿਆ ਜਾਂਦਾ ਹੈ, ਉਨ੍ਹਾਂ ਨੇ ਦੂਜੇ ਸੂਬਿਆਂ ਦੀਆਂ ਚੋਣਾਂ ਵੀ ਲੜਦੀਆਂ ਹੁੰਦੀਆਂ ਹਨ, ਜਦਕਿ ਖੇਤਰੀ ਪਾਰਟੀ ਪੰਜਾਬ ਤੋਂ ਚੱਲਦੀ ਹੈ ਅਤੇ ਪੰਜਾਬ ਦੇ ਮੁੱਦਿਆਂ ਦੀ ਹੀ ਰਾਖੀ ਕਰਦੀ ਹੈ। ਇਸ ਵੇਲੇ ਸਾਡੀ ਖੇਤਰੀ ਪਾਰਟੀ ਨੂੰ ਵੀ ਸਮਝਣ ਦੀ ਲੋੜ ਹੈ ਕਿ ਕਿਸੇ ਰਾਸ਼ਟਰੀ ਪਾਰਟੀ ਦਾ ਸਹਾਰਾ ਲਏ ਬਿਨਾਂ ਆਪਣਾ ਅਕਸ ਆਪ ਹੀ ਪੰਜਾਬੀਆਂ ਸਾਹਮਣੇ ਠੀਕ ਕਰੋ, ਕਿਉਂਕਿ ਬਾਹਰਲਿਆਂ ਨੇ ਤੁਹਾਨੂੰ ਪੰਜਾਬੀਆਂ ਦੇ ਮੁੱਦਿਆਂ ਤੋਂ ਹਟਾ ਕੇ ਰਾਸ਼ਟਰੀ ਮੁੱਦਿਆਂ ਨੂੰ ਪਹਿਲ ਦੇਣੀ ਹੈ।

# ਆਰਥਿਕ ਅਤੇ ਸਿਆਸੀ ਚੁਣੌਤੀਆਂ ਵਾਲਾ ਸਾਲ ਹੋਵੇਗਾ 2025

**ਡਾ: ਅਜੀਤ ਰਾਨਾਡੇ**

ਅਸੀਂ ਹਮੇਸ਼ਾ ਨਵੇਂ ਸਾਲ ਦੀ ਸ਼ੁਰੂਆਤ ਉਮੀਦਾਂ ਨਾਲ ਕਰਦੇ ਹਾਂ। ਉਮੀਦ ਨਾਲ ਜਿਉਣਾ ਮਨੁੱਖੀ ਹੋਂਦ ਦਾ ਸੁਭਾਅ ਹੈ। ਆਉਣ ਵਾਲੇ ਸਾਲ ਵਿੱਚ ਚੁਣੌਤੀਆਂ ਭਾਵੇਂ ਕਿੰਨੀਆਂ ਵੀ ਮੁਸ਼ਕਿਲ ਹੋਣ, ਆਸ਼ਾਵਾਦੀ ਹਮੇਸ਼ਾ ਨਿਰਾਸ਼ਾਵਾਦੀਆਂ ਨੂੰ ਪਛਾੜਦੇ ਹਨ। ਨਿਰਾਸ਼ਾਵਾਦੀ ਅਰਥ ਸ਼ਾਸਤਰੀਆਂ ਦੁਆਰਾ ਫ਼ੈਲੀ ਉਦਾਸੀ ਅਤੇ ਤਬਾਹੀ ਦੀ ਕੋਈ ਵੀ ਮਾਤਰਾ ਆਸ਼ਾਵਾਦੀਆਂ ਨੂੰ ਰੋਕ ਨਹੀਂ ਸਕਦੀ। ਭਵਿੱਖ ਵਿੱਚ ਉਸਦਾ ਵਿਸ਼ਵਾਸ ਘੱਟਦਾ ਨਹੀਂ ਹੈ। ਇਸੇ ਭਾਵਨਾ ਵਿੱਚ ਸਾਲ 2025 ਲਈ ਇੱਕ ਭਵਿੱਖਬਾਣੀ ਕੀਤੀ ਗਈ ਹੈ ਜੋ ਮੁਸ਼ਕਿਲ ਚੁਣੌਤੀਆਂ ਨਾਲ ਭਰਿਆ ਹੋਇਆ ਹੈ।

ਆਉਣ ਵਾਲਾ ਸਾਲ ਅਨਿਸ਼ਚਿਤਤਾਵਾਂ ਨਾਲ ਭਰਿਆ ਹੋਇਆ ਹੈ। ਕਿਸੇ ਵੀ ਕਿਸਮ ਦੀ ਸਹੀ ਭਵਿੱਖਬਾਣੀ ਕਰਨਾ ਮੂਰਖਤਾ ਹੈ ਅਤੇ ਇਹ ਭਵਿੱਖਬਾਣੀ ਫ਼ੇਲ੍ਹ ਹੋਣੀ ਯਕੀਨੀ ਹੈ। ਗਲੋਬਲ ਅਨਿਸ਼ਚਿਤਤਾ ਦੇ ਮੁੱਖ ਸਰੋਤ ਆਰਥਿਕ ਅਤੇ ਭੂ-ਰਾਜਨੀਤਿਕ ਹਨ। ਬਾਅਦ ਵਿੱਚ ਕੁਝ ਹੋਰ ਕਾਰਕ ਵੀ ਹਨ. ਇਨ੍ਹਾਂ ਵਿੱਚ ਯੂਕ੍ਰੇਨ ਵਿੱਚ ਬੇਅੰਤ ਯੁੱਧ ਦਾ ਪ੍ਰਭਾਵ, ਇਜ਼ਰਾਇਲ-ਹਮਾਸ ਸੰਘਰਸ਼ ਅਤੇ ਪੱਛਮੀ ਏਸ਼ੀਆ ਦੇ ਵਿਸ਼ਾਲ ਖੇਤਰ ਵਿੱਚ ਇਸਦਾ ਫ਼ੈਲਣਾ ਅਤੇ ਜਰਮਨੀ ਸਮੇਤ ਕਈ ਦੇਸ਼ਾਂ ਵਿੱਚ ਸੱਜੇ-ਪੱਖੀ ਪਾਰਟੀਆਂ ਦਾ ਉਭਾਰ ਸ਼ਾਮਲ ਹੈ। ਜਰਮਨੀ ਦੀ ਸਰਕਾਰ, ਦੁਨੀਆਂ ਦੀਆਂ ਸਭ ਤੋਂ ਵੱਡੀਆਂ ਅਰਥਵਿਵਸਥਾਵਾਂ ਵਿੱਚੋਂ ਇੱਕ, ਬੀਤੇ ਦਸੰਬਰ ਮਹੀਨੇ ਸੰਸਦ ਵਿੱਚ ਭਰੋਸੇ ਦੀ ਵੋਟ ਗੁਆ ਬੈਠੀ ਅਤੇ ਹੁਣ ਅਗਲੇ ਸਾਲ ਦੇ ਸ਼ੁਰੂ ਵਿੱਚ ਮੱਧਕਾਲੀ ਚੋਣਾਂ ਦਾ ਸਾਹਮਣਾ ਕਰੇਗੀ। ਵਧ ਰਹੇ ਘਾਟੇ ਨਾਲ ਜੂਝ ਰਹੀ ਜਰਮਨ ਆਰਥਿਕਤਾ, ਵਿਦੇਸ਼ੀ ਯੁੱਧਾਂ ਨੂੰ ਵਿੱਤ ਦੇਣ ਲਈ ਵਧੇਰੇ ਪੈਸੇ ਦੀ ਲੋੜ, ਹੁਨਰ ਦੀ ਘਾਟ ਅਤੇ ਘੱਟ ਸਿੱਖਿਆ, ਲਗਾਤਾਰ ਦੂਜੇ ਸਾਲ ਸੁੰਗੜਦੀ ਦਿਖਾਈ ਦੇ ਰਹੀ ਹੈ। ਫ਼ਿਰ, ਉਥੇ ਵਧ ਰਹੀ ਪਰਵਾਸੀ ਵਿਰੋਧੀ ਭਾਵਨਾ ਨੂੰ ਸੱਜੇ-ਪੱਖੀ ਪਾਰਟੀਆਂ ਦੁਆਰਾ ਭੜਕਾਇਆ ਜਾ ਰਿਹਾ ਹੈ। ਕੀ ਜਰਮਨੀ ਰੂਸ ਜਾਂ ਨਾਟੋ ਵੱਲ ਝੁਕੇਗਾ? ਉਹ ਇਰਾਨ ਅਤੇ ਉਸਦੇ ਵਿਰੋਧੀ ਚੀਨ ਨਾਲ ਕਿਵੇਂ ਨਜਿੱਠੇਗਾ? ਕੀ ਇਸਦੀ ਆਰਥਿਕਤਾ ਵਧੇਗੀ?



ਭੂ-ਰਾਜਨੀਤੀ ਤੋਂ ਪਰੇ, ਆਰਥਿਕ ਅਨਿਸ਼ਚਿਤਤਾਵਾਂ ਦਾ ਮਾਹੌਲ ਹੈ ਜਿਸ ਨੂੰ ਯੂ.ਐਸ. ਦੇ ਚੁਣੇ ਹੋਏ ਰਾਸ਼ਟਰਪਤੀ ਡੋਨਾਲਡ ਟਰੰਪ ਦੁਆਰਾ ਵਧਾਇਆ ਜਾ ਰਿਹਾ ਹੈ, ਜੋ 20 ਜਨਵਰੀ, 2025 ਨੂੰ ਸਹੁੰ ਚੁੱਕਣਗੇ। ਉਸਨੇ ਉੱਚ ਆਯਾਤ ਟੈਰਿਫ਼ਾਂ ਤੋਂ ਪਿੱਛੇ ਹਟਣ, ਸਰਕਾਰੀ ਫ਼ੰਡਾਂ ਵਿੱਚ ਕਟੌਤੀ ਕਰਨ, ਮਜ਼ਬੂਤ ਇਮੀਗ੍ਰੇਸ਼ਨ ਵਿਰੋਧੀ ਨੀਤੀਆਂ ਨੂੰ ਅੱਗੇ ਵਧਾਉਣ ਅਤੇ ਜ਼ਿਆਦਾਤਰ ਗਲੋਬਲ ਜਲਵਾਯੂ ਸੰਧੀਆਂ ਤੋਂ ਪਿੱਛੇ ਹਟਣ ਦਾ ਵਾਅਦਾ ਕੀਤਾ ਹੈ। ਉਸ ਦੀ ਸਰਕਾਰ ਵਧੇਰੇ ਸੁਰੱਖਿਆਵਾਦੀ ਹੋਵੇਗੀ। ਟ੍ਰੰਪ ਪ੍ਰਸ਼ਾਸਨ ਸੰਯੁਕਤ ਰਾਜ ਦੇ ਲੈਣ-ਦੇਣ ਵਿੱਚ ਸ਼ੁੱਧ ਲਾਭਾਂ ਦੇ ਮੱਦੇਨਜ਼ਰ ਅੰਤਰਰਾਸ਼ਟਰੀ ਕੂਟਨੀਤੀ ਵਿੱਚ ਸ਼ਾਮਲ ਹੋਣ ਦੀ ਸੰਭਾਵਨਾ ਹੈ। ਇਸ ਦੇ ਨਾਲ ਹੀ ਟਰੰਪ ਸਰਕਾਰ ਨੂੰ ਮੰਦੀ ਦਰਮਿਆਨ ਵਧਦੀ ਮਹਿੰਗਾਈ ਨਾਲ ਵੀ ਲੜਨਾ ਪਵੇਗਾ। ਦੂਜੇ ਪਾਸੇ ਅਮਰੀਕੀ ਸਰਕਾਰ ਦਾ ਕਰਜ਼ਾ 35 ਟ੍ਰਿਲੀਅਨ ਡਾਲਰ ਦੇ ਨਵੇਂ ਸਿਖਰ 'ਤੇ ਪਹੁੰਚ ਗਿਆ ਹੈ। ਸਰਕਾਰ ਨੂੰ ਕਰਜ਼ੇ ਦੇ ਪਹਾੜ ਨੂੰ ਬਾਲਣ ਅਤੇ ਉੱਚੇ ਘਾਟੇ ਅਤੇ ਕਰਜ਼ਿਆਂ ਨੂੰ ਚਲਾਉਣ ਦੀ ਅਧੂਰੀ ਭੁੱਖ ਹੈ। ਕਰਜ਼ੇ 'ਤੇ ਲਗਭਗ 1 ਟ੍ਰਿਲੀਅਨ ਡਾਲਰ ਦਾ ਵਿਆਜ ਹੀ ਭੁਗਤਾਨ ਯੋਗ ਹੈ। ਉਧਾਰ ਲੈਣ ਦੀ ਭੁੱਖ ਅਮਰੀਕੀ ਡਾਲਰ ਨੂੰ ਮਜ਼ਬੂਤ ਰੱਖਦੀ ਹੈ ਜਿਸ ਕਾਰਨ ਭਾਰਤੀ ਰੁਪਏ ਵਰਗੀਆਂ ਹੋਰ ਮੁਦਰਾਵਾਂ ਡਿੱਗਦੀਆਂ ਹਨ। ਕਮਜ਼ੋਰ ਮੁਦਰਾਵਾਂ ਮਹਿੰਗਾਈ ਨੂੰ ਵਿਗੜਨ ਦਾ ਕਾਰਨ ਬਣਦੀਆਂ ਹਨ।

ਵਧਦੀ ਅਸਮਾਨਤਾ ਇੱਕ ਵਿਸ਼ਵਵਿਆਪੀ ਚਿੰਤਾ ਹੈ ਅਤੇ ਇਸਨੂੰ ਖਤਮ ਕਰਨਾ ਜਾਂ ਘਟਾਉਣਾ ਸੰਯੁਕਤ ਰਾਸ਼ਟਰ ਦੇ ਟਿਕਾਊ ਵਿਕਾਸ ਟੀਚਿਆਂ ਵਿੱਚੋਂ ਇੱਕ ਹੈ। ਲੋਕ-ਪੱਖੀ ਨਾਅਰੇ ਦੇਣ ਵਾਲੇ ਨੇਤਾਵਾਂ ਦਾ ਉਭਾਰ ਅਤੇ ਭਲਾਈ ਸਕੀਮਾਂ 'ਤੇ ਵਧਦਾ ਖਰਚਾ ਵਧਦੀ ਅਸਮਾਨਤਾ ਦਾ ਪ੍ਰਤੀਕਰਮ ਹੈ। ਇਹ ਇੱਕ ਨਵੀਂ ਚੁਣੌਤੀ ਖੜ੍ਹੀ ਕਰਦਾ ਹੈ ਕਿ ਭਲਾਈ ਖਰਚਿਆਂ ਦੇ ਵਿੱਤੀ ਬੋਝ ਦਾ ਪ੍ਰਬੰਧਨ ਕਿਵੇਂ ਕੀਤਾ ਜਾਵੇ। ਭਾਰਤ ਵਿੱਚ ਵੀ ਕੇਂਦਰ ਅਤੇ ਰਾਜ ਸਰਕਾਰਾਂ ਵੱਲੋਂ ਭਲਾਈ ਖਰਚਿਆਂ ਵਿੱਚ ਭਾਰੀ ਵਾਧਾ ਕੀਤਾ ਗਿਆ ਹੈ। ਭਾਰਤੀ ਰਿਜ਼ਰਵ ਬੈਂਕ ਦੀ ਇੱਕ ਤਾਜ਼ਾ ਰਿਪੋਰਟ ਵਿੱਚ ਸਬਸਿਡੀਆਂ ਅਤੇ ਮੁਫ਼ਤ ਵਿੱਚ ਅੰਨ੍ਹੇਵਾਹ ਵਾਧਾ ਕਰਨ ਦੇ ਖਿਲਾਫ਼ ਚਿਤਾਵਨੀ ਦਿੱਤੀ ਗਈ ਹੈ।




2024 ਦੌਰਾਨ ਭਾਰਤ ਸਮੇਤ ਸੱਠ ਦੇਸ਼ਾਂ ਵਿੱਚ ਕੌਮੀ ਚੋਣਾਂ ਹੋਈਆਂ ਸਨ ਅਤੇ ਵੱਧ ਰਹੀ ਮਹਿੰਗਾਈ ਅਤੇ ਅਸਮਾਨਤਾ ਜ਼ਿਆਦਾਤਰ ਥਾਵਾਂ 'ਤੇ ਵੋਟਰਾਂ ਲਈ ਵੱਡੇ ਮੁੱਦੇ ਸਨ। ਬਹੁਤ ਸਾਰੀਆਂ ਥਾਵਾਂ 'ਤੇ, ਮਹਿੰਗਾਈ ਅਤੇ ਆਰਥਿਕ ਮੁਸ਼ਕਿਲਾਂ ਦੇ ਕਾਰਨ, ਚੋਣਾਂ (ਜਿਵੇਂ ਕਿ ਅਮਰੀਕਾ) ਵਿੱਚ ਅਹੁਦੇਦਾਰਾਂ ਨੂੰ ਹਟਾ ਦਿੱਤਾ ਗਿਆ ਸੀ। ਭਾਰਤ ਵਿੱਚ ਵੀ, ਝਾਰਖੰਡ ਅਤੇ ਮਹਾਰਾਸ਼ਟਰ ਵਿੱਚ ਵਿਧਾਨ ਸਭਾ ਚੋਣਾਂ ਖੁੱਲ੍ਹੇ-ਡੁੱਲ੍ਹੇ ਸਬਸਿਡੀਆਂ ਦੇ ਵਾਅਦਿਆਂ ਤੋਂ ਪ੍ਰਭਾਵਿਤ ਸਨ, ਖਾਸ ਤੌਰ 'ਤੇ ਔਰਤਾਂ ਨੂੰ ਨਿਸ਼ਾਨਾ ਬਣਾਇਆ ਗਿਆ ਸੀ। ਦੇਸ਼ ਦੇ ਦੋ ਹੋਰ ਰਾਜਾਂ- ਦਿੱਲੀ ਅਤੇ ਬਿਹਾਰ ਵਿੱਚ ਵਿਧਾਨ ਸਭਾ ਚੋਣਾਂ ਹੋਣ ਜਾ ਰਹੀਆਂ ਹਨ ਅਤੇ ਗਰੀਬਾਂ, ਔਰਤਾਂ ਅਤੇ ਸਮਾਜ ਦੇ ਹੋਰ ਵਰਗਾਂ ਨੂੰ ਆਮਦਨ ਸਬਸਿਡੀ ਦੇਣ ਦੀ ਗੱਲ ਪਹਿਲਾਂ ਹੀ ਚੱਲ ਰਹੀ ਹੈ। ਘੱਟੋ-ਘੱਟ ਫ਼ਿਲਹਾਲ, ਇਹ ਬਹਿਸ ਦਾ ਵਿਸ਼ਾ ਨਹੀਂ ਹੈ ਕਿ ਇਨ੍ਹਾਂ ਸਾਰੀਆਂ ਰਾਹਤਾਂ ਅਤੇ ਐਲਾਨਾਂ ਦਾ ਭੁਗਤਾਨ ਕੌਣ ਕਰੇਗਾ।

ਭਾਰਤੀ ਸਿੱਖਿਆ ਦੇ 'ਆਯਾਤ' 'ਤੇ 70 ਬਿਲੀਅਨ ਡਾਲਰ ਖਰਚ ਕਰਨ ਦਾ ਅੰਦਾਜ਼ਾ ਹੈ (ਭਾਵ ਵਿਦੇਸ਼ਾਂ ਵਿੱਚ ਪੜ੍ਹ ਰਹੇ ਵਿਦਿਆਰਥੀਆਂ 'ਤੇ ਖਰਚਾ)। ਇਹ ਆਰਥਿਕਤਾ 'ਤੇ ਇੱਕ ਵੱਡਾ ਨਿਕਾਸ ਹੈ ਅਤੇ ਭਾਰਤ ਵਿੱਚ ਸਿੱਖਿਆ ਦੀ ਗੁਣਵੱਤਾ ਜਾਂ ਕਿਫ਼ਾਇਤੀ ਅਤੇ ਉਪਲਬਧਤਾ ਬਾਰੇ ਅਸੰਤੁਸ਼ਟੀ ਨੂੰ ਦਰਸਾਉਂਦਾ ਹੈ। ਟੈਕਨਾਲੋਜੀ ਦੇ ਮੋਰਚੇ 'ਤੇ, ਅਸੀਂ ਇਲੈਕਟ੍ਰਿਕ ਵਾਹਨਾਂ ਦੇ ਪ੍ਰਸਾਰ, ਪੈਟਰੋਲ ਦੇ ਨਾਲ ਈਥਾਨੌਲ ਦਾ ਵਧੇਰੇ ਮਿਸ਼ਰਣ ਅਤੇ ਸ਼ਾਇਦ ਛੋਟੇ ਅਤੇ ਮਾਡਯੂਲਰ ਪ੍ਰਮਾਣੂ ਰਿਐਕਟਰਾਂ ਦੇ ਪਾਇਲਟ ਪ੍ਰੋਜੈਕਟਾਂ ਦੀ ਸ਼ੁਰੂਆਤ ਨੂੰ ਦੇਖਾਂਗੇ। ਇੱਕ ਵੱਡੇ ਆਰਥਿਕ ਵਿਕਾਸ, ਜਿਵੇਂ ਕਿ ਨਿੱਜੀ ਪੂੰਜੀ ਖਰਚ ਵਿੱਚ ਵਾਧਾ ਅਤੇ ਪੇਂਡੂ ਉਜਰਤਾਂ ਵਿੱਚ ਸੁਧਾਰ, ਦੀ ਨਿਗਰਾਨੀ ਕਰਨ ਦੀ ਲੋੜ ਹੈ। ਸ਼ਹਿਰੀ ਖਪਤ 'ਚ ਆਈ ਗਿਰਾਵਟ ਦੇ ਮੱਦੇਨਜ਼ਰ ਫ਼ਰਵਰੀ 'ਚ ਪੇਸ਼ ਹੋਣ ਵਾਲੇ ਕੇਂਦਰੀ ਬਜਟ 'ਚ ਵਿੱਤੀ ਹੌਂਸਲੇ ਦੀ ਲੋੜ ਪੈ ਸਕਦੀ ਹੈ। ਸੰਖੇਪ ਵਿੱਚ, ਅਸੀਂ ਨਿਵੇਸ਼ ਅਤੇ ਵਿਕਾਸ, ਅਸਮਾਨਤਾ ਨੂੰ ਵਧਾਉਣ, ਭੂ-ਰਾਜਨੀਤੀ ਅਤੇ ਟਕਰਾਅ ਤੋਂ ਪ੍ਰਭਾਵਿਤ ਅਤੇ ਇੱਕ ਢਿੱਲੀ ਮੁਦਰਾ ਨੀਤੀ ਦੁਆਰਾ ਨਿਰਦੇਸ਼ਤ ਸੰਪੱਤੀ ਬਾਜ਼ਾਰ ਵਿੱਚ ਉਛਾਲ ਨਾਲ ਭਰੇ ਇੱਕ ਸਾਲ ਦਾ ਸਾਹਮਣਾ ਕਰਨ ਜਾ ਰਹੇ ਹਾਂ।

# ਮੰਦਿਰਾਂ ਤੇ ਮਸਜਿਦਾਂ ਦੇ ਵਿਵਾਦਾਂ ਨੂੰ ਮੁੜ ਵਧਾ ਰਹੇ ਹਨ ਭਗਵੇਂਵਾਦੀ

**ਡਾ. ਗਿਆਨ ਪਾਠਕ**

ਅਯੁੱਧਿਆ ਵਿੱਚ ਬਾਬਰੀ ਮਸਜਿਦ ਢਾਹੇ ਜਾਣ ਦੇ 32 ਸਾਲ ਬਾਅਦ ਤੇ 9 ਨਵੰਬਰ 2019 ਨੂੰ ਭਾਰਤ ਦੀ ਸੁਪਰੀਮ ਕੋਰਟ ਦੇ 5 ਜੱਜਾਂ ਦੇ ਬੈਂਚ ਦੁਆਰਾ ਅਯੁੱਧਿਆ ਵਿੱਚ ਰਾਮ ਮੰਦਰ ਬਣਾਉਣ ਬਾਰੇ ਸੁਣਾਏ ਗਏ ਫ਼ੈਸਲੇ ਦੇ ਲਗਭਗ 5 ਸਾਲ ਬਾਅਦ ਕਈ ਹੋਰ ਸਥਾਨਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਅਯੁੱਧਿਆ ਫ਼ੈਸਲੇ ਦੇ ਤਹਿਤ ਰਾਮ ਮੰਦਰ ਬਣਾਇਆ ਗਿਆ ਤੇ ਇਸ ਦਾ ਉਦਘਾਟਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 22 ਜਨਵਰੀ 2024 ਨੂੰ ਕਰ ਦਿੱਤਾ ਸੀ। ਪਰ ਉਕਤ ਫ਼ੈਸਲੇ ਨੂੰ ਅੱਧਾ-ਅਧੂਰਾ ਲਾਗੂ ਕਰਨ ਕਰਕੇ ਕਈ ਹੋਰ ਮਸਜਿਦਾਂ ਤੇ ਦਰਗਾਹਾਂ ਨਵੇਂ ਨਿਸ਼ਾਨੇ ਬਣ ਗਏ ਹਨ, ਜਿਸ ਨਾਲ ਦੇਸ਼ ਭਰ 'ਚ ਹਿੰਦੂਆਂ ਤੇ ਮੁਸਲਮਾਨਾਂ ਵਿਚਾਲੇ ਫ਼ਿਰਕੂ ਤਣਾਅ ਤੇ ਦੁਸ਼ਮਣੀ ਪੈਦਾ ਹੋ ਰਹੀ ਹੈ, ਜੋ ਅਯੁੱਧਿਆ ਫ਼ੈਸਲੇ ਤੋਂ ਪੈਦਾ ਹੋਈਆਂ ਉਮੀਦਾਂ ਦੇ ਬਿਲਕੁੱਲ ਉਲਟ ਹੈ।

ਜੇਕਰ ਅਸੀਂ ਅਯੁੱਧਿਆ ਰਾਮ ਜਨਮ ਭੂਮੀ ਬਨਾਮ ਬਾਬਰੀ ਮਸਜਿਦ ਬਾਰੇ 1989 ਦੇ ਭਾਜਪਾ ਦੇ ਚੋਣ ਮਨੋਰਥ ਪੱਤਰ ਨੂੰ ਦੇਖੀਏ ਤਾਂ ਇਹ 35 ਸਾਲਾਂ ਤੋਂ ਵੀ ਜ਼ਿਆਦਾ ਸਮੇਂ ਤੋਂ ਇਕ ਸਿਆਸੀ ਮੁੱਦਾ ਬਣਿਆ ਰਿਹਾ ਹੈ। ਉਨ੍ਹਾਂ ਨੇ ਆਪਣੇ ਚੋਣ ਮਨੋਰਥ ਪੱਤਰ 'ਚ ਲਿਖਿਆ ਸੀ ਕਿ ਭਾਰਤ ਸਰਕਾਰ ਨੇ 1948 'ਚ ਬਣਾਏ ਗਏ ਸੋਮਨਾਥ ਮੰਦਰ ਦੀ ਤਰਜ਼ 'ਤੇ ਅਯੁੱਧਿਆ 'ਚ ਰਾਮ ਜਨਮ ਭੂਮੀ ਮੰਦਰ ਦੇ ਪੁਨਰ ਨਿਰਮਾਣ ਦੀ ਇਜਾਜ਼ਤ ਨਾ ਦੇ ਕੇ ਤਣਾਅ ਨੂੰ ਵਧਣ ਦਿੱਤਾ ਤੇ ਸਮਾਜਿਕ ਸਦਭਾਵਨਾ ਗੰਭੀਰ ਰੂਪ 'ਚ ਪ੍ਰਭਾਵਿਤ ਹੋਈ ਹੈ। ਹਾਲਾਂਕਿ ਦੇਸ਼ ਦੀ ਮੌਜੂਦਾ ਸਥਿਤੀ ਉਨ੍ਹਾਂ ਦੇ ਦਾਅਵਿਆਂ ਨੂੰ ਝੁਠਲਾਉਂਦੀ ਹੈ। ਰਾਮ ਮੰਦਰ 'ਤੇ ਲਗਾਤਾਰ ਸਿਆਸਤ ਹੁੰਦੀ ਰਹੀ ਹੈ। ਲਾਲ ਕ੍ਰਿਸ਼ਨ ਅਡਵਾਨੀ ਦੀ 1990 'ਚ ਰੱਥ ਯਾਤਰਾ ਨੂੰ ਮਿਲੇ ਜ਼ਬਰਦਸਤ ਸਮਰਥਨ ਤੋਂ ਬਾਅਦ ਭਾਜਪਾ ਨੇ 1991 ਦੀਆਂ ਚੋਣਾਂ ਦੌਰਾਨ ਇਸ ਨੂੰ ਰਾਜਨੀਤਕ ਮੁੱਦਾ ਬਣਾਇਆ ਸੀ। ਭਾਜਪਾ ਨੇ 2024 ਦੇ ਆਪਣੇ ਚੋਣ ਮਨੋਰਥ ਪੱਤਰ 'ਚ ਰਾਮ ਮੰਦਰ ਨੂੰ 'ਲੋਕਾਂ ਦਾ ਪੰਜ ਸਦੀਆਂ ਪੁਰਾਣਾ ਸੁਪਨਾ' ਦੱਸਿਆ ਸੀ, ਜੋ ਹੁਣ ਸੱਚ ਹੋ ਗਿਆ ਹੈ।

ਇਸ ਦੇ ਬਾਅਦ ਤਾਂ ਫ਼ਿਰਕੂ ਤਣਾਅ ਤੇ ਭੜਕਾਹਟ ਬੰਦ ਹੋ ਜਾਣੀ ਚਾਹੀਦੀ ਸੀ। ਪਰ ਸ਼ਾਇਦ ਭਾਜਪਾ ਦੇ ਵਿਚਾਰਕ ਮੂਲ ਸਰੋਤ ਆਰ.ਐਸ.ਐਸ. ਦੇ ਕੰਟਰੋਲ ਤੋਂ ਹਜ਼ਾਰਾਂ ਸਿਰਾਂ ਵਾਲੇ ਫ਼ਿਰਕਾਪ੍ਰਸਤ ਬਾਹਰ ਹੋ ਗਏ ਹਨ ਤੇ ਹੁਣ ਕਾਸ਼ੀ ਤੇ ਮਥੁਰਾ 'ਚ ਮਸਜਿਦ ਤੇ ਦਰਗਾਹ ਨੂੰ ਨਿਸ਼ਾਨਾ ਬਣਾ ਰਹੇ ਹਨ, ਜੋ ਉਨ੍ਹਾਂ ਦੀ ਪੁਰਾਣੀ ਮੰਗ ਸੀ। ਸੋਮਨਾਥ ਮੰਦਰ ਦੇ ਨਿਰਮਾਣ ਸਮੇਂ ਹੋਰ ਮਸਜਿਦਾਂ ਤੇ ਦਰਗਾਹਾਂ ਨੂੰ ਨਿਸ਼ਾਨਾ ਨਾ ਬਣਾਉਣ ਲਈ ਹਿੰਦੂ ਤੇ ਮੁਸਲਿਮ ਭਾਈਚਾਰਿਆਂ ਵਿਚਕਾਰ ਸਮਝੌਤਾ ਹੋਇਆ ਸੀ। ਅਯੁੱਧਿਆ ਫ਼ੈਸਲੇ 'ਚ ਵੀ ਪੂਜਾ ਸਥਾਨ (ਵਿਸ਼ੇਸ਼ ਵਿਵਸਥਾਵਾਂ) ਐਕਟ 1991 ਨੂੰ



ਬਰਕਰਾਰ ਰੱਖਿਆ ਗਿਆ ਸੀ, ਜਿਸ ਤਹਿਤ ਕਿਸੇ ਵੀ ਹੋਰ ਪੂਜਾ ਸਥਾਨ ਦੇ ਚਰਿੱਤਰ 'ਚ ਬਦਲਾਅ ਦੀ ਵਿਵਸਥਾ ਨਹੀਂ ਕੀਤੀ ਜਾ ਸਕਦੀ ਇਸ ਐਕਟ ਨੂੰ ਧਰਮ-ਨਿਰਪੱਖਤਾ ਦੀ ਪੂਰਤੀ ਕਰਾਰ ਦਿੱਤਾ ਗਿਆ ਸੀ, ਜੋ ਭਾਰਤੀ ਸੰਵਿਧਾਨ ਦੀ ਇਕ ਮੁੱਢਲੀ ਵਿਸ਼ੇਸ਼ਤਾ ਹੈ।

ਕਈ ਹੋਰ ਨਿਸ਼ਾਨਿਆਂ 'ਚ ਪ੍ਰਮੁੱਖ ਟਿੱਲੇ ਵਾਲੀ ਮਸਜਿਦ ਲਖਨਊ, ਗਿਆਨਵਾਪੀ ਮਸਜਿਦ ਵਾਰਾਨਸੀ, ਸ਼ਮਸੀ ਸ਼ਾਹੀ ਮਸਜਿਦ ਬਦਾਯੂੰ, ਅਟਲਾ ਮਸਜਿਦ ਜੌਨਪੁਰ, ਸ਼ਾਹੀ ਈਦਗਾਹ ਮਸਜਿਦ ਮਥੁਰਾ, ਜਾਮਾ ਮਸਜਿਦ ਸੰਭਲ, ਫ਼ਤਿਹਪੁਰ ਸੀਕਰੀ (ਸਭ ਉੱਤਰਪ੍ਰਦੇਸ਼), ਕੁਵਤ-ਉਲ-ਇਸਲਾਮ ਮਸਜਿਦ, ਕੁਤੁਬ ਮਿਨਾਰ ਦਿੱਲੀ, ਕਮਾਲ ਮੌਲਾ ਮਸਜਿਦ ਭੋਜਸ਼ਾਲਾ ਕੰਪਲੈਕਸ ਮੱਧ ਪ੍ਰਦੇਸ਼ ਸਮੇਤ ਸ਼ੇਖ ਸਲੀਮ ਚਿਸ਼ਤੀ ਦੀ ਜਾਮਾ ਮਸਜਿਦ ਤੇ ਦਰਗਾਹ ਅਤੇ ਅਜਮੇਰ ਸ਼ਰੀਫ਼ ਦਰਗਾਹ ਰਾਜਸਥਾਨ ਤੋਂ ਇਲਾਵਾ ਕਈ ਹੋਰ ਵੀ ਮਸਜਿਦਾਂ ਉਨ੍ਹਾਂ ਦੇ ਨਿਸ਼ਾਨੇ 'ਤੇ ਹਨ।

ਅਯੁੱਧਿਆ ਫ਼ੈਸਲੇ ਦੇ 5 ਜੱਜਾਂ ਵਿੱਚ ਜਸਟਿਸ ਰੰਜਨ ਗੋਗੋਈ, ਐਸ.ਏ. ਬੋਬਡੇ, ਡਾ: ਡੀ.ਵਾਈ. ਚੰਦਰਚੂੜ, ਅਸ਼ੋਕ ਭੂਸ਼ਨ ਤੇ ਐਸ.ਅਬਦੁੱਲ ਨਜ਼ੀਰ ਸ਼ਾਮਿਲ ਸਨ। ਜਸਟਿਸ ਗੋਗੋਈ ਨੂੰ ਚੀਫ਼ ਜਸਟਿਸ ਦੇ ਅਹੁਦੇ ਤੋਂ ਸੇਵਾਮੁਕਤ ਹੋਣ ਤੋਂ ਸਿਰਫ਼ 4 ਮਹੀਨਿਆਂ ਬਾਅਦ ਭਾਜਪਾ ਨੇ ਰਾਜ ਸਭਾ ਦਾ ਮੈਂਬਰ ਨਾਮਜ਼ਦ ਕਰ ਦਿੱਤਾ ਸੀ। ਕਈ ਸਾਬਕਾ ਜੱਜਾਂ ਨੇ ਬਾਬਰੀ ਮਸਜਿਦ ਨੂੰ ਢਾਹੁਣ ਵਾਲੇ ਸਥਾਨ 'ਤੇ ਮੰਦਰ ਨਿਰਮਾਣ ਦੀ ਇਜਾਜ਼ਤ ਦੇਣ ਦੇ ਫ਼ੈਸਲੇ ਦੀ ਆਲੋਚਨਾ ਕੀਤੀ ਸੀ। ਸੁਪਰੀਮ ਕੋਰਟ ਦੇ ਸਾਬਕਾ ਜੱਜ ਜਸਟਿਸ ਆਰ.ਐਫ਼. ਨਰੀਮਨ ਨੇ ਕਿਹਾ ਸੀ ਕਿ 'ਇਸ ਕੇਸ 'ਚ ਨਿਆਂ ਨਾਲ ਇੱਕ ਵੱਡਾ ਮਖੌਲ ਹੋਇਆ ਹੈ, ਕਿਉਂਕਿ ਧਰਮ-ਨਿਰਪੱਖਤਾ ਨੂੰ ਇਸ ਦਾ ਬਣਦਾ ਹੱਕ ਨਹੀਂ ਦਿੱਤਾ ਗਿਆ।' ਫ਼ਿਰ ਵੀ ਅਯੁੱਧਿਆ ਫ਼ੈਸਲੇ 'ਚ ਪੂਜਾ ਸਥਾਨ ਐਕਟ 1991 ਨੂੰ ਬਰਕਰਾਰ ਰੱਖਣਾ ਫ਼ੈਸਲੇ ਦੇ ਸਭ ਤੋਂ ਮਹੱਤਵਪੂਰਨ ਪਹਿਲੂਆਂ 'ਚੋਂ ਇੱਕ ਹੈ, ਇਹ ਫ਼ਿਰਕੂ ਤਣਾਅ ਤੇ ਅਸਹਿਮਤੀ ਨੂੰ ਰੋਕਣ ਸੰਬੰਧੀ ਸੀ। ਹਾਲਾਂਕਿ ਇਸ ਬੈਂਚ ਦੇ ਜੱਜਾਂ 'ਚੋਂ ਇੱਕ ਜਸਟਿਸ ਡੀ.ਵਾਈ. ਚੰਦਰਚੂੜ ਨੇ ਬਾਅਦ ਵਿੱਚ 2022 ਦੇ ਇੱਕ ਫ਼ੈਸਲੇ 'ਚ ਪੂਜਾ ਸਥਾਨਾਂ ਦੇ ਕਾਨੂੰਨ ਤੇ ਭਾਰਤ ਦੇ ਸੰਵਿਧਾਨ ਦੇ ਮੂਲ ਉਦੇਸ਼ਾਂ ਨੂੰ ਨਜ਼ਰਅੰਦਾਜ਼ ਕਰਕੇ ਇੱਕ ਗੰਭੀਰ ਗਲਤੀ ਕੀਤੀ ਹੈ।

ਕਾਸ਼ੀ ਗਿਆਨਵਾਪੀ ਮਸਜਿਦ ਦਾ ਮਾਮਲਾ 2022 'ਚ ਚੀਫ਼ ਜਸਟਿਸ ਡੀ.ਵਾਈ. ਚੰਦਰਚੂੜ ਦੀ ਅਗਵਾਈ ਵਾਲੀ ਬੈਂਚ ਦੇ ਸਾਹਮਣੇ ਪੇਸ਼ ਹੋਇਆ ਸੀ, ਜਿਸ 'ਚ ਉਨ੍ਹਾਂ ਕਿਹਾ ਸੀ ਕਿ ਪੂਜਾ ਸਥਾਨ ਐਕਟ 1991 ਕਿਸੇ ਢਾਂਚੇ ਦੇ ਧਾਰਮਿਕ ਚਰਿੱਤਰ ਸੰਬੰਧੀ ਸਰਵੇਖਣ ਨੂੰ ਨਹੀਂ ਰੋਕਦਾ, ਭਾਵੇਂ ਕਿ ਸੰਬੰਧਿਤ ਢਾਂਚੇ ਦੇ ਚਰਿੱਤਰ ਨੂੰ ਬਦਲਿਆ ਨਹੀਂ ਜਾ ਸਕਦਾ। ਇਸ ਨਾਲ ਮਸਜਿਦਾਂ ਤੇ ਦਰਗਾਹਾਂ ਵਿਰੁੱਧ ਕੇਸਾਂ ਦਾ ਹੜ੍ਹ ਆ ਗਿਆ, ਜੋ ਆਖਰਕਾਰ ਫ਼ਿਰਕੂ ਅਸ਼ਾਂਤੀ ਦਾ ਕਾਰਨ ਬਣ ਰਹੇ ਹਨ। ਜਸਟਿਸ ਚੰਦਰਚੂੜ ਉਸ ਅਯੁੱਧਿਆ ਫ਼ੈਸਲੇ ਦੇ ਖ਼ਿਲਾਫ਼ ਚਲੇ ਗਏ, ਜਿਸ 'ਚ ਉਹ ਖੁਦ ਵੀ ਇੱਕ ਜੱਜ ਸਨ। ਅਯੁੱਧਿਆ ਫ਼ੈਸਲੇ 'ਚ ਪੂਜਾ ਸਥਾਨ (ਵਿਸ਼ੇਸ਼ ਵਿਵਸਥਾਵਾਂ) ਐਕਟ 1991 'ਤੇ ਵਿਸਥਾਰ 'ਚ ਚਰਚਾ ਕੀਤੀ ਗਈ ਸੀ, ਜਿਸ 'ਚ ਕਿਹਾ ਗਿਆ ਸੀ ਕਿ ਇਹ ਕਾਨੂੰਨ ਸੰਸਦ ਦੇ ਇਰਾਦੇ ਨੂੰ ਦਰਸਾਉਂਦਾ ਹੈ ਕਿਉਂਕਿ ਇਹ- ਕਿਸੇ ਵੀ ਪੂਜਾ ਸਥਾਨ ਦੇ ਧਰਮ ਪਰਿਵਰਤਨ ਦੀ ਮਨਾਹੀ ਕਰਦਿਆਂ ਕਿਸੇ ਵੀ ਪੂਜਾ ਸਥਾਨ ਦੇ ਚਰਿੱਤਰ ਨੂੰ ਕਾਇਮ ਰੱਖਣ ਦੀ ਵਿਵਸਥਾ ਕਰਦਾ ਹੈ, ਜਿਵੇਂ ਕਿ ਉਹ 15 ਅਗਸਤ 1947 ਨੂੰ ਮੌਜੂਦ ਸੀ। ਅਯੁੱਧਿਆ ਸੰਬੰਧੀ ਫ਼ੈਸਲੇ 'ਚ ਕਿਹਾ ਗਿਆ ਹੈ ਕਿ ਪੂਜਾ ਸਥਾਨ ਐਕਟ ਉਪਬੰਧਾਂ ਦੇ ਲਾਗੂ ਹੋਣ ਤੋਂ ਸਿਰਫ਼ ਇੱਕ ਛੋਟ ਰਾਮ ਜਨਮ ਭੂਮੀ-ਬਾਬਰੀ ਮਸਜਿਦ ਲਈ ਹੀ ਸੀ। ਬੈਂਚ ਨੇ ਇਸ ਫ਼ੈਸਲੇ 'ਚ ਐਕਟ ਦੀ ਧਾਰਾ 6 ਦਾ ਹਵਾਲਾ ਦਿੱਤਾ ਕਿ 'ਪੂਜਾ ਸਥਾਨ ਦੇ ਧਰਮ ਪਰਿਵਰਤਨ 'ਤੇ ਰੋਕ' ਦੇ ਉਪਬੰਧਾਂ ਦੀ ਉਲੰਘਣਾ ਕਰਨ ਦੀ ਕੋਸ਼ਿਸ਼ ਜਾਂ ਉਕਸਾਉਣ ਲਈ ਸਜ਼ਾ ਦੀ ਵਿਵਸਥਾ ਹੈ। ਫ਼ੈਸਲੇ 'ਚ ਕਿਹਾ ਗਿਆ ਹੈ ਕਿ ਕਾਨੂੰਨ ਦੋ ਅਟੱਲ ਤੇ ਲਾਜ਼ਮੀ ਮਾਪਦੰਡ ਲਾਗੂ ਕਰਦਾ ਹੈ- ਪਹਿਲਾ ਪੂਜਾ ਸਥਾਨ ਦੇ ਪਰਿਵਰਤਨ 'ਤੇ ਰੋਕ ਰਹੇਗੀ ਤੇ ਦੂਜਾ ਹਰ ਪੂਜਾ ਸਥਾਨ ਦੇ ਧਾਰਮਿਕ ਚਰਿੱਤਰ ਦੀ ਸੰਭਾਲ ਕੀਤੀ ਜਾਵੇਗੀ। ਕਾਨੂੰਨ ਇਸ ਉਦੇਸ਼ ਦੀ ਪ੍ਰਾਪਤੀ ਲਈ ਮੁਕੱਦਮਿਆਂ ਤੇ ਕਾਨੂੰਨੀ ਕਾਰਵਾਈਆਂ ਨੂੰ ਘਟਾਉਣ ਲਈ ਪ੍ਰਬੰਧ ਕਰਦਾ ਹੈ ਅਤੇ ਇਸ ਦੇ ਨਾਲ ਹੀ ਪੂਜਾ ਸਥਾਨ ਐਕਟ ਨਵੇਂ ਮੁਕੱਦਮਿਆਂ ਤੇ ਕਾਨੂੰਨੀ ਕਾਰਵਾਈਆਂ ਕਰਨ 'ਤੇ ਵੀ ਰੋਕ ਲਗਾਉਂਦਾ ਹੈ।

ਅਯੁੱਧਿਆ ਫ਼ੈਸਲੇ 'ਚ ਭਾਰਤ ਦੀ ਸੰਸਦ ਦੇ ਇਰਾਦਿਆਂ ਦਾ ਵੀ ਜ਼ਿਕਰ ਕੀਤਾ ਗਿਆ ਹੈ। ਜਿਸ 'ਚ ਕੇਂਦਰੀ ਗ੍ਰਹਿ ਮੰਤਰੀ ਸ਼ੰਕਰ ਰਾਓ ਚਵਾਨ ਦੁਆਰਾ ਲੋਕ ਸਭਾ 'ਚ ਦਿੱਤੇ ਗਏ ਸਪੱਸ਼ਟੀਕਰਨ ਦਾ ਹਵਾਲਾ ਦਿੰਦਿਆਂ ਕਿਹਾ ਗਿਆ ਹੈ ਕਿ ਅਸੀਂ ਇਸ ਬਿੱਲ ਨੂੰ ਪ੍ਰੇਮ, ਸ਼ਾਂਤੀ ਤੇ ਸਦਭਾਵਨਾ ਦੀਆਂ ਸਾਡੀਆਂ ਸ਼ਾਨਦਾਰ ਪਰੰਪਰਾਵਾਂ ਪ੍ਰਦਾਨ ਕਰਨ ਤੇ ਵਿਕਸਤ ਕਰਨ ਦੇ ਉਪਾਅ ਵਜੋਂ ਵੇਖਦੇ ਹਾਂ। **(ਬਾਕੀ ਸਫ਼ਾ 31 'ਤੇ)**

## ਕਿਸਾਨ ਆਗੂ ਬਲਬੀਰ ਸਿੰਘ ਰਾਜੇਵਾਲ ਵੱਲੋਂ ਸੁਪਰੀਮ ਕੋਰਟ ਦੇ ਮੁੱਖ ਜੱਜ ਨੂੰ ਪੱਤਰ

# ਕਿਸਾਨਾਂ ਤੇ ਪੰਜਾਬੀਆਂ ਨੂੰ ਇਨਸਾਫ਼ ਦੁਆਇਆ ਜਾਵੇ

ਮੈਂ ਜਾਣ ਬੁੱਝ ਕੇ ਆਪਣੀ ਮਾਂ ਬੋਲੀ ਪੰਜਾਬੀ ਵਿੱਚ ਆਪ ਜੀ ਨੂੰ ਇਹ ਖਤ ਲਿਖ ਰਿਹਾ ਹਾਂ। ਇਹ ਲਿਖ ਵੀ ਉਸ ਸਮੇਂ ਰਿਹਾ ਹਾਂ ਜਦੋਂ ਭਾਰਤ ਦੇ ਲੋਕਤੰਤਰ ਦੀਆਂ, ਭਾਰਤ ਦੀਆਂ ਹੀ ਸਰਕਾਰਾਂ ਧੱਜੀਆਂ ਉਡਾ ਰਹੀਆਂ ਹਨ, ਜੋ ਸਪੱਸ਼ਟ ਦਿਖ ਰਹੀਆਂ ਹਨ, ਪਰ ਫ਼ਿਰ ਵੀ ਸਾਡੀ ਨਿਆਂਪਾਲਿਕਾ ਮੂਕ ਦਰਸ਼ਕ ਬਣੀ ਬੈਠੀ ਹੈ। ਲੋਕਾਂ ਦੇ ਸੰਵਿਧਾਨਕ ਹੱਕਾਂ ਦੀ ਰਾਖੀ ਵਰਗੇ ਬੇਹੱਦ ਸੰਵੇਦਨਸ਼ੀਲ ਮੁੱਦੇ ਉੱਤੇ ਚੁੱਪ ਹੈ। ਇਹ ਨਹੀਂ ਕਿ ਮਾਣਯੋਗ ਸੁਪਰੀਮ ਕੋਰਟ ਦੇ ਇਹ ਮੁੱਦਾ ਧਿਆਨ ਵਿੱਚ ਨਹੀਂ। ਅਫ਼ਸੋਸ ਇਹ ਹੈ ਕਿ ਸਤਿਕਾਰਯੋਗ ਸੁਪਰੀਮ ਕੋਰਟ ਵਲੋਂ ਥੋੜ੍ਹੇ ਦਿਨ ਪਹਿਲਾਂ ਕਿਸਾਨ ਨੇਤਾ ਸ. ਜਗਜੀਤ ਸਿੰਘ ਡੱਲੇਵਾਲ, ਜੋ ਪੰਜਾਬ-ਹਰਿਆਣਾ ਦੇ ਖਨੌਰੀ ਬਾਰਡਰ ਉੱਤੇ ਮਰਨ ਵਰਤ ਉੱਤੇ ਬੈਠੇ ਹਨ, ਸੰਬੰਧੀ ਭਾਰਤ, ਹਰਿਆਣਾ ਅਤੇ ਪੰਜਾਬ ਸਰਕਾਰਾਂ ਨੂੰ ਢਿੱਲੀਆਂ ਹਦਾਇਤਾਂ ਹੀ ਦਿੱਤੀਆਂ ਗਈਆਂ ਹਨ।

ਸ੍ਰੀਮਾਨ ਜੀ, ਬੇਨਤੀ ਹੈ ਕਿ ਸਭ ਤੋਂ ਪਹਿਲਾਂ ਪੰਜਾਬ ਅਤੇ ਪੰਜਾਬੀਆਂ ਦੇ ਜਜ਼ਬੇ ਅਤੇ ਉਨ੍ਹਾਂ ਦੀ ਮਾਨਸਿਕਤਾ ਨੂੰ ਸਮਝੋ। ਦੇਸ਼ ਦੇ ਕੇਵਲ ਡੇਢ ਫ਼ੀਸਦ ਖੇਤਰ ਵਿੱਚ ਵਸਦੇ ਇਥੋਂ ਦੇ ਲੋਕ ਸਦੀਆਂ ਤੋਂ ਹਰ ਜ਼ੁਲਮ ਦੇ ਖ਼ਿਲਾਫ਼ ਲੜਦੇ ਆਏ ਹਨ। ਜਦੋਂ ਮੁਗਲ ਕਾਲ ਸਮੇਂ ਜਾਬਰ ਧਾੜਵੀ ਦਿੱਲੀ ਨੂੰ ਲੁੱਟ ਕੇ ਉਥੋਂ ਧੀਆਂ ਨੂੰ ਬੰਦੀ ਬਣਾ ਕੇ ਅਫ਼ਗਾਨਿਸਤਾਨ ਵੱਲ ਲਿਜਾਇਆ ਕਰਦੇ ਸਨ, ਉਦੋਂ ਸਾਡੇ ਪੂਰਵਜ ਉਨ੍ਹਾਂ ਦਾ ਡੱਟ ਕੇ ਮੁਕਾਬਲਾ ਕਰਦੇ ਅਤੇ ਬੰਦੀ ਬਣਾਈਆਂ ਧੀਆਂ ਨੂੰ ਛੁਡਾ ਕੇ ਘਰੋਂ ਘਰੀ ਉਨ੍ਹਾਂ ਦੇ ਵਾਰਸਾਂ ਕੋਲ ਪੁਚਾਇਆ ਕਰਦੇ ਸਨ। ਇਤਿਹਾਸ ਗਵਾਹ ਹੈ ਕਿ ਦੇਸ਼ ਦੇ ਆਜ਼ਾਦੀ ਸੰਗਰਾਮ ਵਿੱਚ ਫ਼ਾਂਸੀ ਦੇ ਰੱਸੇ ਚੁੰਮਣ ਵਾਲੇ ਅਤੇ ਕਾਲੇ ਪਾਣੀਆਂ ਦੀਆਂ ਸਜ਼ਾਵਾਂ ਕੱਟਣ ਵਾਲੇ ਦੇਸ਼ ਦੇ ਯੋਧਿਆਂ ਵਿਚੋਂ 90 ਫ਼ੀਸਦ ਤੋਂ ਵੱਧ ਪੰਜਾਬੀ ਸਨ। ਅੱਜ ਵੀ ਪੰਜਾਬ ਦੇਸ਼ ਦੀ ਖੜਗ ਭੁਜਾ ਹੈ। ਜਦੋਂ ਵੀ ਚੀਨ ਜਾਂ ਪਾਕਿਸਤਾਨ ਵੱਲੋਂ ਦੇਸ਼ ਉੱਤੇ ਹਮਲਾ ਹੋਇਆ, ਪੰਜਾਬੀਆਂ ਦੇ ਪੁੱਤਰ ਫ਼ੌਜੀ, ਦੇਸ਼ ਲਈ ਹਿੱਕ ਡਾਹ ਕੇ ਲੜੇ। ਚੀਨ ਦੀ 1962 ਦੀ ਜੰਗ ਤੋਂ ਬਾਅਦ ਦੇਸ਼ ਦੀ ਰੱਖਿਆ ਲਈ ਇਕੱਲੇ ਪੰਜਾਬੀਆਂ ਨੇ 17 ਕੁਇੰਟਲ 20 ਕਿੱਲੋ ਸੋਨਾ ਸਰਕਾਰ ਨੂੰ ਦਾਨ ਕੀਤਾ ਜਦ ਕਿ ਬਾਕੀ ਦੇਸ਼ ਨੇ ਕੇਵਲ 18 ਕਿੱਲੋ। ਜਦੋਂ ਦੇਸ਼ ਅੰਨ ਸੰਕਟ ਵਿੱਚ ਫ਼ਸਿਆ ਤਾਂ ਪੰਜਾਬ ਦੇ ਕਿਸਾਨਾਂ ਨੇ 1966-67 ਤੋਂ 1970 ਤੱਕ ਦੇਸ਼ ਨੂੰ ਅੰਨ ਦੇ ਘਾਟੇ ਦੀ ਥਾਂ ਆਤਮ ਨਿਰਭਰ ਹੀ ਨਹੀਂ, ਫ਼ੂਡ ਸਰਪਲੱਸ ਦੇਸ਼ ਵੀ ਬਣਾਇਆ। ਭਾਵੇਂ ਕੋਈ ਆਫ਼ਤ ਆਵੇ, ਮੱਦਦ ਲਈ ਪੰਜਾਬੀ ਹਮੇਸ਼ਾ ਮੋਹਰੀ ਰਹੇ। ਪੰਜਾਬੀਆਂ ਨਾਲ ਇਸ ਸਭ ਦੇ ਬਾਵਜੂਦ ਕੇਂਦਰੀ ਹੁਕਮਰਾਨਾਂ ਨੇ ਜੋ ਸਲੂਕ ਕੀਤਾ, ਉਹ ਅਫ਼ਸੋਸਨਾਕ ਹੀ ਨਹੀਂ ਨਿੰਦਣਯੋਗ ਵੀ ਹੈ।



ਸ੍ਰੀਮਾਨ ਜੀ ਇਹ ਸਾਰਾ ਜੱਗ ਜਾਣਦਾ ਹੈ ਕਿ 1982 ਵਿੱਚ ਜਦੋਂ ਸ੍ਰੀ ਭਜਨ ਲਾਲ ਹਰਿਆਣਾ ਦੇ ਮੁੱਖ ਮੰਤਰੀ ਬਣੇ, ਉਦੋਂ ਦੇਸ਼ ਦੀ ਰਾਜਧਾਨੀ ਦਿੱਲੀ ਵਿੱਚ ਏਸ਼ੀਅਨ ਖੇਡਾਂ ਹੋਈਆਂ। ਭਜਨ ਲਾਲ ਦੀ ਸਰਕਾਰ ਨੇ ਪੰਜਾਬੀਆਂ ਨੂੰ ਨਾ ਕੇਵਲ ਦਿੱਲੀ ਜਾਣ ਤੋਂ ਰੋਕਿਆ, ਸਗੋਂ ਬੱਸਾਂ ਕਾਰਾਂ ਵਿਚੋਂ ਉਤਾਰ ਕੇ ਜ਼ਲੀਲ ਵੀ ਕੀਤਾ। ਉਦੋਂ ਵੀ ਦੇਸ਼ ਦੇ ਕੇਂਦਰੀ ਹੁਕਮਰਾਨ ਅਤੇ ਸਾਡੀ ਜੁਡੀਸ਼ਅਰੀ ਮੂਕ ਦਰਸ਼ਕ ਬਣੀ ਰਹੀ। ਦਿੱਲੀ ਅਤੇ ਦੇਸ਼ ਵਿੱਚ ਵੱਖ-ਵੱਖ ਥਾਂਵਾਂ ਉੱਤੇ ਹੋਈ ਸਿੱਖਾਂ ਦੀ 1984 ਵਾਲੀ ਨਸਲਕੁਸ਼ੀ ਸਿੱਖਾਂ ਦੇ ਮਨਾਂ ਵਿੱਚ ਸਦੀਆਂ ਤੱਕ ਧੁਖਦੀ ਰਹੇਗੀ। ਇੱਕ ਵਾਰ ਫ਼ੇਰ 2020-21 ਵਿੱਚ ਦਿੱਲੀ ਦੀਆਂ ਬਰੂਹਾਂ ਉੱਤੇ ਹੋਇਆ ਇਤਿਹਾਸਕ ਕਿਸਾਨ ਅੰਦੋਲਨ, ਕੇਂਦਰ ਵੱਲੋਂ ਕਿਸਾਨਾਂ ਨਾਲ ਕੀਤੀ ਧੱਕੇਸ਼ਾਹੀ ਦੀ ਮੂੰਹ ਬੋਲਦੀ ਤਸਵੀਰ ਹੈ। ਕੇਂਦਰ ਸਰਕਾਰ ਨੇ ਦਿੱਲੀ ਵੱਲ ਜਾਂਦੇ ਸਾਰੇ ਕੌਮੀ ਮਾਰਗ ਬੈਰੀਕੇਡ ਲਾ ਕੇ 13 ਮਹੀਨੇ ਬੰਦ ਕਰੀ ਰੱਖੇ। ਕਿਸਾਨਾਂ ਦਾ ਇਹ ਅੰਦੋਲਨ ਵਿਸ਼ਵ ਭਰ ਵਿੱਚ ਸਭ ਤੋਂ ਲੰਬਾ ਸਮਾਂ ਚੱਲਣ ਵਾਲਾ, ਸਭ ਤੋਂ ਵੱਧ ਸ਼ਾਂਤਮਈ ਅਤੇ ਸਭ ਤੋਂ ਵੱਧ ਸ਼ਮੂਲੀਅਤ ਵਾਲਾ ਅੰਦੋਲਨ ਇਤਿਹਾਸਕ ਹੋ ਨਿਬੜਿਆ। ਕੌਮੀ ਸ਼ਾਹਰਾਹ ਕੇਂਦਰ ਸਰਕਾਰ ਨੇ ਗ਼ੈਰ ਸੰਵਿਧਾਨਕ ਤਰੀਕੇ ਨਾਲ ਕਿਉਂ ਰੋਕੇ ? ਸਾਡੇ ਜੁਡੀਸ਼ੀਅਲ ਸਿਸਟਮ ਨੇ ਕੱਖ ਨਹੀਂ ਕੀਤਾ। ਸਰਕਾਰ ਨੇ ਆਪਣੇ ਬਣਾਏ ਤਿੰਨ ਕਾਲੇ ਕਾਨੂੰਨ ਦੋਬਾਰਾ ਪਾਰਲੀਮੈਂਟ ਦਾ ਇਜਲਾਸ ਸੱਦ ਕੇ ਵਾਪਸ ਲੈ ਲਏ। ਫ਼ਸਲਾਂ ਦੀ ਐਮ.ਐਸ.ਪੀ. ਅਤੇ ਬਾਕੀ ਮੰਗਾਂ ਹੱਲ ਕਰਨ ਦਾ ਲਿਖਤੀ ਭਰੋਸਾ ਦੇ ਕੇ ਕੇਂਦਰ ਸਰਕਾਰ ਅੱਜ ਤੱਕ ਚੁੱਪ ਹੈ।

ਸ੍ਰੀਮਾਨ ਜੀ, ਕਿਸਾਨ, ਜਿਸ ਨੂੰ ਸਾਰਾ ਦੇਸ਼ ਅੰਨਦਾਤਾ ਕਹਿੰਦਾ ਹੈ, ਕੋਈ ਹੁਕਮਰਾਨਾਂ ਦੇ ਸਿਆਸੀ ਵਿਰੋਧੀ ਨਹੀਂ। ਉਹ ਸਭ ਤੋਂ ਸਖ਼ਤ ਮਿਹਨਤ ਕਰ ਕੇ ਵੀ ਸਰਕਾਰ ਦੀਆਂ ਕਿਸਾਨ ਵਿਰੋਧੀ ਨੀਤੀਆਂ ਕਾਰਨ ਕਰਜ਼ੇ ਵਿੱਚ ਫ਼ਸੇ ਹੋਏ ਹਨ। ਸਾਰੇ ਦੇਸ਼ ਵਿਚ ਲੱਖਾਂ ਕਿਸਾਨ ਖ਼ੁਦਕੁਸ਼ੀਆਂ ਕਰ ਗਏ। ਕਿਸੇ ਸਰਕਾਰ ਨੂੰ ਪਰਵਾਹ ਨਹੀਂ। ਸਰਕਾਰ ਕੋਲ ਅਮੀਰ ਲੋਕਾਂ ਖਾਸਕਰ ਕਾਰਪੋਰੇਟ ਘਰਾਣਿਆਂ ਲਈ ਕਰਜ਼ਾ ਮਾਫ਼ ਕਰਨ ਲਈ ਲੱਖਾਂ ਕਰੋੜ ਹਨ ਪਰ ਅੰਨਦਾਤੇ ਲਈ ਸਰਕਾਰ ਦਾ ਖ਼ਜ਼ਾਨਾ ਹਮੇਸ਼ਾ ਖ਼ਾਲੀ ਹੀ ਰਹਿੰਦਾ ਹੈ।

ਸ੍ਰੀਮਾਨ ਜੀ, ਇੱਕ ਵਾਰ ਫ਼ੇਰ ਪੰਜਾਬ ਦੇ ਕਿਸਾਨ ਸਾਰੇ ਦੇਸ਼ ਦੇ ਕਿਸਾਨਾਂ ਦੀਆਂ ਮੰਗਾਂ ਨੂੰ ਲੈ ਕੇ ਫ਼ਰਵਰੀ 2024 ਤੋਂ ਲਗਾਤਾਰ ਅੰਦੋਲਨ ਕਰ ਰਹੇ ਹਨ। ਉਹ ਸ਼ਾਂਤਮਈ ਰੋਸ ਵਜੋਂ ਆਪਣੇ ਦੇਸ਼ ਦੀ ਰਾਜਧਾਨੀ ਦਿੱਲੀ ਜਾਣਾ ਚਾਹੁੰਦੇ ਹਨ। ਜਿਵੇਂ ਦਿੱਲੀ ਬਾਰਡਰ ਉੱਤੇ 2020 ਵਿੱਚ ਕੇਂਦਰ ਸਰਕਾਰ ਨੇ ਕਿਸਾਨਾਂ ਨੂੰ ਆਪਣੀ ਰਾਜਧਾਨੀ ਜਾਣ ਤੋਂ ਰੋਕਣ ਲਈ ਬੈਰੀਕੇਡ ਲਾ ਕੇ ਕਿੱਲ ਗੱਡੇ ਸਨ, ਉਸੇ ਤਰ੍ਹਾਂ ਇਸ ਵਾਰ ਵੀ ਹਰਿਆਣਾ ਅਤੇ ਕੇਂਦਰ ਸਰਕਾਰ ਨੇ ਪੰਜਾਬ ਅਤੇ ਹਰਿਆਣੇ ਦੇ ਸ਼ੰਭੂ ਅਤੇ ਖਨੌਰੀ ਆਦਿ ਬਾਰਡਰਾਂ ਉੱਤੇ ਕੰਕਰੀਟ ਦੇ ਸੱਤ-ਸੱਤ ਪੜਤਾਂ ਵਿੱਚ ਬੈਰੀਕੇਡ ਲਾ ਕੇ ਕਿਸਾਨਾਂ ਨੂੰ ਦਿੱਲੀ ਜਾਣ ਤੋਂ ਰੋਕਿਆ ਹੋਇਆ ਹੈ। ਇਹੋ ਨਹੀਂ ਸਰਕਾਰ ਨੇ ਜਬਰ ਨਾਲ ਹੁਣ ਤੱਕ ਕਿਸਾਨਾਂ ਉੱਤੇ ਗੋਲੀਆਂ ਚਲਾਈਆਂ, ਅੱਥਰੂ ਅਤੇ ਜ਼ਹਿਰੀਲੀਆਂ ਗੈਸਾਂ ਛੱਡੀਆਂ, ਕੈਮੀਕਲ ਵਾਲੇ ਪਾਣੀ ਦੀਆਂ ਬੁਛਾੜਾਂ ਮਾਰੀਆਂ, ਕਿਸਾਨਾਂ ਨੂੰ ਕੁੱਟ-ਕੁੱਟ ਕੇ ਹੱਡੀਆਂ ਤੋੜੀਆਂ। ਇੱਕ ਕਿਸਾਨ ਸ਼ੁਭਕਰਨ ਸਿੰਘ ਗੋਲੀ ਨਾਲ ਸ਼ਹੀਦ ਕੀਤਾ। ਕਈਆਂ ਦੀਆਂ ਦੋਵੇਂ ਅੱਖਾਂ ਗਈਆਂ, 450 ਤੋਂ ਵੱਧ ਕਿਸਾਨ ਹੁਣ ਤੱਕ ਜ਼ਖ਼ਮੀ ਹੋਏ। ਸਰਕਾਰ ਨੇ ਨੈਸ਼ਨਲ ਹਾਈਵੇ ਲਗਾਤਾਰ ਬੰਦ ਕੀਤੇ ਹੋਏ ਹਨ। ਹੁਣ ਵੀ ਜਦੋਂ ਨਿਹੱਥੇ ਕਿਸਾਨ 101, 101 ਦੇ ਜੱਥੇ ਬਣਾ ਕੇ 'ਸਤਿਨਾਮ ਵਾਹਿਗੁਰੂ' ਦਾ ਜਾਪ ਕਰਦੇ ਸ਼ਾਂਤਮਈ ਦਿੱਲੀ ਵੱਲ ਵਧਦੇ ਹਨ ਤਾਂ ਉਨ੍ਹਾਂ ਉੱਤੇ ਅਣਮਨੁੱਖੀ ਤਸ਼ੱਦਦ ਕੀਤਾ ਜਾਂਦਾ ਹੈ।

ਸ੍ਰੀਮਾਨ ਜੀ, ਤੰਗ ਆ ਕੇ ਕਿਸਾਨ ਆਗੂ ਸ. ਜਗਜੀਤ ਸਿੰਘ ਡੱਲੇਵਾਲ ਮਰਨ ਵਰਤ ਉੱਤੇ ਬੈਠ ਗਏ ਹਨ। ਇੱਕ ਮਹੀਨਾ ਹੋਣ ਵਾਲਾ ਹੈ, ਉਨ੍ਹਾਂ ਦੀ ਹਾਲਤ ਚਿੰਤਾਜਨਕ ਬਣੀ ਹੋਈ ਹੈ। ਮਾਨਯੋਗ ਸੁਪਰੀਮ ਕੋਰਟ ਨੇ ਪੰਜਾਬ, ਹਰਿਆਣਾ ਅਤੇ ਕੇਂਦਰ ਸਰਕਾਰ ਨੂੰ ਉਨ੍ਹਾਂ ਦੀ ਸਿਹਤ ਦਾ ਧਿਆਨ ਰੱਖਣ ਦੇ ਤਾਂ ਹੁਕਮ ਕੀਤੇ ਹਨ ਪਰ ਮਾਨਯੋਗ ਅਦਾਲਤ ਕਿਸਾਨਾਂ ਦੇ ਰਾਹ ਰੋਕਣ ਲਈ ਬੈਰੀਕੇਡ ਲਾਉਣ ਉੱਤੇ ਕਿਉਂ ਚੁੱਪ ਹੈ ? ਕੀ ਸਾਨੂੰ ਦੱਸੋਗੇ ਕਿ ਸੰਵਿਧਾਨ ਦੀ ਕਿਹੜੀ ਧਾਰਾ ਹੈ ਜੋ ਕਿਸਾਨਾਂ ਨੂੰ ਆਪਣੀ ਰਾਜਧਾਨੀ ਦਿੱਲੀ ਜਾ ਕੇ ਸ਼ਾਂਤਮਈ ਰੋਸ ਅਤੇ ਸ਼ਾਂਤਮਈ ਅੰਦੋਲਨ ਤੋਂ ਰੋਕਦੀ ਹੈ। ਹਰਿਆਣਾ ਅਤੇ ਕੇਂਦਰ ਸਰਕਾਰ ਨੂੰ ਸੰਵਿਧਾਨ ਦੀ ਕਿਹੜੀ ਧਾਰਾ ਹੈ, ਜੋ ਉਸ ਨੂੰ ਬੈਰੀਕੇਡ ਲਾ ਕੇ ਸਮੁੱਚੇ ਪੰਜਾਬੀਆਂ ਦਾ ਰਾਹ ਬੰਦ ਕਰਨ ਦੀ ਆਗਿਆ ਦਿੰਦੀ ਹੋਵੇ। ਇਹ ਕੌਮੀ ਸ਼ਾਹਰਾਹ ਬੰਦ ਹੋਣ ਨਾਲ ਪੰਜਾਬ ਦੇ ਵਪਾਰ, ਇੰਡਸਟਰੀ ਅਤੇ ਆਮ ਲੋਕਾਂ ਦਾ ਅਰਬਾਂ ਰੁਪਏ ਦਾ ਨੁਕਸਾਨ ਹੋ ਗਿਆ। ਕੀ ਪੰਜਾਬ ਦੇਸ਼ ਦਾ ਹਿੱਸਾ ਨਹੀਂ ? ਕੀ ਪੰਜਾਬੀ ਵਿਦੇਸ਼ੀ ਜਾਂ ਦੇਸ਼ ਦੇ ਦੁਸ਼ਮਣ ਹਨ ? ਅਸੀਂ ਆਪ ਜੀ ਤੋਂ ਇਹੋ ਜਾਣਨਾ ਚਾਹੁੰਦੇ ਹਾਂ ਕਿ ਜਦੋਂ ਸਰਕਾਰਾਂ ਹੀ ਕਾਨੂੰਨ ਦੀਆਂ ਧੱਜੀਆਂ ਉਡਾ ਰਹੀਆਂ ਹੋਣ ਤਾਂ ਸਾਡੀ ਜੁਡੀਸ਼ਅਰੀ ਕਿਉਂ ਚੁੱਪ ਹੈ ? ਪੰਜਾਬੀਆਂ ਅੰਦਰ ਬੇਗਾਨਗੀ ਦੀ ਭਾਵਨਾ ਕਿਉਂ ਪੈਦਾ ਕਰਦੇ ਹੋ ? ਸ੍ਰੀਮਾਨ ਜੀ, ਕੇਂਦਰੀ ਹੁਕਮਰਾਨਾਂ ਦਾ ਵਤੀਰਾ ਕਿਸੇ ਪੱਖੋਂ ਵੀ ਸੰਵਿਧਾਨਕ ਨਹੀਂ। ਇਸ ਲਈ ਤੁਰੰਤ ਦਖ਼ਲ ਦੇ ਕੇ ਸਪੱਸ਼ਟ ਹੁਕਮ ਦਿਓ ਅਤੇ ਜ਼ਿਆਦਤੀਆਂ ਲਈ ਸਰਕਾਰ ਨੂੰ ਕਟਹਿਰੇ ਵਿੱਚ ਖੜ੍ਹਾ ਕਰ ਕੇ ਕਿਸਾਨਾਂ ਨੂੰ ਇਨਸਾਫ਼ ਦਿਓ। ਇਹ ਸਾਡੀ ਸੰਵਿਧਾਨਕ ਮੰਗ ਹੈ।

ਤੁਰੰਤ ਕਾਰਵਾਈ ਦੀ ਆਸ ਵਿੱਚ,
ਆਪ ਜੀ ਦਾ ਸ਼ੁੱਭ ਚਿੰਤਕ
ਭਾਰਤੀ ਕਿਸਾਨ ਯੂਨੀਅਨ (ਰਾਜੇਵਾਲ)

# ਸੰਵਿਧਾਨਸਾਜ਼ੀ ਦਾ ਅਜੋਕਾ ਬਿਰਤਾਂਤ

ਜ਼ੋਇਆ ਹਸਨ

ਸੰਵਿਧਾਨ ਦੇ 75 ਸਾਲਾਂ ਬਾਰੇ ਪਾਰਲੀਮੈਂਟ ਵਿੱਚ ਦੋ ਦਿਨ ਹੋਈ ਬਹਿਸ ਦੌਰਾਨ ਕਾਂਗਰਸ ਅਤੇ ਭਾਰਤੀ ਜਨਤਾ ਪਾਰਟੀ ਨੇ ਸੰਵਿਧਾਨਕ ਸੋਚ ਪ੍ਰਤੀ ਆਪੋ ਆਪਣੀ ਵਚਨਬੱਧਤਾ ਪ੍ਰਗਟਾਈ ਹੈ ਪਰ ਉਨ੍ਹਾਂ ਇੱਕ ਦੂਜੇ ਵੱਲੋਂ ਕੀਤੀਆਂ ਉਕਾਈਆਂ ਵੱਲ ਧਿਆਨ ਦਿਵਾਉਣ ਵਿੱਚ ਵੀ ਕੋਈ ਕਸਰ ਨਹੀਂ ਛੱਡੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਾਂਗਰਸ ਉੱਪਰ ਬੇਹਿਸਾਬ ਹਮਲੇ ਕੀਤੇ ਹਨ। ਉਨ੍ਹਾਂ ਨਹਿਰੂ ਗਾਂਧੀ ਪਰਿਵਾਰ 'ਤੇ ਸੰਵਿਧਾਨ ਨੂੰ ਢਾਹ ਲਾਉਣ ਦਾ ਦੋਸ਼ ਲਾਇਆ। ਮਿਸਾਲ ਦੇ ਤੌਰ 'ਤੇ ਉਨ੍ਹਾਂ ਹਵਾਲਾ ਦਿੱਤਾ ਕਿ ਕਿ ਐਮਰਜੈਂਸੀ ਲਾਗੂ ਕਰ ਕੇ ਸੰਵਿਧਾਨਕ ਹੱਕਾਂ ਨੂੰ ਕੁਚਲਣ ਪਿੱਛੇ ਕਾਂਗਰਸ ਦਾ ਹੱਥ ਸੀ ਅਤੇ ਸੰਵਿਧਾਨ ਦੀ ਪਹਿਲੀ ਸੋਧ ਵਿੱਚ ਜਵਾਹਰਲਾਲ ਨਹਿਰੂ ਦੀ ਭੂਮਿਕਾ ਦਾ ਹਵਾਲਾ ਦਿੱਤਾ।

ਰਾਹੁਲ ਗਾਂਧੀ ਨੇ ਬਹਿਸ ਵਿੱਚ ਦਖ਼ਲ ਦਿੰਦਿਆਂ ਨਾਗਰਿਕ ਰਾਸ਼ਟਰਵਾਦ ਅਤੇ ਹਿੰਦੂਤਵ ਦੀਆਂ ਵਿਚਾਰਧਾਰਾਵਾਂ ਵਿਚਕਾਰ ਟਕਰਾਅ ਦੇ ਲਿਹਾਜ਼ ਨਾਲ ਸੰਵਿਧਾਨ ਨੂੰ ਬੁਲੰਦ ਰੱਖਣ ਵਾਲਿਆਂ ਅਤੇ ਮਨੂਸਿਮ੍ਰਤੀ ਦੇ ਪੈਰੋਕਾਰਾਂ ਵਿਚਕਾਰ ਫ਼ਰਕ ਨੂੰ ਦਰਸਾਇਆ ਕਿ ਮਨੂਸਿਮ੍ਰਤੀ ਦੇ ਸਿਧਾਂਤ ਭਾਰਤ ਮੂਲ ਅਸੂਲਾਂ ਦੀ ਧਾਰਨਾ ਨਾਲ ਟਕਰਾਉਂਦੇਹਨ। ਜਦੋਂ ਸੰਵਿਧਾਨ ਦੀਆਂ ਖ਼ਿਲਾਫ਼ਵਰਜ਼ੀਆਂ ਦਾ ਸਵਾਲ ਉੱਠਦਾ ਹੈ ਤਾਂ ਭਾਜਪਾ ਕਾਂਗਰਸ ਦੀ ਇਹ ਕਹਿ ਕੇ ਨੁਕਤਾਚੀਨੀ ਕਰਦੀ ਹੈ ਕਿ ਇਹ ਪ੍ਰਮੁੱਖ ਉਲੰਘਣਾ ਕਰਨ ਵਾਲੀ ਧਿਰ ਹੈ। ਉਂਝ, ਇਹ ਭੁੱਲ ਜਾਂਦੀ ਹੈ ਕਿ ਕੁਝ ਮਾਮਲਿਆਂ ਵਿੱਚ ਇਸ ਨੇ ਸੰਵਿਧਾਨ ਦੀਆਂ ਧੱਜੀਆਂ ਉਡਾਉਣ ਵਿੱਚ ਕਾਂਗਰਸ ਨੂੰ ਵੀ ਪਿਛਾਂਹ ਛੱਡ ਦਿੱਤਾ ਹੈ।

ਇੱਕ ਹੋਰ ਪੱਖ ਤੋਂ ਇਹ ਬਹਿਸ ਕਾਫ਼ੀ ਅਹਿਮ ਗਿਣੀ ਜਾਂਦੀ ਹੈ ਜਿਸ ਦੇ ਨਾਲ ਹੀ ਸੰਵਿਧਾਨ ਬਣਾਉਣ ਵਿੱਚ ਕਾਂਗਰਸ ਦੀ ਪ੍ਰਮੁੱਖ ਭੂਮਿਕਾ ਬਾਰੇ ਸ਼ੰਕੇ ਖੜ੍ਹੇ ਕੀਤੇ ਗਏ ਹਨ। ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਲੋਕ ਸਭਾ ਵਿੱਚ ਬਹਿਸ ਦੀ ਸ਼ੁਰੂਆਤ ਕਰਦਿਆਂ ਕਿਹਾ ਕਿ ਸੰਵਿਧਾਨ ਬਣਾਉਣ ਦੇ ਪ੍ਰਾਜੈਕਟ ਨੂੰ ਇੰਝ ਪੇਸ਼ ਕੀਤਾ ਜਾਂਦਾ ਰਿਹਾ ਹੈ ਕਿ ਇਸ ਵਿੱਚ ਇੱਕ ਖ਼ਾਸ ਪਾਰਟੀ ਦਾ ਯੋਗਦਾਨ ਰਿਹਾ ਸੀ। ਉਨ੍ਹਾਂ ਕਿਹਾ "ਅੱਜ ਮੈਂ ਇਹ ਸਪਸ਼ਟ ਕਰਨਾ ਚਾਹੁੰਦਾ ਹਾਂ ਕਿ ਸਾਡਾ ਸੰਵਿਧਾਨ ਕਿਸੇ ਇੱਕ ਪਾਰਟੀ ਦਾ ਤੋਹਫ਼ਾ ਨਹੀਂ ਸੀ।"

ਇਹ ਗੱਲ ਦਿਲਚਸਪੀ ਦਾ ਸਬੱਬ ਹੋ ਸਕਦੀ ਹੈ ਕਿ ਇਹ ਗ਼ੈਰ-ਇਤਿਹਾਸਕ ਪੁਨਰਸਾਜ਼ੀ ਕਿਉਂ ਕੀਤੀ ਜਾ ਰਹੀ ਹੈ। ਯਕੀਨਨ ਇਹ ਕਿਸੇ ਇੱਕ ਪਾਰਟੀ ਦਾ ਤੋਹਫ਼ਾ ਨਹੀਂ ਸੀ ਪਰ ਅਸੀਂ ਇਹ ਸਮਝ ਸਕਦੇ ਹਾਂ ਕਿ ਸੁਤੰਤਰਤਾ ਸੰਗਰਾਮ ਅਤੇ ਸੰਵਿਧਾਨ ਘੜਨੀ ਸਭਾ 'ਚੋਂ ਆਮ ਤੌਰ 'ਤੇ ਗ਼ੈਰ-ਹਾਜ਼ਰ ਰਹਿਣ ਕਰ ਕੇ ਭਾਜਪਾ ਅੰਦਰ ਕਾਂਗਰਸ ਦੀ ਭੂਮਿਕਾ ਨੂੰ ਛਾਂਗਣ ਅਤੇ ਸੰਵਿਧਾਨਸਾਜ਼ੀ ਦੀ ਪ੍ਰਕਿਰਿਆ ਵਿੱਚ ਆਪਣੇ ਅਜਿਹੇ ਵਿਚਾਰ ਧੱਕਣ ਦੀ ਕੋਸ਼ਿਸ਼ ਹੋ ਰਹੀ ਹੈ ਜੋ ਬੁਨਿਆਦੀ ਤੌਰ 'ਤੇ ਮੌਜੂਦ ਨਹੀਂ ਸਨ। ਪਰ ਇਹ ਸੰਵਿਧਾਨ ਦਾ ਖਰੜਾ ਤਿਆਰ ਕਰਨ ਵਿੱਚ ਕਾਂਗਰਸ ਦੀ ਭੂਮਿਕਾ ਨੂੰ ਛੁਟਿਆਉਣ ਤੱਕ ਸੀਮਤ ਨਹੀਂ ਹੈ ਸਗੋਂ ਇਸ ਵੱਲੋਂ ਰਾਸ਼ਟਰੀ ਪਟਕਥਾ ਨੂੰ ਨਵੇਂ ਸਿਰਿਉਂ ਵਾਹੁਣ ਦੇ ਭਾਜਪਾ ਦੇ ਧੱਕੜ ਅਤੇ ਸਿਆਸੀ ਏਜੰਡੇ ਨੂੰ ਮੁੱਖਧਾਰਾ ਦਾ ਰੂਪ ਦੇਣ ਦੀਆਂ ਬੱਜਰ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ ਤਾਂ ਕਿ ਸਮਕਾਲੀ ਹਿੰਦੂ ਰਾਸ਼ਟਰਵਾਦੀ ਰਾਜਨੀਤੀ ਦੀਆਂ ਲੋੜਾਂ ਦੇ ਅਨੁਰੂਪ ਘਟਨਾਵਾਂ ਦੀ ਮੁੜ ਵਿਆਖਿਆ ਕੀਤੀ ਜਾ ਸਕੇ। ਭਾਜਪਾ ਆਧੁਨਿਕ ਇਤਿਹਾਸ ਦੀ ਸੋਚੀ ਸਮਝੀ ਮੁੜ ਉਸਾਰੀ ਲਈ ਕੇਂਦਰ ਵਿੱਚ ਆਪਣੀ ਸੱਤਾ ਦਾ ਗਿਣ-ਮਿੱਥ ਕੇ ਇਸਤੇਮਾਲ ਕਰ ਰਹੀ ਹੈ।

ਸੰਵਿਧਾਨ ਦੇ ਉਥਾਨਾਂ ਦੇ ਇਤਿਹਾਸਕ ਵਿਸ਼ਲੇਸ਼ਣਾਂ ਦੀ ਕੋਈ ਘਾਟ ਨਹੀਂ ਹੈ ਅਤੇ ਫ਼ਿਰ ਵੀ ਇਸ ਦੇ ਇਤਿਹਾਸ ਨੂੰ ਗ਼ਲਤ ਢੰਗ ਨਾਲ ਪੇਸ਼ ਅਤੇ ਵਿਆਖਿਆ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਸੰਵਿਧਾਨ ਨੂੰ ਤਿੰਨ ਸਾਲਾਂ ਤੋਂ ਵੱਧ ਸਮੇਂ ਤੱਕ ਚਲਦੀ ਰਹੀ ਇੱਕ ਸਮੂਹਿਕ ਵਿਚਾਰ ਚਰਚਾ ਦੀ ਉਪਜ ਦੇ ਤੌਰ 'ਤੇ ਦੇਖਿਆ ਜਾਣਾ ਚਾਹੀਦਾ ਹੈ- ਜਿਸ ਤਹਿਤ 7500 ਤੋਂ ਵੱਧ ਸੋਧਾਂ ਪੇਸ਼ ਕੀਤੀਆਂ ਗਈਆਂ ਤੇ 2500 ਤਬਦੀਲ ਕੀਤੀਆਂ ਗਈਆਂ ਅਤੇ ਲਗਭਗ 400 ਅਨੁਸੂਚੀਆਂ ਦਾ ਇੱਕ ਦਸਤਾਵੇਜ਼ ਤਿਆਰ ਹੋਇਆ ਜੋ ਕਿ ਆਪਣੀ ਤਰ੍ਹਾਂ ਦਾ ਸਭ ਤੋਂ ਵੱਡਾ ਦਸਤਾਵੇਜ਼ ਸੀ।

ਇਸ ਦਾ ਖਰੜਾ ਘੜਨ ਵਾਲਿਆਂ ਦੀ ਚੋਣ ਅਸਿੱਧੇ ਢੰਗ ਨਾਲ ਕੀਤੀ ਗਈ ਸੀ ਪਰ ਉਹ ਸਾਰੇ ਹਿੰਦੁਸਤਾਨੀ ਸਨ ਜਿਨ੍ਹਾਂ ਇਸ ਦੀ ਰਚਨਾ ਕੀਤੀ ਸੀ। ਸੰਵਿਧਾਨ ਦੀ ਰੂਪ-ਰੇਖਾ ਤਿਆਰ ਕਰਨ ਵਿੱਚ ਕੋਈ ਬਸਤੀਵਾਦੀ ਸਿਧਾਂਤ ਜਾਂ ਵਿਧੀ ਦਾ ਸਹਾਰਾ ਨਹੀਂ ਲਿਆ ਗਿਆ। ਲੋਕਤੰਤਰ, ਧਰਮਨਿਰਪੱਖਤਾ ਅਤੇ ਸੰਘਵਾਦ ਦੇ ਸਾਡੇ ਆਪਣੇ ਰੂਪ ਸਨ ਜੋ ਇਸ ਵਿੱਚ ਰੇਖਾਂਕਿਤ ਕੀਤੇ ਗਏ ਸਮਾਨਤਾ, ਨਿਆਂ ਅਤੇ ਭਾਈਚਾਰੇ ਦੇ ਸਿਧਾਂਤਾਂ ਦੁਆਰਾ ਸੰਚਾਲਿਤ




ਹੁੰਦੇ ਸਨ। ਇੱਕ ਨਵੇਂ ਭਾਰਤ ਦੇ "ਸਮਾਨ ਨਾਗਰਿਕਾਂ" ਦੇ ਇਸ ਰੂਪ ਦਾ ਉਲੇਖ 1931 ਵਿੱਚ ਕਰਾਚੀ ਕਾਂਗਰਸ ਦੇ ਮਤੇ ਵਿੱਚ ਮਿਲਦਾ ਹੈ। ਇਹ 1937 ਦੀਆਂ ਚੋਣਾਂ ਵਿੱਚ ਕਾਂਗਰਸ ਦੀ ਪ੍ਰਚਾਰ ਮੁਹਿੰਮ ਦਾ ਕੇਂਦਰ ਬਿੰਦੂ ਬਣ ਗਿਆ ਸੀ ਅਤੇ ਬਾਅਦ ਵਿੱਚ ਸੰਵਿਧਾਨ ਦਾ ਮੂਲ ਆਧਾਰ ਬਣਿਆ ਸੀ।

ਪ੍ਰਸਤਾਵਨਾ ਦੇ ਉਦੇਸ਼ਾਂ 'ਚ ਮੁੱਢਲਾ ਸਿਧਾਂਤਕ ਢਾਂਚਾ ਹੈ, ਜਿਸ ਨੇ ਸਾਡੇ ਵਿਲੱਖਣ ਸੰਵਿਧਾਨ ਨੂੰ ਸਥਿਰਤਾ ਤੇ ਦ੍ਰਿੜ੍ਹਤਾ ਦਿੱਤੀ ਹੈ। ਇਸ ਦਾ ਸਿਹਰਾ ਜ਼ਿਆਦਾਤਰ ਸੰਵਿਧਾਨ ਸਭਾ ਦੀਆਂ ਚਰਚਾਵਾਂ 'ਚ ਘੜੇ ਗਏ ਦ੍ਰਿਸ਼ਟੀਕੋਣਾਂ ਨੂੰ ਜਾਂਦਾ ਹੈ, ਪਰ ਕਿਸੇ ਵੀ ਤਰ੍ਹਾਂ ਅਜਿਹਾ ਨਹੀਂ ਸੀ ਕਿ ਇਸ ਸਭ ਨੂੰ ਟਾਲਿਆ ਨਾ ਜਾ ਸਕਦਾ ਹੋਵੇ। ਬੁਨਿਆਦੀ ਹੱਕਾਂ ਤੇ ਬਾਲਗ ਅਧਿਕਾਰਾਂ 'ਤੇ ਅਧਾਰਿਤ ਸੰਵਿਧਾਨਵਾਦ ਨੇ ਇਤਿਹਾਸ, ਆਸਥਾ ਤੇ ਪਛਾਣ ਤੋਂ ਨਾਤਾ ਤੋੜ, ਇਸ ਦੀ ਬਜਾਏ ਬਸਤੀਵਾਦੀ-ਵਿਰੋਧੀ ਲੋਕ ਰਾਸ਼ਟਰਵਾਦ ਨੂੰ ਸੰਵਿਧਾਨ 'ਚ ਦਰਜ ਬਰਾਬਰ ਅਧਿਕਾਰਾਂ ਦੇ ਉਦੇਸ਼ ਨਾਲ ਜੋੜਿਆ। ਉੱਨ੍ਹੀਵੀਂ ਸਦੀ 'ਤੇ ਬਾਅਦ ਦੇ ਸਾਲਾਂ ਅਤੇ ਵੀਹਵੀਂ ਸਦੀ ਦੀ ਸ਼ੁਰੂਆਤ ਵਿਚ ਉੱਠੀਆਂ ਬਸਤੀਵਾਦ ਵਿਰੋਧੀ ਤੇ ਜਾਤੀ ਵਿਰੋਧੀ ਸਮਾਜ ਸੁਧਾਰ ਲਹਿਰਾਂ ਨੇ ਫ਼ੈਸਲਾਕੁਨ ਭੂਮਿਕਾ ਨਿਭਾਈ।

ਭਾਰਤ ਵੱਲੋਂ ਇੱਕ ਅਜਿਹੇ ਸੰਵਿਧਾਨ ਨੂੰ ਅਪਨਾਉਣਾ, ਜਿਸ 'ਚ ਹਰੇਕ ਨਾਗਰਿਕ ਲਈ ਰਾਜਨੀਤਕ ਸਮਾਨਤਾ ਸਮੋਈ ਹੋਈ ਸੀ, ਆਧੁਨਿਕ ਸੰਸਾਰ ਦੀ ਬਹੁਤ ਵੱਡੀ ਮਾਨਵੀ ਤੇ ਸਿਆਸੀ ਉਪਲਬਧੀ ਸੀ। ਇਸ ਨੂੰ ਹਾਲਾਂਕਿ, ਹੁਣ ਦੀਆਂ ਸਥਿਤੀਆਂ 'ਚ ਉਸ ਸਮੇਂ ਪੱਕਾ ਮੰਨ ਕੇ ਨਹੀਂ ਚੱਲਿਆ ਜਾ ਸਕਦਾ, ਜਦੋਂ ਰਾਜਨੀਤੀ ਨੇ ਇਸ ਤਰ੍ਹਾਂ ਦੀਆਂ ਬਹੁਗਿਣਤੀਆਂ ਦਾ ਭਾਵ ਪੈਦਾ ਕਰ ਦਿੱਤਾ ਹੈ ਜਿਹੜੀਆਂ 'ਖ਼ਾਸ ਪਛਾਣਾਂ' 'ਤੇ ਆਧਾਰਿਤ ਹਨ।



# ਨਵੇਂ ਸਾਲ ਨੂੰ ਜੀ ਆਇਆਂ ਕਹਿੰਦਿਆਂ...

# ਨਵੇਂ ਸਾਲ ਦੀ ਸੂਹੀ ਸਵੇਰ ਦੀ ਜ਼ੀਨਤ




**ਨਵੇਂ ਸਾਲ ਦੀ ਸ਼ੁਰੂਆਤ ਮੌਕੇ ਅਸੀਂ ਆਪਣੇ ਪਾਠਕਾਂ, ਸੱਜਣਾਂ, ਸਨੇਹੀਆਂ ਨੂੰ ਨਵੇਂ ਸਾਲ ਦੀਆਂ ਮੁਬਾਰਕਾਂ ਦਿੰਦੇ ਹਾਂ ਅਤੇ ਰੱਬ ਅੱਗੇ ਦੁਆ ਕਰਦੇ ਹਾਂ ਕਿ ਨਵਾਂ ਸਾਲ ਸਾਰਿਆਂ ਲਈ ਖ਼ੁਸ਼ੀਆਂ ਅਤੇ ਖੇੜੇ ਲੈ ਕੇ ਆਵੇ ਅਤੇ ਸਭ ਦੀਆਂ ਇੱਛਾਵਾਂ ਪੂਰੀਆਂ ਹੋਣ। ਨਵੇਂ ਸਾਲ ਮੌਕੇ ਹਰ ਇਨਸਾਨ ਨੂੰ ਆਪਣੀ ਜ਼ਿੰਦਗੀ ਦੀ ਨਵੀਂ ਸ਼ੁਰੂਆਤ ਕਰਨੀ ਚਾਹੀਦੀ ਹੈ ਅਤੇ ਨਵੇਂ ਦਿਸਹੱਦਿਆਂ ਦੀ ਤਲਾਸ਼ ਵਿੱਚ ਵੀ ਕੁਝ ਸਮਾਂ ਲਗਾਉਣਾ ਚਾਹੀਦਾ ਹੈ।**




ਨਵੇਂ ਸਾਲ 2025 ਨੇ ਸਾਡੇ ਬੂਹਿਆਂ 'ਤੇ ਦਸਤਕ ਦੇ ਦਿੱਤੀ ਹੈ। ਇਸ ਨਵੇਂ ਸਾਲ ਦੀ ਸ਼ੁਰੂਆਤ ਮੌਕੇ ਪੂਰੇ ਆਲਮ ਵਿੱਚ ਹੀ ਜਸ਼ਨ ਮਨਾਏ ਜਾ ਰਹੇ ਹਨ, ਇੱਕ ਪਾਸੇ ਖੁਸ਼ੀ ਵਿੱਚ ਢੋਲ ਤੇ ਨਗਾੜੇ ਵੱਜ ਰਹੇ ਹਨ, ਦੂਜੇ ਪਾਸੇ ਡਿਸਕੋ, ਪੋਪ ਸੰਗੀਤ ਦੀਆਂ ਧੁਨਾਂ ਉਪਰ ਅੱਲ੍ਹੜ, ਜਵਾਨ ਉਮਰ ਦੇ ਨਾਲ ਹੀ ਅਧਖੜ ਉਮਰ ਦੇ ਵਿਅਕਤੀ ਵੀ ਡਾਂਸ ਕਰਕੇ ਖੁਸ਼ੀ ਮਨਾ ਰਹੇ ਹਨ। ਇਸ ਦੇ ਨਾਲ ਹੀ ਧਾਰਮਿਕ ਅਕੀਦੇ ਵਾਲੇ ਲੋਕ ਧਾਰਮਿਕ ਸਥਾਨਾਂ ਵਿੱਚ ਜਾ ਕੇ ਆਪਣੇ ਨਵੇਂ ਸਾਲ ਦੀ ਸ਼ੁਰੂਆਤ ਕਰ ਰਹੇ ਹਨ। ਗੱਲ ਕੀ, ਹਰ ਵਿਅਕਤੀ ਹੀ ਇਸ ਦਿਨ ਖੁਸ਼ ਜਿਹਾ ਦਿਖਾਈ ਦਿੰਦਾ ਹੈ। ਵੱਡੀ ਗਿਣਤੀ ਲੋਕ ਇਸ ਦਿਨ ਇੱਕ ਦੂਜੇ ਨੂੰ 'ਹੈਪੀ ਨਿਊ ਈਅਰ' ਕਹਿੰਦੇ ਹਨ।

ਦੁਨੀਆਂ ਭਰ ਵਿੱਚ ਨਵਾਂ ਸਾਲ 1 ਜਨਵਰੀ ਤੋਂ ਮਨਾਉਣ ਦਾ ਰਿਵਾਜ ਅੰਗਰੇਜ਼ਾਂ ਨੂੰ ਵੇਖ ਕੇ ਸ਼ੁਰੂ ਹੋਇਆ। ਅਸਲ ਵਿੱਚ ਇੱਕ ਸਮਾਂ ਅਜਿਹਾ ਵੀ ਸੀ ਜਦੋਂ ਸਾਰੀ ਦੁਨੀਆਂ ਵਿੱਚ ਅੰਗਰੇਜ਼ਾਂ ਦਾ ਹੀ ਰਾਜ ਹੁੰਦਾ ਸੀ। ਕਿਹਾ ਜਾਂਦਾ ਸੀ ਕਿ ਅੰਗਰੇਜ਼ਾਂ ਦੇ ਰਾਜ ਵਿੱਚ ਸੂਰਜ ਕਦੇ ਨਹੀਂ ਛਿਪਦਾ ਸੀ। ਇਹ ਗੱਲ ਇੱਕ ਤਰੀਕੇ ਨਾਲ ਠੀਕ ਵੀ ਕਹੀ ਜਾਂਦੀ ਹੈ ਕਿਉਂਕਿ ਕਿਸੇ ਸਮੇਂ ਅੰਗਰੇਜ਼ਾਂ ਦਾ ਰਾਜ ਹੀ ਐਡਾ ਵੱਡਾ ਸੀ ਕਿ ਇੱਕ ਪਾਸੇ ਸੂਰਜ ਚੜ੍ਹਦਾ ਸੀ, ਦੂਜੇ ਪਾਸੇ ਛਿਪਦਾ ਹੁੰਦਾ ਸੀ। ਸਾਇੰਸ ਅਤੇ ਇਤਿਹਾਸ ਦੇ ਵਿਦਿਆਰਥੀ ਇਹ ਗੱਲ ਚੰਗੀ ਤਰ੍ਹਾਂ ਸਮਝਦੇ ਹਨ। ਇਹੀ ਕਾਰਨ ਹੈ ਕਿ ਅੰਗਰੇਜ਼ਾਂ ਵਾਂਗੂੰ ਪੂਰੀ ਦੁਨੀਆਂ 1 ਜਨਵਰੀ ਤੋਂ ਸ਼ੁਰੂਆਤ ਕਰਦੀ ਹੈ। ਸਿੱਖਾਂ ਦਾ ਨਵਾਂ ਸਾਲ ਚੇਤ ਮਹੀਨੇ ਤੋਂ ਸ਼ੁਰੂ ਹੁੰਦਾ ਹੈ। ਇਸੇ ਤਰ੍ਹਾਂ ਮੱਧ ਪ੍ਰਦੇਸ਼ ਵਿੱਚ ਕਈ ਲੋਕ ਦਿਵਾਲੀ ਮੌਕੇ ਨਵੇਂ ਸਾਲ ਦੀਆਂ ਵਧਾਈਆਂ ਦਿੰਦੇ ਹਨ, ਉੱਥੇ ਨਵਾਂ ਸਾਲ ਦਿਵਾਲੀ ਤੋਂ ਸ਼ੁਰੂ ਮੰਨਿਆ ਜਾਂਦਾ ਹੈ। ਇਸ ਦੇ ਬਾਵਜੂਦ ਅੰਗਰੇਜ਼ਾਂ ਵਾਂਗੂੰ 1 ਜਨਵਰੀ ਤੋਂ ਹੀ ਨਵੇਂ ਸਾਲ ਦੀ ਸ਼ੁਰੂਆਤ ਰਸਮੀ ਤੌਰ 'ਤੇ ਕੀਤੀ ਜਾਂਦੀ ਹੈ। ਨਵੇਂ ਸਾਲ ਮੌਕੇ ਵੱਖ-ਵੱਖ ਸ਼ਹਿਰਾਂ ਵਿੱਚ ਧਾਰਮਿਕ ਸਮਾਗਮ ਵੀ ਕਰਵਾਏ ਜਾਂਦੇ ਹਨ ਅਤੇ ਲੰਗਰ ਵੀ ਲਾਏ ਜਾਂਦੇ ਹਨ। ਇਸ ਤਰ੍ਹਾਂ ਧਾਰਮਿਕ ਰੀਤ-ਮਰਿਆਦਾ ਅਨੁਸਾਰ ਨਵੇਂ ਸਾਲ ਦੀ ਸ਼ੁਰੂਆਤ ਕੀਤੀ ਜਾਂਦੀ ਹੈ। ਵੱਡੀ ਗਿਣਤੀ ਲੋਕ ਇਸ ਦਿਨ ਇੱਕ ਦੂਜੇ ਨੂੰ ਹੈਪੀ ਨਿਊ ਈਅਰ ਕਹਿੰਦੇ ਹਨ, ਇਸ ਦਿਨ ਲੋਕ ਭੁੱਲ ਜਾਂਦੇ ਹਨ ਕਿ ਮਹਿੰਗਾਈ ਨੇ ਉਹਨਾਂ ਦੀ ਕਮਰ ਤੋੜ ਦਿੱਤੀ ਹੈ, ਸਰਕਾਰੀ ਨੌਕਰੀ ਦੀ ਝਾਕ ਵਿੱਚ ਜਿਹੜੇ ਜਵਾਨ ਮੁੰਡੇ ਜਵਾਨੀ ਵਿੱਚ ਹੀ ਧੌਲ਼ੇ ਆਉਣ ਕਰਕੇ ਫ਼ਿਕਰਾਂ ਕਾਰਨ ਬੁੱਢੇ ਜਿਹੇ ਦਿਖਾਈ ਦਿੰਦੇ ਹਨ, ਉਹ ਵੀ ਇਸ ਦਿਨ ਚਿੱਟੇ ਵਾਲਾਂ ਨੂੰ ਡਾਈ ਲਗਾ ਕੇ ਨਵੇਂ ਕੱਪੜੇ ਪਾ ਕੇ ਯੂਨੀਵਰਸਿਟੀ ਜਾਂ ਕਾਲਜ ਤੇ ਸੱਜਣਾਂ ਦੇ ਘਰ ਅੱਗੇ ਗੇੜੀਆਂ ਜ਼ਰੂਰ ਮਾਰਦੇ ਹਨ। ਕਾਲਜਾਂ ਤੇ ਯੂਨੀਵਰਸਿਟੀ ਵਿੱਚ ਮੁੰਡੇ -ਕੁੜੀਆਂ ਗਸ਼ਤੀ ਟੋਲਿਆਂ ਵਾਂਗ ਫਿਰਦੇ ਹਨ। ਯੂਨੀਵਰਸਿਟੀ ਵਿੱਚ ਕਈ ਸਾਲ ਪੜ੍ਹਾਈ ਕੀਤੀ ਹੋਣ ਅਤੇ ਹੁਣ ਰਿਹਾਇਸ਼ ਹੀ ਇੱਕ ਯੂਨੀਵਰਸਿਟੀ ਸਾਹਮਣੇ ਆਉਣ ਕਰਕੇ ਮੈਂ ਇਸ ਵਰਤਾਰੇ ਨੂੰ ਹਰ ਸਾਲ ਹੀ ਨਵੇਂ ਸਾਲ ਵਾਲੇ ਦਿਨ ਵੇਖਦਾ ਹਾਂ।

ਹੁਣ ਜ਼ਰ੍ਹਾ , ਸੋਚੋ ਖਾਂ! ਉਹਨਾਂ ਲੋਕਾਂ ਬਾਰੇ ਵੀ, ਜਿਨ੍ਹਾਂ ਦੇ ਬੀਤੇ ਸਾਲ ਵਿੱਚ ਮਾਪੇ ਗੁਜ਼ਰ ਗਏ ਹਨ ਜਾਂ ਵਿਦੇਸ਼ ਗਿਆ ਪੁੱਤ ਬਰਫ਼ੀਲੇ ਸਮੁੰਦਰੀ ਪਾਣੀਆਂ ਵਿੱਚ ਹੀ ਬਰਫ਼ ਬਣ ਗਿਆ/ਡੁੱਬ ਗਿਆ ਜਾਂ ਵਿਦੇਸ਼ ਵਿੱਚ ਉਸ ਦਾ ਕਤਲ ਹੋ ਗਿਆ ਜਾਂ ਫ਼ੇਰ ਫ਼ੌਜ ਵਿੱਚ ਭਰਤੀ ਪੁੱਤ ਦੇ ਛੁੱਟੀ ਆਉਣ ਦੀ ਥਾਂ ਉਸ ਦੀ ਲਾਸ਼ ਹੀ ਘਰ ਆ ਗਈ ਸੀ ਜਾਂ ਕਿਸੇ ਬਾਬਲ ਦੀ ਲਾਡਲੀ ਧੀ ਸਹੁਰਿਆਂ ਤੋਂ ਦੁਖੀ ਹੋਕੇ ਘਰ ਬੈਠ ਗਈ। ਅਜਿਹੇ ਲੋਕਾਂ/ਨੌਜਵਾਨਾਂ ਬਾਰੇ ਵੀ ਕੀ ਲਿਖ ਸਕਦੇ ਹਾਂ ਜਿਨ੍ਹਾਂ ਦੀ ਬੇਰੁਜ਼ਗਾਰੀ ਜਾਂ ਨਸ਼ੇ ਦੀ ਆਦਤ ਤੋਂ ਦੁਖੀ ਪਤਨੀ ਤਲਾਕ ਦੇ ਗਈ ਜਾਂ ਉਂਝ ਹੀ ਛੱਡ ਕੇ ਕਿਸੇ ਹੋਰ ਨਾਲ ਜਾਂਦੀ ਹੋਈ ਕੰਧ ਦੇ ਵਿੱਚ ਲੱਗੀ ਜਾਂ ਦਰਵਾਜੇ ਦੇ ਪਿਛਲੇ ਪਾਸੇ ਲੱਗੀ ਕਿੱਲੀ ਉੱਪਰ ਆਪਣੀ ਨਿਸ਼ਾਨੀ ਛੱਡ ਗਈ , ਉਹ ਨੌਜਵਾਨ ਤਾਂ ਬੈੱਡ ਦੀ ਢੋਅ ਉੱਪਰ ਪਈ ਪਤਨੀ ਨਾਲ ਗਲਵੱਕੜੀ ਪਾਕੇ ਖਿਚਾਈ ਗਈ ਫੋਟੋ ਵੱਲ ਵੇਖ ਕੇ ਮੀਲ ਭਰ ਲੰਬਾ ਹੌਕਾ ਲੈ ਕੇ ਨਵੇਂ ਸਾਲ ਦੇ ਦਿਨ ਸਵੇਰ ਵੇਲੇ ਮੁੜ ਰਜਾਈ ਵਿੱਚ ਹੀ ਤਾਂ ਮੂੰਹ ਲੁਕੋ ਕੇ ਰੋਣ ਜੋਗੇ ਰਹਿ ਜਾਂਦੇ ਹਨ।

ਉਹਨਾਂ ਬੇਰੁਜ਼ਗਾਰਾਂ ਲਈ ਵੀ ਨਵਾਂ ਸਾਲ ਕੀ ਹੋਵੇਗਾ, ਜਿਨ੍ਹਾਂ ਨੂੰ ਮਿੱਤਰ/ਸਹੇਲੀ ਨਾਲ ਕੰਟੀਨ ਜਾਂ ਕਿਸੇ ਹੋਟਲ ਦੀ ਨੁਕਰੇ ਉਹਲੇ ਜਿਹੇ ਚਾਹ ਜਾਂ ਕੋਲਡ ਕੌਫੀ ਪੀਣ ਲਈ ਵੀ ਕਈ ਤਰਾਂ ਦੇ ਬਹਾਨੇ ਲਾ ਕੇ ਘਰਦਿਆਂ ਤੋਂ ਪੈਸੇ ਮੰਗਣੇ ਪੈਂਦੇ ਹਨ। ਜਵਾਨ ਪੁੱਤ ਜਦੋਂ ਆਪਣੇ ਪਿਤਾ ਤੋਂ ਦਸ ਕੁ ਰੁਪਏ ਵੀ ਮੰਗਦਾ ਹੈ ਤਾਂ ਬਾਪ ਤਾਂ ਪੈਸੇ ਦੇ ਦਿੰਦਾ ਹੈ, ਪਰ ਪੁੱਤ ਨੂੰ ਜਰੂਰ ਸ਼ਰਮ ਜਿਹੀ ਆਉਂਦੀ ਹੈ। ਇਹ ਸਮਾਜ ਵੀ ਅਜੀਬ ਸ਼ੈਅ ਹੈ ਇਥੇ ਤਾਂ ਇੱਕ ਹੀ ਪਰਿਵਾਰ ਦੇ ਤਾਂ ਪੰਜ -ਪੰਜ ਮੈਂਬਰ ਸਰਕਾਰੀ ਨੌਕਰੀਆਂ ਕਰਦੇ ਹਨ ਪਰ ਕਿਸੇ ਪਰਿਵਾਰ ਦੇ ਜਵਾਨ ਪੁੱਤ ਵੀ ਪੜ੍ਹ ਲਿਖ ਕੇ ਵਿਹਲੇ ਬੈਠੇ ਹਨ, ਉਹਨਾਂ ਨੂੰ ਸਰਕਾਰੀ ਤਾਂ ਕੀ, ਕੋਈ ਪ੍ਰਾਈਵੇਟ ਨੌਕਰੀ ਵੀ ਨਹੀਂ ਮਿਲਦੀ।

ਹੁਣ ਉਹਨਾਂ ਲੋਕਾਂ ਬਾਰੇ ਵੀ ਕੀ ਮੈਂ ਲਿਖਾਂ ? ਜਿਨ੍ਹਾਂ ਕੋਲ ਜਿੰਦਗੀ ਤਾਂ ਹੁੰਦੀ ਹੈ, ਪਰ ਜਿਊਣ ਦਾ ਹੱਕ ਜਿਹਾ ਨਹੀਂ ਹੁੰਦਾ। ਉਹ ਆਜ਼ਾਦ ਮੁਲਕ ਦੇ ਵਾਸੀ ਹੋਣ ਦੇ ਬਾਵਜੂਦ ਵੀ ਗੁਲਾਮ ਜਿਹੇ ਹੁੰਦੇ ਹਨ। ਅਜਿਹੇ ਲੋਕਾਂ ਵਿੱਚ ਪ੍ਰਾਈਵੇਟ ਨੌਕਰੀ ਕਰਨ ਵਾਲੇ ਜਾਂ ਛੋਟਾ ਮੋਟਾ ਕੰਮ ਕਰਕੇ ਰੁਜ਼ਗਾਰ ਕਰਨ ਵਾਲੇ ਵੀ ਆ ਜਾਂਦੇ ਹਨ।

ਨਵੇਂ ਸਾਲ ਨੂੰ 'ਜੀ ਆਇਆਂ' ਕਹਿੰਦਿਆਂ ਅਸੀਂ ਦੁਆ ਕਰਦੇ ਹਾਂ ਕਿ ਇਹ ਸਾਲ ਹਰ ਕਿਸੇ ਲਈ ਖ਼ੁਸ਼ੀਆਂ ਅਤੇ ਖੇੜੇ ਲੈ ਕੇ ਆਵੇ। ਇਸ ਦੇ ਨਾਲ ਹੀ ਅਸੀਂ ਹਰ ਆਮ ਅਤੇ ਖ਼ਾਸ ਨੂੰ ਇਹ ਅਪੀਲ ਵੀ ਕਰਦੇ ਹਾਂ ਕਿ ਆਓ ! ਇਸ ਨਵੇਂ ਸਾਲ ਦੇ ਮੌਕੇ ਅਸੀਂ ਪ੍ਰਣ ਕਰੀਏ ਕਿ ਨਵੇਂ ਸਾਲ ਦੀ ਸ਼ੁਰੂਆਤ ਤੋਂ ਹੀ ਅਸੀਂ ਖ਼ੁਦ ਇਮਾਨਦਾਰ ਰਹਿ ਕੇ ਭ੍ਰਿਸ਼ਟਾਚਾਰ ਨੂੰ ਖ਼ਤਮ ਕਰਨ ਵਿੱਚ ਆਪਣਾ ਯੋਗਦਾਨ ਪਾਵਾਂਗੇ। ਇਸ ਤੋਂ ਇਲਾਵਾ ਸਮਾਜਿਕ ਬੁਰਾਈਆਂ ਦੇ ਖ਼ਾਤਮੇ ਲਈ ਅਸੀਂ ਆਪਣੇ ਪੱਧਰ 'ਤੇ ਵੀ ਉਪਰਾਲੇ ਕਰਾਂਗੇ। ਨਵੇਂ ਸਾਲ ਮੌਕੇ ਸਾਨੂੰ ਆਪਣੇ ਸਾਰੇ ਹੀ ਗਿਲੇ ਸ਼ਿਕਵੇ ਭੁਲਾ ਕੇ ਨਵੇਂ ਸਾਲ ਦੀ ਸ਼ੁਰੂਆਤ ਖ਼ੁਸ਼ੀ ਤੇ ਨਵੇਂ ਉਤਸ਼ਾਹ ਨਾਲ ਕਰਨੀ ਚਾਹੀਦੀ ਹੈ। ਨਵੇਂ ਸਾਲ ਨੂੰ ਜੀ ਆਇਆਂ ਕਹਿੰਦਿਆਂ ਸਾਨੂੰ ਇਹ ਸੋਚ ਅਪਨਾਉਣੀ ਚਾਹੀਦੀ ਹੈ ਕਿ ਹਰ ਦਿਨ ਹੀ ਅਸੀਂ ਨਵੇਂ ਸਾਲ ਵਾਂਗ ਖੁਸ਼ ਰਹਾਂਗੇ ਤੇ ਉਤਸ਼ਾਹ ਨਾਲ ਕੰਮ ਕਰਾਂਗੇ ਅਤੇ ਨਿਰੋਏ ਅਤੇ ਨਸ਼ਾ ਮੁਕਤ ਸਮਾਜ ਦੀ ਸਿਰਜਣਾ ਵਿੱਚ ਆਪਣਾ ਬਣਦਾ ਯੋਗਦਾਨ ਪਾਵਾਂਗੇ।








# ਨਦੀਆਂ ਅਤੇ ਦਰਿਆਵਾਂ ਦਾ ਮਰਸੀਆ

## ਮਨੁੱਖੀ ਸੱਭਿਅਤਾਵਾਂ ਨੂੰ ਜੀਵਨਦਾਨ ਦੇਣ ਵਾਲੇ ਦਰਿਆਵਾਂ ਦਾ ਵਜੂਦ ਮਨੁੱਖ ਕਾਰਨ ਖ਼ਤਰੇ 'ਚ ਪਿਆ

### ਦਰਿਆਵਾਂ ਨੂੰ ਆਪਸ ਵਿੱਚ ਜੋੜਨ ਬਹਾਨੇ ਕੁਦਰਤ ਨਾਲ ਕੀਤੀ ਜਾ ਰਹੀ ਵੱਡੀ ਛੇੜ-ਛਾੜ ਦੇ ਨਿੱਕਲ ਸਕਦੇ ਹਨ ਗੰਭੀਰ ਸਿੱਟੇ



**ਪੰਜਾਬ 'ਚ ਇਸ ਸਮੇਂ ਲੁਧਿਆਣਾ ਦੇ ਬੁੱਢਾ ਦਰਿਆ ਦਾ ਮਾਮਲਾ ਸੁਰਖ਼ੀਆਂ ਬਣਿਆ ਹੋਇਆ ਹੈ। ਇਹ ਬੁੱਢਾ ਦਰਿਆ ਹੁਣ ਗੰਦਾ ਨਾਲਾ ਬਣ ਚੁੱਕਿਆ ਹੈ। ਇਸ ਸਬੰਧੀ ਕੀਤੇ ਜਾ ਰਹੇ ਸੰਘਰਸ਼ ਨੂੰ 'ਕਾਲੇ ਪਾਣੀਆਂ ਦਾ ਮੋਰਚਾ' ਕਿਹਾ ਜਾ ਰਿਹਾ ਹੈ। ਅਸਲ ਵਿੱਚ ਪੰਜਾਬ ਦੇ ਸਾਰੇ ਦਰਿਆਵਾਂ ਦਾ ਪਾਣੀ ਪਲੀਤ ਹੋ ਚੁੱਕਿਆ ਹੈ। ਸਤਲੁਜ ਦਰਿਆ ਦੇ ਪਾਣੀ ਨੂੰ ਪਹਿਲਾਂ ਅੰਮ੍ਰਿਤ ਮੰਨਿਆ ਜਾਂਦਾ ਸੀ ਪਰ ਹੁਣ ਇਸ ਦੇ ਪਾਣੀ ਨੂੰ ਜਾਨਵਰ ਵੀ ਨਹੀਂ ਪੀਂਦੇ। ਬਿਆਸ ਦਰਿਆ ਵਿੱਚ ਵੱਖ ਵੱਖ ਉਦਯੋਗਾਂ ਦੇ ਪ੍ਰਦੂਸ਼ਿਤ ਪਾਣੀ ਨੂੰ ਪਾਉਣ ਕਾਰਨ ਅਨੇਕਾਂ ਵਾਰ ਮੱਛੀਆਂ ਅਤੇ ਹੋਰ ਜਲ ਜੀਵ ਮਾਰੇ ਜਾ ਚੁੱਕੇ ਹਨ। ਪੰਜਾਬ ਦੇ ਨਦੀਆਂ ਤੇ ਦਰਿਆਵਾਂ ਦੇ ਨਾਲ ਨਾਲ ਹੋਰਨਾਂ ਕੁਦਰਤੀ ਜਲ ਸੋਮਿਆਂ ਦੀ ਸੰਭਾਲ ਅਤੇ ਇਹਨਾਂ ਨੂੰ ਪ੍ਰਦੂਸ਼ਣ ਤੋਂ ਬਚਾਉਣ ਦੀ ਲੋੜ ਹੈ।**

ਭਾਰਤ ਦੁਨੀਆਂ ਦਾ ਇੱਕ ਅਜਿਹਾ ਦੇਸ਼ ਹੈ, ਜਿਥੇ ਨਦੀਆਂ ਅਤੇ ਦੇਵਤਿਆਂ ਨੂੰ 'ਦੇਵੀ' ਅਤੇ 'ਦੇਵਤਿਆਂ' ਦਾ ਪਵਿੱਤਰ ਦਰਜਾ ਦਿੱਤਾ ਹੋਇਆ ਹੈ ਅਤੇ ਅਨੇਕਾਂ ਥਾਂਵਾਂ 'ਤੇ ਨਦੀਆਂ ਅਤੇ ਦਰਿਆਵਾਂ ਦੀ ਪੂਜਾ ਵੀ ਕੀਤੀ ਜਾਂਦੀ ਹੈ ਪਰ ਇਸ ਦੇਸ਼ ਦੀਆਂ ਪਵਿੱਤਰ ਮੰਨੀਆਂ ਜਾਂਦੀਆਂ ਵੱਡੀ ਗਿਣਤੀ ਨਦੀਆਂ ਅਤੇ ਦਰਿਆਵਾਂ ਦੀ ਹਾਲਤ ਵੱਖ- ਵੱਖ ਵਿਕਸਤ ਦੇਸ਼ਾਂ ਦੇ ਆਮ ਦਰਿਆਵਾਂ ਅਤੇ ਨਦੀਆਂ ਤੋਂ ਕਾਫ਼ੀ ਮੰਦੀ ਹੈ। ਇਸ ਦਾ ਕਾਰਨ ਇਹ ਹੈ ਕਿ ਭਾਰਤ ਵਿੱਚ ਮਨੁੱਖ ਵੱਲੋਂ ਖੁਦ ਹੀ ਨਦੀਆਂ ਅਤੇ ਦਰਿਆਵਾਂ 'ਚ ਬਹੁਤ ਸਾਰਾ ਪ੍ਰਦੂਸ਼ਣ ਫ਼ੈਲਾਇਆ ਜਾ ਰਿਹਾ ਹੈ। ਭਾਵੇਂ ਕਿ ਨਦੀਆਂ ਅਤੇ ਦਰਿਆਵਾਂ ਨੂੰ ਮਨੁੱਖ ਦੀ ਜ਼ਿੰਦਗੀ ਵੀ ਕਿਹਾ ਜਾਂਦਾ ਹੈ। ਇਸੇ ਕਾਰਨ ਪੁਰਾਤਨ ਸੱਭਿਅਤਾਵਾਂ ਦਾ ਵਿਕਾਸ ਦਰਿਆਵਾਂ ਕਿਨਾਰੇ ਹੋਇਆ ਮੰਨਿਆ ਜਾਂਦਾ ਹੈ। ਨਦੀਆਂ ਅਤੇ ਦਰਿਆ ਵੱਖ- ਵੱਖ ਸੱਭਿਆਚਾਰਾਂ, ਸੰਸਕ੍ਰਿਤੀਆਂ ਨੂੰ ਜੋੜਨ ਦਾ ਕੰਮ ਵੀ ਕਰਦੇ ਹਨ। ਇਸ ਤੋਂ ਇਲਾਵਾ ਇਹਨਾਂ ਦਰਿਆਵਾਂ ਨਾਲ ਲੱਖਾਂ ਲੋਕਾਂ ਨੂੰ ਪੀਣ ਲਈ ਪਾਣੀ ਅਤੇ ਰੁਜ਼ਗਾਰ ਵੀ ਮਿਲਦਾ ਹੈ ਪਰ ਕਦੇ ਸੋਚਿਆ ਹੈ ਕਿ ਜਿਹੜੇ ਦਰਿਆਵਾਂ ਨੇ ਮਨੁੱਖੀ ਸੱਭਿਅਤਾਵਾਂ ਨੂੰ ਜੀਵਨ ਦਿੱਤਾ, ਉਹਨਾਂ ਦਰਿਆਵਾਂ ਨੂੰ ਬਦਲੇ ਵਿੱਚ ਅਸੀਂ ਕੀ ਦਿੱਤਾ ਹੈ?

ਭਾਰਤ ਵਿੱਚ ਇਸ ਸਮੇਂ ਵੱਖ- ਵੱਖ ਦਰਿਆਵਾਂ ਅਤੇ ਨਦੀਆਂ ਦੀ ਸਫ਼ਾਈ ਕਰਨ ਦੇ ਨਾਲ- ਨਾਲ ਅਨੇਕਾਂ ਨਦੀਆਂ ਅਤੇ ਦਰਿਆਵਾਂ ਨੂੰ ਆਪਸ ਵਿੱਚ ਜੋੜਨ ਦੀ ਯੋਜਨਾ 'ਤੇ ਵੀ ਕੰਮ ਚੱਲ ਰਿਹਾ ਹੈ। ਦਰਿਆਵਾਂ ਨੂੰ ਆਪਸ ਵਿੱਚ ਜੋੜਨ ਦੀ ਵਿਆਪਕ ਯੋਜਨਾ 1980 ਵਿੱਚ ਪਾਣੀ ਸੰਕਟ ਹੱਲ ਕਰਨ ਲਈ ਸ਼ੁਰੂ ਕੀਤੀ ਗਈ ਸੀ। ਇਸ ਯੋਜਨਾ 'ਚ ਸ਼ਾਮਿਲ ਕੇਨ-ਬੇਤਵਾ ਲਿੰਕ ਪ੍ਰਾਜੈਕਟ ਸ਼ੁਰੂ ਹੋਣ ਵਿੱਚ ਚਾਰ ਦਹਾਕੇ ਲੱਗੇ ਜਿਸ ਤੋਂ ਇਹ ਗੱਲ ਉੱਭਰ ਕੇ ਸਾਹਮਣੇ ਆਈ ਹੈ ਕਿ ਇਸ ਅਤਿ ਮਹਿੰਗੀ ਯੋਜਨਾ ਦਾ ਮੁਲਾਂਕਣ ਬਹੁਤ ਮੁਸ਼ਕਿਲ ਹੈ ਤੇ ਵਿਚਾਰੇ ਜਾਣ ਵਾਲੇ ਪੱਖਾਂ ਦੀ ਸੂਚੀ ਕਾਫ਼ੀ ਲੰਮੀ ਹੈ। ਨੀਂਹ ਪੱਥਰ ਰੱਖਣ ਮੌਕੇ ਪ੍ਰਧਾਨ ਮੰਤਰੀ ਦੀ ਇਹ ਟਿੱਪਣੀ ਕਿ ਜਲ ਸੁਰੱਖਿਆ ਇੱਕੀਵੀਂ ਸਦੀ ਦੀਆਂ ਸਭ ਤੋਂ ਵੱਡੀਆਂ ਚੁਣੌਤੀਆਂ ਵਿੱਚੋਂ ਇੱਕ ਹੈ, ਸੰਕੇਤ ਕਰਦਾ ਹੈ ਕਿ ਸਰਕਾਰ ਦਰਿਆਵਾਂ ਨੂੰ ਜੋੜਨ ਲਈ ਦ੍ਰਿੜ੍ਹਤਾ ਨਾਲ ਕੰਮ ਕਰ ਰਹੀ ਹੈ। ਇਰਾਦਿਆਂ ਉੱਤੇ ਕੋਈ ਸ਼ੱਕ ਨਹੀਂ ਹੈ- ਵਾਧੂ ਸਰੋਤਾਂ (ਸਰਪਲੱਸ) ਤੋਂ ਪਾਣੀ ਜਲ ਭੰਡਾਰਾਂ ਤੇ ਨਹਿਰਾਂ ਰਾਹੀਂ ਥੁੜਾਂ ਮਾਰੀਆਂ ਨਦੀਆਂ (ਘਾਟੀਆਂ) ਵੱਲ ਮੋੜਿਆ ਜਾਣਾ ਹੈ ਤਾਂ ਕਿ ਪਾਣੀ ਦੀ ਕਮੀ ਨਾਲ ਜੂਝ ਰਹੇ ਖੇਤਰਾਂ ਦੀ ਤਕਦੀਰ ਬਦਲੀ ਜਾ ਸਕੇ। ਸਰਕਾਰ ਵੱਲੋਂ ਵਾਤਾਵਰਨ ਨਾਲ ਜੁੜੇ ਖ਼ਤਰਿਆਂ ਦਾ ਮੁਲਾਂਕਣ ਕਰਨ ਦੇ ਦਾਅਵਿਆਂ ਦੇ ਬਾਵਜੂਦ, ਐਨੇ ਵੱਡੇ ਪੱਧਰ ਉੱਤੇ ਕੁਦਰਤ ਨਾਲ ਛੇੜ-ਛਾੜ ਕਰਨ ਦੇ ਗੰਭੀਰ ਸਿੱਟਿਆਂ ਸਬੰਧੀ ਚਿੰਤਾਵਾਂ ਅਜੇ ਤਾਈਂ ਬਰਕਰਾਰ ਹਨ। ਆਉਣ ਵਾਲੇ ਸਮੇਂ ਵਿੱਚ ਕੁਦਰਤ ਨਾਲ ਖੇਡਣ ਦੇ ਗੰਭੀਰ ਨਤੀਜੇ ਸਾਹਮਣੇ ਆ ਸਕਦੇ ਹਨ।



ਅੱਜ ਸਿਰਫ਼ ਮਨੁੱਖ ਦੀਆਂ ਗਲਤੀਆਂ ਕਾਰਨ ਨਦੀਆਂ ਅਤੇ ਦਰਿਆਵਾਂ ਦਾ ਪਵਿੱਤਰ ਪਾਣੀ ਪਲੀਤ ਹੋ ਰਿਹਾ ਹੈ। ਭਾਵੇਂ ਕਿ ਭਾਰਤ ਵਿੱਚ ਪਵਿੱਤਰ ਮੰਨੀਆਂ ਜਾਂਦੀਆਂ ਨਦੀਆਂ ਨੂੰ ਸਾਫ਼ ਕਰਨ ਦਾ ਕੰਮ ਵੀ ਚੱਲ ਰਿਹਾ ਹੈ ਪਰ ਵਧਦੀ ਆਬਾਦੀ ਅਤੇ ਵਧਦੇ ਸ਼ਹਿਰੀਕਰਨ ਕਾਰਨ ਇਹਨਾਂ ਨਦੀਆਂ ਨੂੰ ਸਾਫ਼-ਸੁਥਰਾ ਰੱਖਣਾ ਇੱਕ ਚੁਣੌਤੀ ਹੈ। ਗੱਲ ਸ਼ੁਰੂ ਕਰਦੇ ਹਾਂ ਗੰਗਾ ਨਦੀ ਦੀ, ਤਾਂ ਗੰਗਾ ਨਦੀ ਦੁਨੀਆਂ ਦੀ ਸਭ ਤੋਂ ਵੱਡੀਆਂ ਨਦੀਆਂ ਵਿਚੋਂ ਇੱਕ ਮੰਨੀ ਜਾਂਦੀ ਹੈ। ਇਸ ਸਮੇਂ ਇਸ ਨਦੀ ਦੀ ਜੋ ਹਾਲਤ ਹੈ, ਉਹ ਸਭ ਨੂੰ ਪਤਾ ਹੀ ਹੈ।



ਗੰਗਾ ਨੂੰ ਸਾਫ਼ ਕਰਨ ਦੀ ਮੁਹਿੰਮ ਭਾਰਤ ਸਰਕਾਰ ਨੇ 1979 ਵਿੱਚ ਸ਼ੁਰੂ ਕੀਤੀ ਸੀ। ਉਸ ਤੋਂ ਬਾਅਦ 1985 ਵਿੱਚ ਸਾਬਕਾ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦੁਆਰਾ ਗੰਗਾ ਐਕਸ਼ਨ ਪਲਾਨ ਸ਼ੁਰੂ ਕੀਤਾ ਗਿਆ ਸੀ, ਜਿਸ ਦਾ ਉਦੇਸ਼ ਗੰਗਾ ਦੇ ਪਾਣੀ ਦੀ ਗੁਣਵੱਤਾ ਵਿੱਚ ਸੁਧਾਰ ਕਰਨਾ ਸੀ। ਕੇਂਦਰ ਦੀਆਂ ਵੱਖ-ਵੱਖ ਸਰਕਾਰਾਂ ਨੇ ਵੀ ਗੰਗਾ ਨੂੰ ਪ੍ਰਦੂਸ਼ਣ ਮੁਕਤ ਅਤੇ ਸਾਫ਼-ਸੁਥਰਾ ਬਣਾਉਣ ਲਈ ਪਹਿਲਕਦਮੀ ਕੀਤੀ, ਪਰ ਸਿਆਸਤ ਜਾਂ ਲਾਲਫ਼ੀਤਾਸ਼ਾਹੀ ਕਾਰਨ ਉਨ੍ਹਾਂ ਦੀ ਮੁਹਿੰਮ ਬਹੁਤੀ ਕਾਰਗਰ ਨਹੀਂ ਹੋ ਸਕੀ। ਇਹ ਉਦੋਂ ਹੀ ਸੀ ਜਦੋਂ ਮੋਦੀ ਸਰਕਾਰ ਨੇ 'ਨਮਾਮੀ ਗੰਗੇ' ਨਾਂ ਦਾ ਪ੍ਰੋਜੈਕਟ ਬਣਾਇਆ ਸੀ, ਜਿਸ ਨੂੰ ਗੰਭੀਰਤਾ ਨਾਲ ਲਿਆ ਗਿਆ ਸੀ। ਹੁਣ ਸਥਿਤੀ ਇਹ ਹੈ ਕਿ ਗੰਗਾ ਦੀ ਮੁੱਖ ਧਾਰਾ ਨੂੰ ਕਈ ਤਰ੍ਹਾਂ ਦੇ ਯਤਨਾਂ ਸਦਕਾ ਕਾਫ਼ੀ ਹੱਦ ਤੱਕ ਸਾਫ਼ ਕੀਤਾ ਜਾ ਚੁੱਕਾ ਹੈ। ਪਰ ਦਰਿਆ ਵਿੱਚ ਗੰਦੇ ਪਾਣੀ ਦੇ ਵਹਾਅ ਨੂੰ ਰੋਕਣਾ ਬਹੁਤ ਜ਼ਰੂਰੀ ਹੈ। ਹਾਲਾਂ ਕਿ, ਸਰਕਾਰ ਨੇ ਫ਼ੈਕਟਰੀਆਂ ਵਿੱਚੋਂ ਰਸਾਇਣਾਂ ਜਾਂ ਨਾਲੀਆਂ ਦੇ ਵਹਾਅ ਨੂੰ ਲੈ ਕੇ ਵੀ ਸਾਵਧਾਨੀ ਦਿਖਾਈ ਹੈ। ਉਮੀਦ ਕੀਤੀ ਜਾਂਦੀ ਹੈ ਕਿ 2025 ਤੱਕ ਡਰੇਨਾਂ ਦਾ ਗੰਗਾ ਵਿੱਚ ਡਿੱਗਣਾ ਬੰਦ ਹੋ ਜਾਵੇਗਾ।

ਇਸ ਤੋਂ ਇਲਾਵਾ ਯਮੁਨਾ ਨਦੀ ਅਤੇ ਹੋਰ ਨਦੀਆਂ ਤੇ ਦਰਿਆਵਾਂ ਵਿੱਚ ਵੀ ਬਹੁਤ ਪ੍ਰਦੂਸ਼ਣ ਫ਼ੈਲ ਚੁੱਕਿਆ ਹੈ। ਜਿਸ ਦੇ ਲਈ ਮਨੁੱਖ ਹੀ ਜ਼ਿੰਮੇਵਾਰ ਹੈ।

ਸਵੱਛਤਾ ਇੱਕ ਨਿਰੰਤਰ ਪ੍ਰਕਿਰਿਆ ਹੈ, ਜਿਸ ਲਈ ਕੇਂਦਰ ਸਰਕਾਰ ਹਮੇਸ਼ਾ ਯਤਨਸ਼ੀਲ ਰਹਿੰਦੀ ਹੈ। ਸਰਕਾਰ ਨੇ ਹੋਰ ਪ੍ਰਦੂਸ਼ਿਤ ਨਦੀਆਂ ਦੀ ਵੀ ਪਛਾਣ ਕੀਤੀ ਹੈ ਅਤੇ ਰਾਜ ਸਰਕਾਰਾਂ ਨਾਲ ਕੰਮ ਕਰਨਾ ਸ਼ੁਰੂ ਕਰ ਦਿੱਤਾ ਹੈ। ਦਰਿਆਵਾਂ ਨੂੰ ਸੁਰੱਖਿਅਤ ਅਤੇ ਸੁਰੱਖਿਅਤ ਕਿਵੇਂ ਰੱਖਿਆ ਜਾਵੇ, ਉਨ੍ਹਾਂ ਨੂੰ ਸਾਡੀਆਂ ਸ਼ਹਿਰੀ ਯੋਜਨਾਵਾਂ ਦਾ ਹਿੱਸਾ ਕਿਵੇਂ ਬਣਾਇਆ ਜਾਵੇ। ਇਸ ਦੇ ਲਈ ਲੋਕਾਂ ਵਿੱਚ ਜਾਗਰੂਕਤਾ ਮੁਹਿੰਮ ਵੀ ਚਲਾਈ ਜਾ ਰਹੀ ਹੈ। ਇਸ ਮੁਹਿੰਮ ਦਾ ਉਦੇਸ਼ ਨਦੀਆਂ ਨੂੰ ਸਾਫ਼ ਕਰਨਾ ਅਤੇ ਉਨ੍ਹਾਂ ਨੂੰ ਸੁਰਜੀਤ ਕਰਨਾ ਹੈ।

ਲੋੜ ਤਾਂ ਇਸ ਗੱਲ ਦੀ ਹੈ ਕਿ ਭਾਰਤ ਵਿੱਚ ਸਿਰਫ਼ ਗੰਗਾ ਨਦੀ ਦੀ ਸਫ਼ਾਈ ਬਾਰੇ ਨਾ ਸੋਚ ਕੇ ਭਾਰਤ ਦੀਆਂ ਸਾਰੀਆਂ ਨਦੀਆਂ ਦੀ ਸਫ਼ਾਈ ਬਾਰੇ ਸੋਚਿਆ ਜਾਵੇ। ਅੱਜ ਭਾਰਤ ਦੇ ਵੱਡੀ ਗਿਣਤੀ ਦਰਿਆਵਾਂ ਅਤੇ ਨਦੀਆਂ ਵਿੱਚ ਪ੍ਰਦੂਸ਼ਣ ਫ਼ੈਲ ਚੁੱਕਿਆ ਹੈ। ਇਹ ਠੀਕ ਹੈ ਕਿ ਸ਼ਹਿਰਾਂ ਅਤੇ ਪਿੰਡਾਂ ਵਿੱਚ ਸੀਵਰੇਜ ਦੀ ਸਹੂਲਤ ਦੇਣੀ ਜ਼ਰੂਰੀ ਹੁੰਦੀ ਹੈ ਪਰ ਇਸ ਸੀਵਰੇਜ ਨੂੰ ਪਵਿੱਤਰ ਦਰਿਆਵਾਂ ਅਤੇ ਨਦੀਆਂ ਵਿੱਚ ਨਹੀਂ ਸੁੱਟਣਾ ਚਾਹੀਦਾ। ਇਸ ਤੋਂ ਇਲਾਵਾ ਕਾਰਖ਼ਾਨਿਆਂ, ਫ਼ੈਕਟਰੀਆਂ ਅਤੇ ਉਦਯੋਗਾਂ ਦਾ ਕੈਮੀਕਲ ਵਾਲਾ ਪਾਣੀ ਵੀ ਦਰਿਆਵਾਂ ਅਤੇ ਨਦੀਆਂ ਵਿੱਚ ਨਹੀਂ ਪਾਉਣ ਦਿੱਤਾ ਜਾਣਾ ਚਾਹੀਦਾ।

ਨਦੀਆਂ ਅਤੇ ਦਰਿਆਵਾਂ ਨੂੰ ਪ੍ਰਦੂਸ਼ਣ ਤੋਂ ਬਚਾਉਣ ਲਈ ਸਰਕਾਰ, ਸਮਾਜ ਸੇਵੀ ਸੰਸਥਾਵਾਂ ਦੇ ਨਾਲ ਨਾਲ ਆਮ ਲੋਕਾਂ ਨੂੰ ਵੀ ਸਾਂਝੇ ਯਤਨ ਕਰਨੇ ਚਾਹੀਦੇ ਹਨ।





# ਖੇਤੀ ਮੰਡੀਕਰਨ ਖਰੜੇ 'ਚੋਂ ਝਲਕਦੇ ਵੱਡੇ ਖ਼ਤਰੇ

**ਬਲਵਿੰਦਰ ਸਿੰਘ ਸਿੱਧੂ**



ਪਿਛਲੇ ਮਹੀਨੇ ਖੇਤੀ ਮੰਡੀਕਰਨ ਬਾਰੇ ਕੌਮੀ ਨੀਤੀ ਦਾ ਖਰੜਾ ਸੂਬਿਆਂ ਨੂੰ ਭੇਜ ਕੇ ਇਸ ਦੀ ਬਿਹਤਰੀ ਲਈ ਸੁਝਾਅ ਮੰਗੇ ਗਏ। ਇਸ ਨਾਲ ਕੌਮੀ ਪੱਧਰ 'ਤੇ ਬਹਿਸ ਭਖ ਪਈ; ਨਾਲ ਹੀ ਇਸ ਦੇ ਹਿੱਤ ਧਾਰਕਾਂ ਦਰਮਿਆਨ ਖ਼ਦਸ਼ੇ ਵੀ ਪੈਦਾ ਹੋ ਗਏ। ਇਹ ਖਰੜਾ ਮੰਨ ਕੇ ਚੱਲਦਾ ਹੈ ਕਿ ਫ਼ਸਲਾਂ ਦੀ ਬੰਪਰ ਪੈਦਾਵਾਰ ਦਾ ਛੋਟੇ ਅਤੇ ਸੀਮਾਂਤ ਕਿਸਾਨ ਨੂੰ ਕੋਈ ਬਹੁਤਾ ਲਾਭ ਨਹੀਂ ਹੋ ਰਿਹਾ, ਇਉਂ ਖੇਤੀਬਾੜੀ ਖੇਤਰ ਦੇ ਵਾਧੇ ਵਿੱਚ ਯੋਗਦਾਨ ਨਹੀਂ ਪੈ ਰਿਹਾ। ਦਿਹਾਤੀ ਅਤੇ ਸ਼ਹਿਰੀ ਖੇਤਰਾਂ ਦੇ ਅਰਥਚਾਰਿਆਂ ਵਿਚਕਾਰ ਅਜੇ ਵੀ ਵੱਡਾ ਪਾੜਾ ਹੈ।

ਨੀਤੀ ਖਰੜੇ ਵਿੱਚ ਪ੍ਰਵਾਨ ਕੀਤਾ ਗਿਆ ਹੈ ਕਿ ਖੇਤੀ ਜੋਤਾਂ ਵੰਡੀਆਂ ਹੋਣ, ਪੈਦਾਵਾਰ ਦੀ ਲਾਗਤ ਵਿੱਚ ਬਹੁਤ ਜ਼ਿਆਦਾ ਵਾਧਾ ਹੋਣ, ਮੰਗ ਸੰਚਾਲਿਤ ਉਤਪਾਦਨ ਦੀ ਘਾਟ, ਚੰਗੀਆਂ ਮੰਡੀਆਂ ਤੱਕ ਪਹੁੰਚ ਨਾ ਹੋਣ ਅਤੇ ਖੇਤੀ ਉਪਜ ਦਾ ਉਚਤਮ ਮੁੱਲ ਵਾਧਾ ਨਾ ਹੋਣ ਕਰ ਕੇ ਜ਼ਿਆਦਾਤਰ ਕਿਸਾਨਾਂ ਦੀ ਆਮਦਨ ਵਿੱਚ ਚੋਖਾ ਵਾਧਾ ਨਹੀਂ ਹੋ ਰਿਹਾ। ਖਰੜੇ ਵਿੱਚ ਮੁੱਖ ਮੰਡੀਕਰਨ ਸੁਧਾਰ ਦੀ ਤਜਵੀਜ਼ ਹੈ ਜਿਸ ਵਿੱਚ ਪ੍ਰਾਈਵੇਟ ਥੋਕ ਮੰਡੀਆਂ ਬਣਾਉਣ ਦੀ ਮਨਜ਼ੂਰੀ ਦੇਣਾ ਸ਼ਾਮਿਲ ਹੈ ਜਿਸ ਤਹਿਤ ਵੱਡੇ ਰਿਟੇਲਰ, ਪ੍ਰਾਸੈਸਰ, ਬਰਾਮਦਕਾਰ ਅਤੇ ਥੋਕ ਵਿਕਰੇਤਾ ਸਿੱਧੇ ਖੇਤ 'ਚੋਂ ਹੀ ਜਿਣਸ ਖਰੀਦ ਸਕਣਗੇ। ਇਸ ਵਿੱਚ ਛੇਤੀ ਖ਼ਰਾਬ ਹੋਣ ਵਾਲੀਆਂ ਫ਼ਸਲਾਂ ਦੀ ਮੰਡੀ ਫੜ੍ਹ ਤੋਂ ਬਾਹਰਵਾਰ ਖਰੀਦ ਦੇ ਪ੍ਰਬੰਧ ਕਰਨ ਦੀ ਤਜਵੀਜ਼ ਵੀ ਦਿੱਤੀ ਹੈ; ਇਸ ਮੰਤਵ ਲਈ ਕੋਲਡ ਸਟੋਰੇਜਾਂ, ਵੇਅਰਹਾਊਸਾਂ ਤੇ ਸਾਇਲੋਜ਼ ਨੂੰ ਮੰਡੀ ਫ਼ੜ੍ਹ ਦਾ ਦਰਜਾ ਦੇਣ ਅਤੇ ਪ੍ਰਾਈਵੇਟ ਈ-ਟਰੇਡਿੰਗ ਪਲੈਟਫ਼ਾਰਮ ਬਣਾਉਣ ਅਤੇ ਅਪਰੇਸ਼ਨ ਦੀ ਆਗਿਆ ਦੇਣ ਦੀ ਤਜਵੀਜ਼ ਵੀ ਹੈ।

ਹੋਰਨਾਂ ਤਜਵੀਜ਼ਸ਼ੁਦਾ ਸੁਧਾਰਾਂ ਵਿੱਚ ਇਕਹਿਰੇ ਸੰਯੁਕਤ ਟਰੇਡਿੰਗ ਲਾਇਸੈਂਸ ਅਤੇ ਸਮੁੱਚੇ ਸੂਬੇ ਅੰਦਰ ਯਕਮੁਸ਼ਤ ਮਾਰਕਿਟ ਫ਼ੀਸ ਦੀ ਲੈਵੀ ਲਾਉਣ, ਮੰਡੀ ਫ਼ੀਸ ਤੇ ਆੜ੍ਹਤ ਖਰਚੇ ਨੂੰ ਤਰਕਸੰਗਤ ਕਰਨ, ਹੋਰਨਾਂ ਰਾਜਾਂ ਦੇ ਟਰੇਡਿੰਗ ਲਾਇਸੈਂਸਾਂ ਨੂੰ ਮਾਨਤਾ ਦੇਣਾ ਆਦਿ ਸ਼ਾਮਿਲ ਹਨ। ਇਸ ਵਿੱਚ ਕਿਸਾਨਾਂ ਜਾਂ ਕਿਸਾਨ ਉਤਪਾਦਕ ਸੰਘਾਂ ਐੱਫ.ਪੀ.ਓਜ਼. ਵੱਲੋਂ ਪ੍ਰਾਸੈਸਿੰਗ ਯੂਨਿਟ ਜਾਂ ਫ਼ੈਕਟਰੀਆਂ ਵਿੱਚ ਕੀਤੀ ਜਾਣ ਵਾਲੀ ਵਿਕਰੀ ਉੱਪਰ ਮੰਡੀ ਫ਼ੀਸ ਜਾਂ ਸਿੱਧੇ ਕਰਾਂ ਤੋਂ ਛੋਟ ਅਤੇ ਦੂਜੇ ਰਾਜਾਂ ਤੋਂ ਪ੍ਰਾਸੈਸਿੰਗ ਲਈ ਲਿਆਂਦੀ ਜਾਣ ਵਾਲੀ ਜਿਣਸ ਉੱਪਰ ਮੰਡੀ ਫ਼ੀਸ ਤੋਂ ਛੋਟ ਦੇਣ ਦਾ ਪ੍ਰਬੰਧ ਕੀਤਾ ਗਿਆ ਹੈ।

ਇਸ ਸਮੇਂ ਕਿਸਾਨ ਘੱਟੋ-ਘੱਟ ਸਮਰਥਨ ਮੁੱਲ (ਐੱਮ.ਐੱਸ.ਪੀ.) ਉੱਪਰ ਸਾਰੀਆਂ ਫ਼ਸਲਾਂ ਦੀ ਖਰੀਦ ਯਕੀਨੀ ਬਣਾਉਣ ਦਾ ਕਾਨੂੰਨ ਪਾਸ ਕਰਾਉਣ ਦੀ ਜੱਦੋ-ਜਹਿਦ ਕਰ ਰਹੇ ਹਨ। ਇਸ ਤਰ੍ਹਾਂ ਦੀ ਜ਼ਾਮਨੀ ਨਾਲ ਕਿਸਾਨਾਂ ਦੀ ਆਮਦਨ ਯਕੀਨੀ ਹੋਵੇਗੀ ਅਤੇ ਖੇਤੀ ਮੰਡੀਆਂ ਵਿੱਚ ਸਥਿਰਤਾ ਵੀ ਆਵੇਗੀ। ਖੇਤੀਬਾੜੀ ਬਾਰੇ ਸੰਸਦੀ ਕਮੇਟੀ ਨੇ ਵੀ ਐੱਮ.ਐੱਸ.ਪੀ. ਨੂੰ ਕਾਨੂੰਨੀ ਮਾਨਤਾ ਦੇਣ ਦੀ ਸਿਫ਼ਾਰਸ਼ ਕੀਤੀ ਹੈ ਤਾਂ ਕਿ ਕਿਸਾਨਾਂ ਨੂੰ ਵਿੱਤੀ ਸਥਿਰਤਾ ਮੁਹੱਈਆ ਕਰਵਾਈ ਜਾ ਸਕੇ। ਕਿਸਾਨਾਂ ਨੂੰ ਉਨ੍ਹਾਂ ਦੀਆਂ ਫ਼ਸਲਾਂ ਦਾ ਲਾਹੇਵੰਦ ਭਾਅ ਹਾਸਿਲ ਕਰਨ ਲਈ ਐੱਮ.ਐੱਸ.ਪੀ. ਨੂੰ ਘੱਟੋ-ਘੱਟ ਆਧਾਰ ਬਣਾਉਣਾ ਪਵੇਗਾ। ਉਂਝ, ਇਸ ਖਰੜੇ ਵਿੱਚ ਇਸ ਮੁੱਦੇ ਬਾਰੇ ਕੋਈ ਗੱਲ ਨਹੀਂ ਕੀਤੀ ਗਈ ਅਤੇ ਵਾਅਦਾ ਵਪਾਰ ਜਿਹੇ 'ਫ਼ਿਊਚਰ ਟਰੇਡਿੰਗ ਐਂਡ ਆਪਸ਼ਨ ਟਰੇਡਿੰਗ' ਨੂੰ ਕੀਮਤ ਭਾਲ ਅਤੇ ਜੋਖ਼ਮ ਘਟਾਊ ਔਜ਼ਾਰ ਕਰਾਰ ਦਿੱਤਾ ਗਿਆ ਹੈ।

ਇਸ ਤੋਂ ਇਲਾਵਾ ਹੋਰ ਵੀ ਖ਼ਦਸ਼ੇ ਹਨ। ਕਿਸਾਨ ਭਾਰਤ ਨੂੰ ਵਿਸ਼ਵ ਵਪਾਰ ਸੰਗਠਨ ਤੋਂ ਬਾਹਰ ਆਉਣ ਅਤੇ ਸਾਰੇ ਮੁਕਤ ਵਪਾਰ ਸਮਝੌਤਿਆਂ ਉੱਪਰ ਪਾਬੰਦੀ ਲਾਉਣ ਦੀ ਮੰਗ ਕਰ ਰਹੇ ਹਨ। ਖਰੜੇ ਵਿੱਚ ਵਪਾਰ ਨਾਲ ਸਬੰਧਿਤ ਅਜਿਹੇ ਫ਼ੈਸਲਿਆਂ ਬਾਰੇ ਅਜਿਹੀ ਕੋਈ ਵਚਨਬੱਧਤਾ ਨਹੀਂ ਦਿੱਤੀ ਗਈ ਜਿਨ੍ਹਾਂ ਨਾਲ ਅਤਿਅੰਤ ਅਣਕਿਆਸੀਆਂ ਰੋਕਾਂ ਲਾਉਣ ਕਰ ਕੇ ਕਿਸਾਨਾਂ ਦੀ ਆਮਦਨ ਪ੍ਰਭਾਵਿਤ ਹੁੰਦੀ ਹੈ। ਇਨ੍ਹਾਂ ਰੋਕਾਂ ਵਿੱਚ ਬਰਾਮਦੀ ਪਾਬੰਦੀਆਂ, ਭੰਡਾਰ ਰੋਕਾਂ ਅਤੇ ਭਾਰਤ ਤੋਂ ਬਰਾਮਦ ਹੋਣ ਵਾਲੀਆਂ ਜਿਣਸਾਂ ਉੱਪਰ ਘੱਟੋ-ਘੱਟ ਬਰਾਮਦੀ ਕੀਮਤਾਂ ਸ਼ਾਮਿਲ ਹਨ। ਇਹੀ ਨਹੀਂ, ਬਰਾਮਦ ਕਰਨ ਵਾਲੇ ਮੁਲਕਾਂ ਤੋਂ ਬਹੁਤ ਜ਼ਿਆਦਾ ਸਬਸਿਡੀਆਂ ਵਾਲੀਆਂ ਜਿਣਸਾਂ 'ਤੇ ਦਰਾਮਦੀ ਡਿਊਟੀ ਘਟਾ ਦਿੱਤੀ ਜਾਂਦੀ ਹੈ।

ਨੀਤੀ ਖਰੜੇ ਵਿੱਚ ਵਪਾਰਕ ਲੈਣ ਦੇਣ ਦੀ ਸਪੱਸ਼ਟਤਾ ਅਤੇ ਮੁਕਾਬਲੇਬਾਜ਼ੀ ਨੂੰ ਵਧਾਉਣ ਦਾ ਰਾਹ ਪੱਧਰਾ ਕਰਨ ਲਈ ਪ੍ਰਾਈਵੇਟ ਮੰਡੀਆਂ ਬਣਾਉਣ ਦਾ ਪ੍ਰਬੰਧ ਹੈ। ਉਂਝ, ਕਿਸਾਨ ਮਹਿਸੂਸ ਕਰਦੇ ਹਨ ਕਿ ਸਰਕਾਰੀ ਸੁਰੱਖਿਆ ਖ਼ਤਮ ਹੋਣ ਨਾਲ ਉਹ ਵੱਡੇ ਕਾਰਪੋਰੇਟਾਂ ਦੇ ਰਹਿਮੋ-ਕਰਮ 'ਤੇ ਆ ਜਾਣਗੇ। ਖਰੜੇ ਵਿੱਚ ਮੰਡੀ ਫ਼ੜ੍ਹ ਬਣਾ ਕੇ ਸਿੱਧੇ ਖੇਤ 'ਚੋਂ ਜਿਣਸ ਖਰੀਦਣ ਅਤੇ ਛੇਤੀ ਖ਼ਰਾਬ ਹੋਣ ਵਾਲੀਆਂ ਫ਼ਸਲਾਂ ਲਈ ਕੰਟਰੋਲ ਮੁਕਤ ਮੰਡੀ ਫ਼ੜ੍ਹ ਬਣਾਉਣ ਦੀ ਤਜਵੀਜ਼ ਹੈ। ਉਂਝ, ਅਜਿਹਾ ਕੰਟਰੋਲ ਨਾ ਹੋਣ ਨਾਲ ਮੰਡੀਕਰਨ ਦੇ ਇਹ ਵੱਖ-ਵੱਖ ਚੈਨਲ ਗ਼ੈਰ-ਵਾਜਿਬ ਅਤੇ ਸ਼ੋਸ਼ਣਕਾਰੀ ਹੋ ਸਕਦੇ ਹਨ।ਖਰੜੇ ਵਿੱਚ ਕਿਤੇ ਨਹੀਂ ਦੱਸਿਆ ਕਿ ਮੰਡੀਕਰਨ ਅਤੇ ਸਹਾਇਕ ਢਾਂਚੇ ਵਿਚਕਾਰ ਖੱਪਿਆਂ ਦੀ ਭਰਪਾਈ ਅਤੇ ਸੰਸਥਾਈ ਸੁਧਾਰਾਂ ਲਈ ਸਰਕਾਰ ਵੱਲੋਂ ਕਿਸ ਤਰ੍ਹਾਂ ਦੀ ਵਿੱਤੀ ਜਾਂ ਹੋਰ ਕਿਸਮ ਦੀ ਸਹਾਇਤਾ ਦਿੱਤਾ ਜਾਵੇਗੀ। ਫ਼ਸਲ ਦੀ ਬਿਜਾਈ ਵੇਲੇ ਕਿਸਾਨਾਂ ਦੀ ਆਮਦਨ ਯਕੀਨੀ ਬਣਾਉਣ ਲਈ 'ਕੀਮਤ ਬੀਮਾ ਸਕੀਮ' ਸ਼ੁਰੂ ਕਰਨ ਦੇ ਸੁਝਾਅ ਬਾਰੇ ਖ਼ਦਸ਼ਾ ਹੈ ਕਿ ਇਸ ਰਾਹੀਂ ਕਾਰਪੋਰੇਟ ਕੰਪਨੀਆਂ ਜਾਂ ਉਨ੍ਹਾਂ ਦੇ ਬਣਾਏ ਐੱਫ਼ਪੀਓਜ਼ ਰਾਹੀਂ ਠੇਕਾ ਖੇਤੀ (ਕੰਟਰੈਕਟ ਫ਼ਾਰਮਿੰਗ) ਲਿਆਂਦੀ ਜਾ ਸਕਦੀ ਹੈ। ਮੁਆਵਜ਼ੇ ਦਾ ਆਧਾਰ ਐੱਮ.ਐੱਸ.ਪੀ. ਹੋਵੇਗੀ ਜਾਂ ਕਰਾਰ ਵਾਲੀ ਕੀਮਤ ਅਤੇ ਕੰਟਰੋਲ ਰਹਿਤ ਮੰਡੀ ਵਿੱਚ ਸਰਕਾਰ ਇਸ ਨੂੰ ਕਿਵੇਂ ਯਕੀਨੀ ਬਣਾਏਗੀ, ਇਸ ਬਾਰੇ ਖਰੜਾ ਚੁੱਪ ਹੈ। ਇਸ ਪ੍ਰਸੰਗ ਵਿੱਚ ਪ੍ਰਧਾਨ ਮੰਤਰੀ ਫ਼ਸਲ ਬੀਮਾ ਯੋਜਨਾ ਦਾ ਤਜਰਬਾ ਕਿਸਾਨਾਂ ਲਈ ਉਤਸ਼ਾਹ ਵਾਲਾ ਨਹੀਂ ਰਿਹਾ। ਕੰਟਰੋਲ ਮੁਕਤ ਮੰਡੀ ਵਿੱਚ ਕਿਸਾਨਾਂ ਨੂੰ ਅਦਾਇਗੀ ਕਰਨ ਦੀ ਪ੍ਰਕਿਰਿਆ ਵੀ ਭਰੋਸੇਮੰਦ ਨਹੀਂ ਹੈ।

ਇਸ ਆਧਾਰ 'ਤੇ 'ਸਮਰੱਥ ਖੇਤੀਬਾੜੀ ਮੰਡੀਕਰਨ ਸੁਧਾਰ ਕਮੇਟੀ' ਦੀ ਪ੍ਰਭਾਵਸ਼ੀਲਤਾ ਸ਼ੱਕੀ ਹੈ। ਇਹ ਅਜਿਹਾ ਢਾਂਚਾ ਜਾਪਦਾ ਹੈ ਜਿੱਥੇ ਸਾਰੇ ਭਾਜਪਾ ਸ਼ਾਸਿਤ ਪ੍ਰਦੇਸ਼ਾਂ ਨੂੰ ਸਰਕਾਰ ਦੀਆਂ ਤਜਵੀਜ਼ਾਂ ਮੰਨਣ ਲਈ ਧੱਕਿਆ ਜਾਵੇਗਾ ਤਾਂ ਕਿ ਕੌਮੀ ਪੱਧਰ 'ਤੇ ਅਸਲ ਮੁੱਦਿਆਂ ਕਾਰਨ ਉੱਠਦੇ ਕਿਸੇ ਵੀ ਤਰ੍ਹਾਂ ਦੇ ਵਿਰੋਧ ਨੂੰ ਪਾਸੇ ਕੀਤਾ ਜਾ ਸਕੇ।

ਭਾਰਤੀ ਖੇਤੀਬਾੜੀ ਕਈ ਸੰਕਟਾਂ ਦਾ ਸਾਹਮਣਾ ਕਰ ਰਹੀ ਹੈ- ਘਟਦੀ ਜਾਂ ਸਥਿਰ ਆਮਦਨੀ ਕਰ ਕੇ ਖੜ੍ਹਾ ਹੋਇਆ ਆਰਥਿਕ ਸੰਕਟ, ਕੁਦਰਤੀ ਸਰੋਤਾਂ ਦੀ ਬੇਕਦਰੀ, ਜਲਵਾਯੂ ਤਬਦੀਲੀ ਦਾ ਬੁਰਾ ਅਸਰ, ਤੇ ਨੌਜਵਾਨ ਪੀੜ੍ਹੀ ਦਾ ਖੇਤੀ ਵਾਲੇ ਪਾਸੇ ਘਟਦਾ ਰੁਝਾਨ। ਵਿਆਪਕ ਤੇ ਅਗਾਂਹਵਧੂ ਖੇਤੀਬਾੜੀ ਮੰਡੀਕਰਨ ਨੀਤੀ ਕਈ ਵੱਡੇ ਮੁੱਦਿਆਂ ਜਿਵੇਂ ਐੱਮਐੱਸਪੀ, ਸਰਕਾਰੀ ਨਿਵੇਸ਼ 'ਚ ਵਾਧੇ ਦਾ ਹੱਲ ਕੱਢ ਕੇ ਅਤੇ ਕੌਮਾਂਤਰੀ ਮੰਡੀ ਵਿਚਲੀਆਂ ਤਬਦੀਲੀਆਂ ਮੁਤਾਬਿਕ ਫ਼ੌਰੀ ਹੁੰਗਾਰੇ ਲਈ ਢਾਂਚਾ ਤਿਆਰ ਕਰ ਕੇ ਇਨ੍ਹਾਂ ਚੁਣੌਤੀਆਂ ਦਾ ਲੰਮੇ ਸਮੇਂ ਲਈ ਹੱਲ ਕੱਢ ਸਕਦੀ ਹੈ।

***ਸਾਬਕਾ ਕਮਿਸ਼ਨਰ, ਖੇਤੀਬਾੜੀ ਵਿਭਾਗ, ਪੰਜਾਬ।**

DIAMOND TRANSPORTATION
DIAMOND
Transportation Logistics, Inc.
Dry Van ਤੇ Reefer ਦੇ ਕੰਮ ਲਈ
Owner Operators ਦੀ ਲੋੜ
Good Pay
Dedicated Routs
Weekly Payment
ਇਕ ਹਫ਼ਤੇ 'ਚ ਪੇਮੈਂਟ ਲਵੋ

ਅੱਜ ਹੀ ਕਾਲ ਕਰੋ :
ਗੁਲਵਿੰਦਰ ਸਿੰਘ ਗਾਖ਼ਲ
209.487.3699
ਹਰਨੇਕ ਸਿੰਘ ਅਟਵਾਲ
209.351.5965
2850 Loomis Rd, Stockton, CA 95205

# ਘੱਗਰੇ ਵੀ ਗਏ, ਫੁਲਕਾਰੀਆਂ ਵੀ ਗਈਆਂ.....

ਇੰਜ. ਜਗਜੀਤ ਸਿੰਘ ਕੰਡਾ

ਆਦਿ ਕਾਲ ਤੋਂ ਹੀ ਮਨੁੱਖ ਤਨ ਢਕਣ ਲਈ ਸਮੇਂ ਅਤੇ ਹਾਲਤਾਂ ਅਨੁਸਾਰ ਆਪਣੇ ਢੰਗ-ਤਰੀਕਿਆਂ ਰਾਹੀਂ ਕੱਪੜੇ ਪਹਿਨਦਾ ਆ ਰਿਹਾ ਹੈ। ਜਿਉਂ ਜਿਉਂ ਮਨੁੱਖ ਦੀ ਸੋਚ ਅੱਗੇ ਵਧਦੀ ਗਈ, ਉਹ ਹੋਰ ਸੱਭਿਅਕ ਹੁੰਦਾ ਗਿਆ ਤੇ ਆਪਣੇ ਪਹਿਰਾਵੇ ਨੂੰ ਵੀ ਹੋਰ ਵੱਧ ਸੱਭਿਅਕ ਰੂਪ ਦਿੰਦਾ ਗਿਆ। ਪੰਜਾਬੀ ਸੱਭਿਆਚਾਰ ਵਿੱਚ ਘੱਗਰਾ ਤੇ ਫ਼ੁਲਕਾਰੀ ਅਨਿੱਖੜਵਾਂ ਅੰਗ ਰਹੇ ਹਨ। ਘੱਗਰਾ ਪੰਜਾਬੀ ਔਰਤਾਂ ਦੀ ਪੁਸ਼ਾਕ ਦਾ ਇੱਕ ਖ਼ਾਸ ਹਿੱਸਾ ਸੀ। ਵੱਡੇ ਘੇਰੇ ਵਾਲੇ ਵਸਤਰ ਜੋ ਕਿ ਵਿਆਹੀਆਂ ਹੋਈਆਂ ਔਰਤਾਂ ਹੀ ਪਹਿਨ ਸਕਦੀਆਂ ਸਨ, ਨੂੰ ਘੱਗਰਾ ਕਹਿੰਦੇ ਸਨ। ਵਿਆਹੀ ਔਰਤ ਦੀ ਪਛਾਣ ਘੱਗਰੇ ਤੋਂ ਹੀ ਹੁੰਦੀ ਸੀ। ਘੱਗਰੇ ਨਾਲ ਉੱਚੀ ਕੁੜਤੀ ਤੇ ਸਿਰ 'ਤੇ ਚੁੰਨੀ ਲਈ ਜਾਂਦੀ ਸੀ। ਚੁੰਨੀ ਨਾਲ ਸਿਰ ਢਕਣ ਤੋਂ ਇਲਾਵਾ ਮੂੰਹ ਵੀ ਲੁਕੋ ਕੇ ਰੱਖਿਆ ਜਾਂਦਾ ਸੀ। ਮੂੰਹ ਸਿਰ ਢੱਕਣ ਦਾ ਅਸਲ ਕਾਰਨ ਜੇਠ, ਸਹੁਰਾ ਜਾਂ ਇਸ ਦੇ ਬਰਾਬਰ ਵਾਲੇ ਰਿਸ਼ਤਿਆਂ ਦੀ ਵਿਆਹੀਆਂ ਔਰਤਾਂ ਅੱਜ ਨਾਲੋਂ ਕਿਤੇ ਵੱਧ ਸ਼ਰਮ ਮੰਨਦੇ ਹੋਏ ਇੱਜ਼ਤ ਤੇ ਮਾਣ-ਸਨਮਾਨ ਦਿੰਦੀਆਂ ਸਨ। ਉਹ ਉਨ੍ਹਾਂ ਦੀਆਂ ਅੱਖਾਂ ਵਿੱਚ ਅੱਖਾਂ ਪਾ ਕੇ ਗੱਲ ਕਰਨੋਂ ਕੰਨੀ ਕਤਰਾਉਣ ਕਰਕੇ ਘੁੰਡ ਕੱਢਦੀਆਂ ਸਨ। ਘੱਗਰਾ ਤੇ ਕੁੜਤੀ ਉਦੋਂ ਆਮ ਪਹਿਨਣ ਵਾਲੀ ਪੁਸ਼ਾਕ ਹੀ ਸੀ।

ਅੱਜ ਬਦਲ ਚੁੱਕੇ ਜ਼ਮਾਨੇ ਵਿੱਚ ਘੱਗਰੇ ਦਾ ਬਦਲਿਆ ਹੋਇਆ ਰੂਪ 'ਲਹਿੰਗਾ' ਔਰਤਾਂ ਖ਼ਾਸ ਮੌਕਿਆਂ 'ਤੇ ਹੀ ਪਾਉਂਦੀਆਂ ਹਨ। ਪਹਿਲੇ ਸਮੇਂ ਵਿੱਚ ਘਰ ਦੀਆਂ ਬਹੂਆਂ ਭਾਵੇਂ ਬੁੱਢੀਆਂ ਹੋ ਜਾਂਦੀਆਂ ਹਨ, ਪਰ ਉਹ ਪਹਿਨਦੀਆਂ ਕੁੜਤੀ ਤੇ ਘੱਗਰਾ ਹੀ ਸਨ। ਉਦੋਂ ਮਾਪੇ ਦਾਜ ਵਿੱਚ ਅੱਜ ਦੀ ਤਰ੍ਹਾਂ ਮਹਿੰਗੇ ਸੂਟ ਨਹੀਂ ਦਿੰਦੇ ਸੀ, ਸਗੋਂ ਘੱਗਰੇ ਦੇਣ ਦਾ ਰਿਵਾਜ਼ ਹੀ ਸੀ। ਕੁਆਰੀ ਕੁੜੀ ਉਦੋਂ ਘੱਗਰਾ ਨਹੀਂ ਪਾ ਸਕਦੀ ਸੀ। ਘੱਗਰੇ ਤੋਂ ਹੀ ਪਤਾ ਲੱਗਦਾ ਸੀ ਕਿ ਇਹ ਪਿੰਡ ਦੀ ਨੂੰਹ ਹੈ। ਘੱਗਰੇ ਤੋਂ ਬਿਨਾਂ ਖੂਹ ਤੋਂ ਪਾਣੀ ਭਰਨ ਜਾਣਾ, ਖੇਤ ਭੱਤਾ ਲੈ ਕੇ ਜਾਣਾ, ਸੱਥ ਵਿੱਚੋਂ ਲੰਘਣ ਸਮੇਂ ਜਾਂ ਭਾਈਚਾਰੇ ਦੇ 'ਕੱਠ ਵਿੱਚ ਜਾਣ ਵਾਲੀ ਨੂੰਹ ਰਾਣੀ ਪ੍ਰਤੀ ਉਦੋਂ ਬੁਰਾ ਮਨਾਇਆ ਜਾਂਦਾ ਸੀ।

ਘੱਗਰਾ ਆਮ ਤੌਰ 'ਤੇ ਪੱਟ ਦੇ ਕੱਪੜੇ ਦਾ ਬਣਿਆ ਹੁੰਦਾ ਸੀ। ਦਾਜ ਵਿੱਚ ਦੇਣ ਵਾਲੇ ਘੱਗਰੇ ਰੇਸ਼ਮੀ, ਸ਼ੰਘਾਈ, ਸਾਟਣ, ਸੂਫ਼ ਆਦਿ ਦੇ ਬਣੇ ਹੁੰਦੇ ਸਨ ਜਿਨ੍ਹਾਂ ਨੂੰ ਗੋਟੇ ਕਿਨਾਰੀਆਂ ਤੇ ਲੌਣ ਲਾ ਕੇ ਸ਼ਿੰਗਾਰਿਆ ਜਾਂਦਾ ਸੀ। ਇਹ ਦਾਜ ਦਾ ਅਹਿਮ ਅੰਗ ਹੁੰਦੇ ਸਨ। ਕਾਲੀ ਸੂਫ਼ ਦੇ ਘੱਗਰੇ ਦੀ ਕੁਝ ਜ਼ਿਆਦਾ ਹੀ ਚੜ੍ਹਤ ਹੁੰਦੀ ਸੀ।



ਤਾਹੀਓਂ ਤਾਂ ਕਹਿੰਦੇ ਹਨ 'ਧਰਤੀ ਸੁੰਭਰਦਾ ਆਏ ਨੀਂ, ਤੇਰਾ ਘੱਗਰਾ ਸੂਫ਼ ਦਾ।' ਘੱਗਰੇ ਨੂੰ ਸਭ ਤੋਂ ਜ਼ਿਆਦਾ ਕੱਪੜਾ ਲੱਗਦਾ ਸੀ। ਇਹ ਦਸ ਤੋਂ ਵੀਹ ਗਜ਼ ਤੱਕ ਹੁੰਦਾ ਸੀ। ਕਈ ਘੱਗਰੇ ਤਾਂ ਪੱਚੀ ਗਜ਼ ਦੇ ਵੀ ਬਣਾਏ ਜਾਂਦੇ ਸਨ। ਨਵੀਆਂ ਵਿਆਹੀਆਂ ਕੁੜੀਆਂ ਦੇ ਘੱਗਰਿਆਂ ਵਿੱਚ ਰੇਸ਼ਮੀ ਨਾਲੇ ਪਾਏ ਹੁੰਦੇ ਸਨ। ਘੱਗਰੇ ਦਾ ਨਾਲਾ ਵੱਖੀ ਵਾਲੇ ਪਾਸੇ ਦਿਖਾਵੇ ਲਈ ਬੰਨ੍ਹਿਆ ਜਾਂਦਾ ਸੀ। ਹੁਣ ਨਾ ਤਾਂ ਕੋਈ ਸੱਜ ਵਿਆਹੀ ਤੇ ਨਾ ਹੀ ਕੋਈ ਬੁੱਢੀ ਘੱਗਰਾ ਪਾਉਂਦੀਹੈ। ਵਿਆਹ ਵਾਲੀਆਂ ਸੱਭਿਅਕ ਸਟੇਜਾਂ 'ਤੇ ਹੀ ਕੁੜੀਆਂ ਘੱਗਰੇ ਪਾ ਕੇ ਨੱਚਦੀਆਂ ਹਨ ਜਾਂ ਇਹ ਅਜਾਇਬ ਘਰਾਂ ਦਾ ਸ਼ਿੰਗਾਰ ਹਨ।

ਫ਼ੁਲਕਾਰੀ ਇੱਕ ਤਰ੍ਹਾਂ ਦੀ ਕਢਾਈ ਨੂੰ ਕਿਹਾ ਜਾਂਦਾ ਹੈ। ਫ਼ੁਲਕਾਰੀ ਸ਼ਬਦ ਫ਼ੁੱਲ+ਕਾਰੀ ਤੋਂ ਬਣਿਆ ਹੈ, ਜਿਸ ਦਾ ਅਰਥ ਹੈ ਫ਼ੁੱਲਾਂ ਦੀ ਕਾਰੀਗਰੀ। ਫ਼ੁਲਕਾਰੀ ਜਿੱਥੇ ਪੰਜਾਬਣ ਦਾ ਸਿਰ ਢਕਣ ਤੇ ਸ਼ਿੰਗਾਰ ਦਾ ਸਾਧਨ ਹੈ, ਉੱਥੇ ਕਲਾ ਦੀ ਪ੍ਰਤੀਕ ਵੀ ਹੈ। ਪੁਰਾਤਨ ਸਮਿਆਂ ਵਿੱਚ ਕੁੜੀਆਂ ਨੂੰ ਛੋਟੀ ਉਮਰੇ ਹੀ ਚੱਜ ਸਲੀਕੇ ਦੀ ਸਿੱਖਿਆ ਦਿੱਤੀ ਜਾਂਦੀ ਸੀ ਤੇ ਸੁਰਤ ਸੰਭਾਲਦਿਆਂ ਹੀ ਚੁੱਲ੍ਹੇ, ਚੌਂਕੇ ਦੇ ਕੰਮਾਂ ਦੇ ਨਾਲ-ਨਾਲ ਕੱਢਣ, ਬੁਣਨ ਤੇ ਚਰਖਾ ਕੱਤਣ ਆਦਿ ਦੇ ਕੰਮ ਸਿਖਾਏ ਜਾਂਦੇ ਸਨ। ਕੁੜੀਆਂ ਹੌਲੀ-ਹੌਲੀ ਇਨ੍ਹਾਂ ਸਾਰੀਆਂ ਕਲਾਵਾਂ ਵਿੱਚ ਮਾਹਿਰ ਹੋ ਜਾਂਦੀਆਂ ਸਨ। ਸਾਡੇ ਲੋਕ ਗੀਤਾਂ ਵਿੱਚ ਵੀ ਫ਼ੁਲਕਾਰੀ ਦਾ ਖ਼ਾਸ ਮਹੱਤਵ ਹੈ;

ਮੈਨੂੰ ਤਾਂ ਕਹਿੰਦਾ ਕੱਢਣ ਨਹੀਂ ਜਾਣਦੀ
ਕੱਤਣ ਨਹੀਂ ਜਾਣਦੀ
ਮੈਂ ਕੱਢ ਲਈ ਫ਼ੁਲਕਾਰੀ ਵੇ
ਜਦ ਮੈਂ ਉੱਤੇ ਲਈ
ਤੂੰ ਹੂੰਗਰ ਕਿਉਂ ਮਾਰੀ ਵੇ।

ਫ਼ੁਲਕਾਰੀ ਦੀ ਵਰਤੋਂ ਪੰਜਾਬੀ ਮੁਟਿਆਰਾਂ ਵੱਲੋਂ ਵਿਆਹ ਜਾਂ ਖ਼ਾਸ ਤਿੱਥ ਤਿਉਹਾਰਾਂ ਮੌਕੇ ਕੀਤੀ ਜਾਂਦੀ ਹੈ। ਫ਼ੁਲਕਾਰੀ ਨੂੰ ਸ਼ਗਨਾਂ ਮੌਕੇ ਮੁਟਿਆਰਾਂ, ਵਿਆਹੀਆਂ ਤੇ ਦਾਦੀਆਂ, ਨਾਨੀਆਂ ਸਭ ਵਰਤਦੀਆਂ ਹਨ। ਲਾਵਾਂ, ਫ਼ੇਰਿਆਂ ਮੌਕੇ ਕੁੜੀ ਸਿਰ 'ਤੇ ਫ਼ੁਲਕਾਰੀ ਲੈਂਦੀ ਹੈ ਜੋ ਉਸ ਦੇ ਲਾੜੀ ਰੂਪ ਨੂੰ ਚਾਰ ਚੰਨ ਲਾਉਂਦੀਹੈ। ਵਿਆਹ ਦੀ ਰਸਮ ਸਮੇਂ ਚੂੜਾ ਪਹਿਨਾਉਣ ਵੇਲੇ ਨਾਨੀ ਆਪਣੀ ਦੋਹਤੀ ਨੂੰ ਚੋਪ ਦਿੰਦੀ ਹੈ ਜੋ ਫ਼ੁਲਕਾਰੀ ਤੋਂ ਵੱਡਾ ਹੁੰਦਾ ਹੈ। ਲੋਕ ਆਮ ਹੀ ਦਾਜ ਵਿੱਚ ਧੀਆਂ ਨੂੰ ਫ਼ੁਲਕਾਰੀ ਤੇ ਬਾਗ ਦਿੰਦੇ ਸਨ ਜੋ ਪੀੜ੍ਹੀ ਦਰ ਪੀੜ੍ਹੀ ਅੱਗੇ ਚੱਲਦੇ ਸਨ। ਫ਼ੁਲਕਾਰੀ ਪੰਜਾਬਣਾਂ ਦੀਆਂ ਭਾਵਨਾਵਾਂ ਨਾਲ ਜੁੜਿਆ ਕੱਪੜਾ ਹੈ। ਫ਼ੁਲਕਾਰੀ ਦੀਆਂ ਕਈ ਕਿਸਮਾਂ ਹਨ ਜਿਵੇਂ ਬਾਗ, ਚੋਪ, ਸੁੱਭਰ, ਨੀਲਕ, ਤਿਲ ਪੱਤਰਾ, ਛਮਾਸ, ਘੁੰਗਟਬਾਗ ਆਦਿ। ਬਾਗ ਬਹੁਤ ਹੀ ਮਿਹਨਤ ਨਾਲ ਤਿਆਰ ਕੀਤੀ ਜਾਣ ਵਾਲੀ ਫ਼ੁਲਕਾਰੀ ਹੈ। ਇਸ ਦੀ ਕਢਾਈ ਬਹੁਤ ਸੰਘਣੀ ਤੇ ਪੱਟ ਦੇ ਧਾਗੇ ਨਾਲ ਹੁੰਦੀ ਹੈ। ਅਜੋਕੇ ਸਮੇਂ ਵਿੱਚ ਹੱਥ ਨਾਲ ਕਢਾਈ ਕੀਤੀ ਫ਼ੁਲਕਾਰੀ ਵਿਰਲੇ ਘਰਾਂ ਕੋਲ ਹੀ ਹੋਵੇਗੀ ਪ੍ਰੰਤੂ ਮਸ਼ੀਨੀ ਕਢਾਈ ਨਾਲ ਫ਼ੁਲਕਾਰੀ ਸੂਟ, ਫ਼ੁਲਕਾਰੀ ਚੁੰਨੀਆਂ ਆਦਿ ਉਸ ਪੁਰਾਣੇ ਸਮੇਂ ਦੀ ਯਾਦ ਨੂੰ ਤਾਜ਼ਾ ਕਰਨ ਲਈ ਬਾਜ਼ਾਰੋਂ ਆਮ ਹੀ ਮਿਲ ਜਾਂਦੀਆਂ ਹਨ। ਇਨ੍ਹਾਂ ਵਿੱਚ ਉਹ ਪਿਆਰ ਤੇ ਮੋਹ ਦੀਆਂ ਤੰਦਾਂ ਨਹੀਂ ਪਿਰੋਈਆਂ ਹੁੰਦੀਆਂ।



ਸਮਾਂ ਬਦਲਿਆ ਘੱਗਰੇ ਤੇ ਕੁੜਤੀ ਦੀ ਥਾਂ ਸਲਵਾਰ ਕਮੀਜ਼ ਨੇ ਲੈ ਲਈ। ਸਲਵਾਰ ਨੂੰ ਸੁੱਥਣ ਵੀ ਕਿਹਾ ਜਾਂਦਾ ਸੀ, ਪਰ ਇਹ ਸ਼ਬਦ ਨਵੀਂ ਪੀੜ੍ਹੀ ਦੇ ਚੇਤਿਆਂ ਵਿੱਚੋਂ ਵਿਸਰ ਚੁੱਕਾ ਹੈ। ਸਾਡੇ ਪੰਜਾਬ ਦੇ ਸੱਭਿਆਚਾਰ ਵਿੱਚ ਮਰਦਾਂ ਲਈ ਚਾਦਰਾ ਤੇ ਕੁੜਤਾ ਸਿਰ 'ਤੇ ਤੁਰਲੇ ਵਾਲੀ ਪੱਗ ਦੂੱਗਣਾ ਰੂਪ ਚੜ੍ਹਾ ਦਿੰਦੀ ਸੀ। ਸਮਾਂ ਪਾ ਕੇ ਚਾਦਰਾ ਵੀ ਲੋਪ ਹੋ ਗਿਆ ਤੇ ਕੁੜਤਾ-ਪਜਾਮਾ ਹੋਂਦ ਵਿੱਚ ਆਇਆ ਜੋ ਅਜੋਕੇ ਸਮੇਂ ਦਾ ਫ਼ੈਸ਼ਨ ਬਣ ਚੁੱਕਾ ਹੈ। ਕੁੜਤਾ-ਚਾਦਰਾ ਤਾਂ ਕਈ ਕਲਾਕਾਰ ਸਟੇਜਾਂ ਵਾਲੇ ਪ੍ਰੋਗਰਾਮ 'ਤੇ ਪਾਉਂਦੇ ਹਨ। ਪੰਜਾਬੀ ਪਹਿਰਾਵਾ ਔਰਤ ਤੇ ਮਰਦ ਦੇ ਪੂਰੇ ਤਨ ਨੂੰ ਢਕਣ ਦੇ ਨਾਲ-ਨਾਲ ਔਰਤ ਦੇ ਹੁਸਨ ਨੂੰ ਆਪਣੇ ਵਿੱਚ ਕੱਜ ਕੇ ਰੱਖਣ ਦਾ ਕੰਮ ਕਰਦਾ ਸੀ ਤਾਂ ਜੋ ਕਿਸੇ ਦੀ ਬਾਜ਼ ਅੱਖ ਉਸ ਨੂੰ ਦੇਖ ਕੇ ਹਉਕਾ ਨਾ ਭਰ ਸਕੇ। ਇੱਜ਼ਤ, ਮਾਣ, ਸਤਿਕਾਰ ਤੇ ਸ਼ਰਮ, ਹਯਾ ਸਾਡੇ ਸੱਭਿਆਚਾਰ ਦਾ ਗਹਿਣਾ ਸਨ। ਕਿਸੇ ਦੀ ਧੀ ਨੂੰ ਸਾਰੇ ਪਿੰਡ ਦੀ ਧੀ-ਧਿਆਣੀ ਸਮਝਿਆ ਜਾਂਦਾ ਸੀ। ਠੇਠਰ ਬੰਦਿਆਂ ਲਈ ਸਾਡੇ ਸਮਾਜ ਵਿੱਚ ਉਦੋਂ ਕੋਈ ਥਾਂ ਨਹੀਂ ਹੁੰਦੀ ਸੀ।

ਸਮਾਂ ਪਾ ਕੇ ਟੈਲੀਵਿਜ਼ਨ ਚੈਨਲਾਂ ਦੀ ਸ਼ੁਰੂਆਤ ਹੋਈ ਜਿਸ ਵਿੱਚ ਸਾਡੇ ਪੰਜਾਬੀ ਸੱਭਿਆਚਾਰ ਦਾ ਚੀਰ-ਹਰਨ ਕੀਤਾ ਗਿਆ। ਬੇਗਾਨਿਆਂ ਨੂੰ ਕੀ ਦੋਸ਼ ਦੇਈਏ, ਅਸੀਂ ਵੀ ਉਸ ਵਿੱਚ ਕਿਤੇ ਨਾ ਕਿਤੇ ਤਾਂ ਭਾਗੀਦਾਰ ਹਾਂ। ਅਸੀਂ ਵਿਨਾਸ਼ ਨੂੰ ਵਿਕਾਸ ਸਮਝਿਆ। ਰਹਿੰਦੀ ਕਸਰ ਅੱਜ ਦੀ ਟੈਕਨਾਲੋਜੀ ਨੇ ਕੱਢ ਕੇ ਸਾਡੀ ਨੌਜਵਾਨ ਪੀੜ੍ਹੀ ਨੂੰ ਪੱਛਮੀ ਮੁਲਕਾਂ ਦੀ ਤਰਜ਼ 'ਤੇ ਛੋਟੇ ਕੱਪੜੇ ਅਪਣਾਉਣ ਵਿੱਚ ਵੱਡਾ ਰੋਲ ਅਦਾ ਕੀਤਾ। ਕਿਸੇ ਸਮੇਂ ਕੋਲ ਖਾਣਾ ਵਿੱਚ ਕੰਮ ਕਰਨ ਲਈ ਪਾਉਣ ਵਾਲੀ ਜੀਨ ਦੀ ਪੈਂਟ ਅੱਜ ਮੁੰਡੇ ਤੇ ਕੁੜੀਆਂ ਲਈ ਫ਼ੈਸ਼ਨ ਦਾ ਸਟਾਈਲ ਬਣ ਗਈ ਹੈ। ਕੋਈ ਪੱਟਾਂ ਤੋਂ ਪਾਟੀ, ਕੋਈ ਗੋਡਿਆਂ ਤੋਂ ਪਾਟੀ, ਕੋਈ ਥੱਲੇ ਪਹੁੰਚਿਆਂ ਤੋਂ ਲੀਰਾਂ ਕਰੀ ਹੋਈ ਰੰਗ ਬਿਰੰਗੀ ਜੀਨ ਦੀਆਂ ਪੈਂਟਾਂ ਅਤੇ ਛੋਟੇ-ਛੋਟੇ ਟੌਪ ਪਾ ਕੇ ਆਪਣੇ-ਆਪ ਨੂੰ ਬਹੁਤ ਅਗਾਂਹਵਧੂ ਦਿਖਾਉਣ ਲਈ ਇੱਕ ਦੂਜੇ ਤੋਂ ਅੱਗੇ ਹਨ। ਤਰੱਕੀ ਦੇ ਨਾਂ 'ਤੇ ਅਸੀਂ ਲੱਚਰਤਾ ਦੀ ਦਲ-ਦਲ ਵਿੱਚ ਧੱਸਦੇ ਜਾ ਰਹੇ ਹਾਂ।

ਘੁੰਡ ਭਾਰਤੀ ਔਰਤ ਤੇ ਖ਼ਾਸ ਕਰ ਕੇ ਪੰਜਾਬੀ ਔਰਤਾਂ ਦਾ ਗਹਿਣਾ ਹੁੰਦਾ ਸੀ ਜੋ ਔਰਤ ਨੂੰ ਸੰਗ, ਸ਼ਰਮ, ਹਯਾ ਤੇ ਵੱਡਿਆਂ ਦਾ ਸਤਿਕਾਰ ਕਰਨ ਦੀ ਅਹਿਮੀਅਤ ਬਣਾਈ ਰੱਖਣ ਲਈ ਯਾਦ ਦਿਵਾਉਂਦਾ ਰਹਿੰਦਾ ਸੀ। ਚੁੰਨੀ ਜਾਂ ਦੁਪੱਟੇ ਨਾਲ ਮੂੰਹ ਨੂੰ ਲੁਕਾਉਣ ਨੂੰ ਘੁੰਡ ਕੱਢਣਾ ਕਹਿੰਦੇ ਸਨ। ਪੁਰਾਣੇ ਸਮਿਆਂ ਵਿੱਚ ਪਿੰਡ ਦੀਆਂ ਨਵੀਆਂ ਵਿਆਹੀਆਂ ਨੂੰਹਾਂ, ਬਹੂਆਂ ਭਾਵੇਂ ਉਹ ਵਡੇਰੀ ਉਮਰ ਦੀਆਂ ਵੀ ਕਿਉਂ ਨਾ ਹੋ ਜਾਣ, ਆਪਣੇ ਤੋਂ ਰਿਸ਼ਤੇ ਵਿੱਚ ਵੱਡੇ ਵਿਅਕਤੀਆਂ ਤੇ ਬਜ਼ੁਰਗਾਂ ਤੋਂ ਸ਼ਰਮ ਕਾਰਨ ਘੁੰਡ ਕੱਢਦੀਆਂ ਸਨ।

(ਬਾਕੀ ਸਫ਼ਾ 31 'ਤੇ)



## ਸਰਬੰਸਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ 'ਤੇ ਵਿਸ਼ੇਸ਼

# ਹੱਕ-ਪ੍ਰਸਤ ਤੇ ਹੱਕ ਮੁਤਲਾਸ਼ੀਆਂ ਦੇ ਵਿਸ਼ਵ ਰਹਿਬਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ

ਤਲਵਿੰਦਰ ਸਿੰਘ ਬੁਟਰ



ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਇਸ ਜਗਤ ਵਿਚ ਆਪਣੇ ਆਗਮਨ ਦਾ ਤੱਤ-ਉਦੇਸ਼ ਜਾਂ ਸਤਿ-ਆਦਰਸ਼ ਖ਼ੁਦ ਆਪਣੀ ਪਾਵਨ ਬਾਣੀ 'ਬਚਿਤ੍ਰ ਨਾਟਕ' ਵਿਚ ਬੜੇ ਸਪੱਸ਼ਟ ਤੇ ਸ਼ਾਹਕਾਰ ਤਰੀਕੇ ਨਾਲ ਪ੍ਰਗਟਾਉਂਦੇ ਹਨ :

ਹਮ ਇਹ ਕਾਜ ਜਗਤ ਮੋ ਆਏ॥
ਧਰਮ ਹੇਤ ਗੁਰਦੇਵਿ ਪਠਾਏ॥
ਜਹਾਂ ਤਹਾਂ ਤੁਮ ਧਰਮ ਬਿਥਾਰੋ॥
ਦੁਸਟ ਦੋਖੀਅਨਿ ਪਕਰਿ ਪਛਾਰੋ॥੪੨॥
ਯਾਹੀ ਕਾਜ ਧਰਾ ਹਮ ਜਨਮੰ॥
ਸਮਝ ਲੇਹੁ ਸਾਧੂ ਸਭ ਮਨਮੰ॥
ਧਰਮ ਚਲਾਵਨ ਸੰਤ ਉਬਾਰਨ॥
ਦੁਸਟ ਸਭਨ ਕੋ ਮੂਲ ਉਪਾਰਨ॥੪੩॥
(ਬਚ੍ਰਿੱਤ ਨਾਟਕ, ਅਧਿਆਇ ੬)

ਉਪਰੋਕਤ ਮੁੱਖ ਵਾਕ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਆਦਰਸ਼ ਕਿਸੇ ਖ਼ਾਸ ਕੌਮ, ਖਿੱਤੇ, ਦੇਸ਼, ਜਾਤੀ, ਮਜ਼੍ਹਬ ਜਾਂ ਕੁਲ ਦੇ ਭਲੇ ਲਈ ਮਖ਼ਸੂਸ (ਰਾਖ਼ਵਾਂ) ਨਹੀਂ, ਸਗੋਂ ਸਾਰੇ ਜਗਤ ਦੇ ਉਧਾਰ ਲਈ ਹੈ। ਗੁਰੂ ਸਾਹਿਬ ਧਰਮ ਦੇ ਵਿਸਥਾਰ ਹੇਤ, ਦੀਨ-ਦੁਨੀ ਦੀ ਰੱਖਿਆ ਤੇ ਦੁਸ਼ਟਾਂ-ਜ਼ਾਲਮਾਂ ਦਾ ਨਾਸ਼ ਕਰਨ ਲਈ ਹੀ ਅਕਾਲ ਪੁਰਖ ਦੁਆਰਾ ਜਗਤ ਵਿਖੇ ਆਏ 'ਪਰਮ ਦੂਤ' ਸਨ।

ਦਸਮ ਪਾਤਿਸ਼ਾਹ ਦਾ ਆਦਰਸ਼ ਕਿੰਨਾ ਉੱਚਾ-ਸੁੱਚਾ ਤੇ ਸਰਬਸਾਂਝਾ ਸੀ। ਗੁਰੂ ਦਸਮੇਸ਼ ਜੀ ਆਪਣੀ ਸੰਸਾਰਕ ਯਾਤਰਾ 'ਚ ਹੀ ਅਜਿਹੇ ਪੂਰਨੇ ਪਾ ਗਏ ਹਨ ਕਿ ਕੋਈ ਸ਼ੰਕਾ-ਸੁਬਹਾ ਹੋਣ ਦੀ ਗੁੰਜਾਇਸ਼ ਹੀ ਨਹੀਂ ਬਚਦੀ।

ਦਸਮ ਪਾਤਿਸ਼ਾਹ ਇਸ ਮਾਤ ਲੋਕ ਵਿਚ ਸਮੁੱਚੀ ਮਾਨਵਤਾ ਨੂੰ ਮਜ਼੍ਹਬਾਂ, ਫ਼ਿਰਕਿਆਂ, ਫ਼ੋਕਟ ਕਰਮ-ਕਾਂਡਾਂ ਦੇ ਝਗੜੇ-ਝੇੜਿਆਂ ਵਿਚੋਂ ਬਾਹਰ ਕੱਢ ਕੇ ਸਿਰਫ਼ ਧਰਮ ਦੇ ਸਹੀ ਰਾਹ 'ਤੇ ਤੋਰਨ ਲਈ ਆਏ ਸਨ, ਜਿਸ ਦਾ ਜ਼ਿਕਰ ਦਸਮ ਪਿਤਾ ਖ਼ੁਦ ਕਰਦੇ ਹਨ :

ਮੈ ਅਪਨਾ ਸੁਤ ਤੋਹਿ ਨਿਵਾਜਾ॥
ਪੰਥ ਪ੍ਰਚੁਰ ਕਰਬੇ ਕਹੁ ਸਾਜਾ॥
ਜਹਾ ਤਹਾਂ ਤੈ ਧਰਮੁ ਚਲਾਇ॥
ਕਬੁਧਿ ਕਰਨ ਤੇ ਲੋਕ ਹਟਾਇ॥ ੨੯॥
(ਬਚਿਤ੍ਰ ਨਾਟਕ)

ਕੁਝ ਨਵੀਨ ਇਤਿਹਾਸਕਾਰਾਂ ਨੇ ਇਕ ਭੁਲੇਖਾ ਪਾਉਣਾ ਸ਼ੁਰੂ ਕਰ ਦਿੱਤਾ ਹੈ ਕਿ ਪਹਿਲੀ ਪਾਤਿਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਆਦਰਸ਼ ਅਤੇ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਆਦਰਸ਼, ਵੱਖੋ-ਵੱਖਰਾ ਸੀ। ਦਰਅਸਲ ਗੁਰੂ ਸਾਹਿਬਾਨ ਦੇ ਆਦਰਸ਼ ਨੂੰ ਸਮਝੇ ਬਗ਼ੈਰ ਹੀ ਅਜਿਹੀਆਂ ਮਿੱਥਾਂ ਬਣਾ ਲਈਆਂ ਜਾਂਦੀਆਂ ਹਨ, ਜਦੋਂ ਕਿ ਸ਼ਾਂਤਮਈ ਰਹਿਣਾ ਜਾਂ ਸ਼ਸਤਰ ਚੁੱਕਣਾ ਹੀ ਗੁਰੂ ਸਾਹਿਬਾਨ ਦਾ ਵਾਸਤਵੀ ਆਦਰਸ਼ ਨਹੀਂ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਦਸਾਂ ਗੁਰੂ ਸਾਹਿਬਾਨ ਦਾ ਉਦੇਸ਼ ਜਾਂ ਆਦਰਸ਼ ਸਮੁੱਚੀ ਲੋਕਾਈ ਨੂੰ ਆਤਮਿਕ ਤੇ ਸਰੀਰਕ ਗ਼ੁਲਾਮੀ ਦੇ ਬਹੁਪ੍ਰਕਾਰੀ ਬੰਧਨਾਂ ਤੋਂ ਮੁਕਤ ਕਰਨਾ ਸੀ। ਇਸ ਉਦੇਸ਼ ਦੀ ਪੂਰਤੀ ਲਈ ਪਹਿਲੀ ਪਾਤਿਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ 'ਸ਼ਾਸਤਰ' ਦੀ ਵਰਤੋਂ ਕੀਤੀ ਤੇ ਹਾਲਾਤ ਅਨੁਸਾਰ ਦਸਵੇਂ ਪਾਤਿਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 'ਸ਼ਾਸਤਰ' ਦੇ ਨਾਲ 'ਸ਼ਸਤਰ' ਦੀ ਵਰਤੋਂ ਵੀ ਕੀਤੀ। ਦਸਮ ਪਾਤਿਸ਼ਾਹ 'ਬਚਿਤ੍ਰ ਨਾਟਕ' ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਦਸਾਂ ਜਾਮਿਆਂ ਦੀ ਇਕੋ ਜੋਤਿ ਤੇ ਜੁਗਤ ਦਾ ਪ੍ਰਗਟਾਵਾ ਇਉਂ ਕਰਦੇ ਹਨ :

ਸ੍ਰੀ ਨਾਨਕ ਅੰਗਦਿ ਕਰਿ ਮਾਨਾ॥
ਅਮਰਦਾਸ ਅੰਗਦ ਪਹਿਚਾਨਾ॥
ਅਮਰਦਾਸ ਰਾਮਦਾਸ ਕਹਾਯੋ॥
ਸਾਧਨਿ ਲਖਾ ਮੂੜ੍ਹ ਨਹਿ ਪਾਯੋ॥੯॥
ਭਿੰਨ ਭਿੰਨ ਸਭਹੂੰ ਕਰ ਜਾਨਾ॥
ਏਕ ਰੂਪ ਕਿਨਹੂੰ ਪਹਿਚਾਨਾ॥
ਜਿਨ ਜਾਨਾ ਤਿਨ ਹੀ ਸਿਧ ਪਾਈ॥
ਬਿਨ ਸਮਝੇ ਸਿਧ ਹਾਥਿ ਨ ਆਈ॥੧੦॥
ਰਾਮਦਾਸ ਹਰਿ ਸੋ ਮਿਲ ਗਏ॥
ਗੁਰਤਾ ਦੇਤ ਅਰਜਨਹਿ ਭਏ॥
ਜਬ ਅਰਜਨ ਪ੍ਰਭੁ ਲੋਕ ਸਿਧਾਏ॥
ਹਰਿਗੋਬਿੰਦ ਤਿਹ ਠਾਂ ਠਹਿਰਾਏ॥੧੧॥
ਹਰਿਗੋਬਿੰਦ ਪ੍ਰਭ ਲੋਕ ਸਿਧਾਰੇ॥
ਹਰੀਰਾਇ ਤਿਹ ਠਾਂ ਬੈਠਾਰੇ॥
ਹਰੀਕ੍ਰਿਸਨ ਤਿਨ ਕੇ ਸੁਤ ਵਏ॥
ਤਿਨ ਤੇ ਤੇਗ ਬਹਾਦਰ ਭਏ॥੧੨॥



ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸਤਿ-ਆਦਰਸ਼ ਵਿਚ ਸਪੱਸ਼ਟ ਕੀਤਾ ਕਿ ਉਨ੍ਹਾਂ ਦਾ ਵੈਰ ਕਿਸੇ ਮਜ਼੍ਹਬ ਨਾਲ ਨਹੀਂ, ਸਗੋਂ ਜ਼ੁਲਮ ਦੇ ਨਾਲ ਹੈ। ਦੁਸ਼ਟ-ਦਮਨ ਦਸਮੇਸ਼ ਗੁਰੂ, ਦੁਸ਼ਟਾਂ ਨੂੰ ਮਾਰਦੇ ਨਹੀਂ, ਸਗੋਂ ਤਰੁੱਠ ਕੇ, ਤਰਸ ਕਰਕੇ, ਉਨ੍ਹਾਂ ਦੀ ਦੁਸ਼ਟਤਾਈ ਨੂੰ ਬਿਦਾਰ ਕੇ ਉਨ੍ਹਾਂ ਦਾ ਉਧਾਰ ਕਰਦੇ ਸਨ। ਗੁਰੂ ਜੀ ਦੇ ਹਰੇਕ ਤੀਰ ਨਾਲ 'ਸਵਾ ਤੋਲਾ ਸੋਨਾ' ਲੱਗਾ ਹੋਣਾ ਕਿ; ਜੇਕਰ ਜ਼ਾਲਮ ਫ਼ੌਜ ਦਾ ਕੋਈ ਸਿਪਾਹੀ ਇਸ ਤੀਰ ਨਾਲ ਜ਼ਖ਼ਮੀ ਹੋਵੇ ਤਾਂ ਇਸ ਸੋਨੇ ਨਾਲ ਆਪਣਾ ਦਵਾ-ਦਾਰੂ ਦਾ ਇੰਤਜ਼ਾਮ ਕਰ ਸਕੇ ਤੇ ਜੇਕਰ ਉਸ ਦੀ ਮੌਤ ਹੋ ਜਾਵੇ ਤਾਂ ਉਸ ਦੇ ਪਰਿਵਾਰ ਵਾਲੇ ਉਸ ਦਾ ਅੰਤਮ ਕਿਰਿਆ-ਕਰਮ ਕਰ ਸਕਣ।

ਗੁਰੂ ਸਾਹਿਬ ਨੇ ਕਿਸੇ ਖ਼ਾਸ ਫ਼ਿਰਕੇ ਦੇ ਖਿਲਾਫ਼ ਸੰਘਰਸ਼ ਨਹੀਂ ਕੀਤਾ, ਕਿਉਂਕਿ ਇਕ ਪਾਸੇ ਜਿੱਥੇ ਦਸਮ ਪਾਤਿਸ਼ਾਹ ਨੇ ਜ਼ਾਲਮ ਮੁਗ਼ਲ ਸਲਤਨਤ ਦੀਆਂ ਜੜ੍ਹਾਂ ਪੁੱਟ ਸੁੱਟੀਆਂ, ਉਥੇ ਭੰਗਾਣੀ ਦੇ ਮੈਦਾਨ ਵਿਚ ਪਹਾੜੀ ਰਾਜਪੂਤ ਰਾਜੇ ਭੀਮ ਚੰਦ ਨੇ ਗੁਰੂ ਜੀ ਨੂੰ ਜੰਗ ਦਾ ਨਿਓਂਦਾ ਦਿੱਤਾ ਤਾਂ ਪੀਰ ਬੁੱਧੂ ਸ਼ਾਹ ਵਰਗੇ ਮੁਸਲਮਾਨ ਫ਼ਕੀਰ ਆਪਣੇ ਦੋ ਭਰਾਵਾਂ, ਚਾਰ ਪੁੱਤਰਾਂ ਤੇ ਸੱਤ ਸੌ ਮੁਰੀਦਾਂ ਸਮੇਤ ਗੁਰੂ-ਘਰ ਤਰਫ਼ੋਂ ਮੁਗ਼ਲਾਂ ਨਾਲ ਜੂਝਣ ਲਈ ਪਹੁੰਚਦੇ ਹਨ। ਖ਼ਾਲਸਾ ਪੰਥ ਦੀ ਸਾਜਨਾ ਸੰਬੰਧੀ ਔਰੰਗਜ਼ੇਬ ਦੇ ਇਕ ਅਖ਼ਬਾਰ ਨਵੀਸ ਵਲੋਂ ਭੇਜੀ ਗਈ ਨਿਰਪੱਖ ਰਿਪੋਰਟ, ਜਿਸ ਦਾ ਹਵਾਲਾ ਇਤਿਹਾਸਕਾਰ ਮੈਕਾਲਫ਼ ਨੇ ਮਹਾਰਾਜਾ ਰਣਜੀਤ ਸਿੰਘ ਦੇ ਕਾਲ ਦੇ ਇਤਿਹਾਸਕਾਰ ਬੂਟੇ ਸ਼ਾਹ ਦੀ 'ਤਵਾਰੀਖ਼-ਏ-ਪੰਜਾਬ' ਵਿਚੋਂ ਲਿਆ ਹੈ, ਵੀ ਕਾਬਲ-ਏ-ਗੌਰ ਹੈ। 'ਚਾਰ ਵਰਣਾਂ ਤੋਂ ਨਿਰਲੇਪ ਇਕ ਵੱਖਰਾ ਮਜ਼੍ਹਬ ਹੋਂਦ ਵਿਚ ਆ ਗਿਆ ਹੈ ਅਤੇ ਗੁਰੂ ਗੋਬਿੰਦ ਸਿੰਘ ਨੇ ਖ਼ੁਦਾ ਦੀ ਥਾਂ ਲੈਂਦੇ ਅਵਤਾਰਾਂ ਦੀ ਪੂਜਾ ਦਾ ਦੌਰ ਆਪਣੀ ਉੱਮਤ ਵਿਚੋਂ ਖ਼ਤਮ ਕਰ ਦਿੱਤਾ ਹੈ ਅਤੇ ਵੀਹ ਹਜ਼ਾਰ ਲੋਕਾਂ ਨੇ ਇਸ ਨਵੀਂ ਕਿਸਮ ਦੇ ਮਜ਼੍ਹਬ ਨੂੰ ਅਖ਼ਤਿਆਰ ਕੀਤਾ ਹੈ'

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਕੌਮ ਸਾਰਾ ਸੰਸਾਰ ਸੀ, ਉਨ੍ਹਾਂ ਦਾ ਦੇਸ਼ ਸਮੁੱਚੀ ਰੱਬੀ ਰਚਨਾ ਸੀ, ਕਿਉਂਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਆਦਰਸ਼ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਦਰਸ਼ ਤੋਂ ਕੋਈ ਭਿੰਨ ਨਹੀਂ। ਗੁਰੂ ਨਾਨਕ ਦਾ ਸਿੱਖ ਧਰਮ ਸਾਰੀ ਸ੍ਰਿਸ਼ਟੀ ਨੂੰ ਆਪਣੇ ਕਲਾਵੇ 'ਚ ਲੈਣ ਦੀ ਗੱਲ ਆਖਦਾ ਹੈ। 'ਜਨ ਨਾਨਕ ਕਾ ਹਰਿ ਧੜਾ ਧਰਮੁ, ਸਭ ਸ੍ਰਿਸਟਿ ਜਿਣਿ ਆਵੈ॥ (ਰਾਗੁ ਆਸਾ ਘਰੁ ੨ ਮ. ੪, ਅੰਗ : ੩੬੬)।

# ਬਹੁਪੱਖੀ ਸ਼ਖ਼ਸੀਅਤ ਦੇ ਮਾਲਕ ਸ੍ਰੀ ਗੁਰੂ ਗੋਬਿੰਦ ਸਿੰਘ ਜੀ



ਡਾ. ਰੂਪ ਸਿੰਘ



ਬਹੁਪੱਖੀ ਸ਼ਖ਼ਸੀਅਤ ਦੇ ਮਾਲਕ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਇੱਕ ਮਹਾਨ ਇਨਕਲਾਬੀ ਯੋਧੇ ਹੋਏ ਹਨ, ਜਿਨ੍ਹਾਂ ਨੇ ਸਦੀਆਂ ਤੋਂ ਜਬਰ-ਜ਼ੁਲਮ ਦੀਆਂ ਸੱਟਾਂ ਨਾਲ ਮਿੱਧੇ-ਮਧੋਲੇ ਹਿੰਦੁਸਤਾਨੀ ਸਮਾਜ ਵਿੱਚ ਨਵੀਂ ਰੂਹ ਫੂਕੀ ਅਤੇ ਲੋਕਾਂ ਦੇ ਮਨਾਂ ਵਿਚੋਂ ਹਕੂਮਤੀ ਜਬਰ ਦੇ ਸਹਿਮ ਨੂੰ ਦੂਰ ਕਰਨ ਲਈ ਤਿਆਰ-ਬਰ-ਤਿਆਰ ਹਥਿਆਰਬੰਦ ਖ਼ਾਲਸਾ-ਪੰਥ ਦੀ ਸਿਰਜਣਾ ਕੀਤੀ। ਉਨ੍ਹਾਂ ਨੇ ਹਿੰਦੁਸਤਾਨੀ ਲੋਕਾਂ ਦੀ ਸੁੱਤੀ ਹੋਈ ਆਤਮਾ ਨੂੰ ਹਲੂਣਿਆ ਅਤੇ ਇੱਜ਼ਤ, ਸਵੈਮਾਣ ਨਾਲ ਜ਼ਿੰਦਗੀ ਜੀਣ ਲਈ ਪ੍ਰੇਰਿਆ:

ਜੇ ਜੀਵੈ ਪਤਿ ਲਥੀ ਜਾਇ ॥
ਸਭੁ ਹਰਾਮੁ ਜੇਤਾ ਕਿਛੁ ਖਾਇ ॥
(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ : 142)

ਗੁਰੂ ਜੀ ਨੂੰ ਇੱਕ ਪਾਸੇ ਕੱਟੜ ਮੁਗਲ ਹਕੂਮਤ ਅਤੇ ਦੂਜੇ ਪਾਸੇ ਲੋਭੀ, ਕਰਮ-ਕਾਂਡੀ, ਧਾਰਮਿਕ ਪ੍ਰੰਪਰਾਵਾਂ ਦੀ ਧਾਰਨੀ ਜਾਤ-ਪਾਤ, ਵਰਣ-ਵੰਡ ਆਧਾਰਿਤ ਵੰਡੀ ਬ੍ਰਹਾਮਣੀ ਜਮਾਤ ਦੇ ਨਾਲ-ਨਾਲ ਪਹਾੜੀ ਰਾਜਿਆਂ ਦੀ ਈਰਖਾ ਦਾ ਸੰਤਾਪ ਵੀ ਹੰਢਾਉਣਾ ਪਿਆ। ਇਨ੍ਹਾਂ ਸਮਾਜ-ਵਿਰੋਧੀ ਤਾਕਤਾਂ ਦਾ ਮੁਕਾਬਲਾ ਕਰਨ ਲਈ ਗੁਰੂ ਜੀ ਨੂੰ ਜੀਵਨ ਭਰ ਸੰਘਰਸ਼ ਕਰਨਾ ਪਿਆ।

ਗੁਰੂ ਗੋਬਿੰਦ ਸਿੰਘ ਜੀ ਪੋਹ ਸੁਦੀ ਸਤਵੀਂ, 23 ਪੋਹ (22 ਦਸੰਬਰ, 1666) ਨੂੰ ਪਟਨਾ ਸਾਹਿਬ (ਬਿਹਾਰ) ਦੀ ਇਤਿਹਾਸਕ ਧਰਤੀ 'ਤੇ ਗੁਰੂ ਤੇਗ ਬਹਾਦਰ ਜੀ ਤੇ ਮਾਤਾ ਗੁਜਰੀ ਜੀ ਦੇ ਘਰ ਪ੍ਰਗਟ ਹੋਏ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਜੀਵਨ-ਉਦੇਸ਼ 'ਸੱਚ' ਧਰਮ ਦੀ ਸਥਾਪਨਾ, ਮਜ਼ਲੂਮਾਂ ਤੇ ਨਿਤਾਣਿਆਂ ਦੀ ਰਾਖੀ ਕਰਨਾ ਅਤੇ ਹਰ ਤਰ੍ਹਾਂ ਦੇ ਜਬਰ-ਜ਼ੁਲਮ ਦਾ ਟਾਕਰਾ ਕਰਨਾ ਸੀ ਕਿਉਂਕਿ ਉਨ੍ਹਾਂ ਨੇ ਜਾਣ ਲਿਆ ਸੀ ਕਿ ਸਮਾਜ ਦੇ ਪਤਨ ਜਾਂ ਅਧਰਮ ਦੇ ਬੋਲਬਾਲੇ ਦਾ ਮੁੱਖ ਕਾਰਨ ਲੋਕਾਂ ਦੀ ਗੁਲਾਮ ਮਾਨਸਿਕਤਾ ਹੈ। ਉਨ੍ਹਾਂ ਦੁਆਰਾ ਧਰਮ ਯੁੱਧ ਕਰਨ ਦਾ ਮਨੋਰਥ ਲੋਕਾਂ ਨਾਲ ਹੋ ਰਹੇ ਜਬਰ-ਜ਼ੁਲਮ ਤੇ ਧੱਕੇਸ਼ਾਹੀ ਨੂੰ ਰੋਕਣਾ ਸੀ। ਧਰਮ ਦੀ ਸਥਾਪਨਾ, ਨੇਕ-ਜਨਾਂ ਦੀ ਰੱਖਿਆ ਅਤੇ ਦੁਸ਼ਟਾਂ ਦੇ ਨਾਸ਼ ਕਰਨ ਦੇ ਆਪਣੇ ਜੀਵਨ-ਉਦੇਸ਼ ਨੂੰ ਆਪ 'ਬਚਿਤ੍ਰ ਨਾਟਕ' ਵਿੱਚ ਭਲੀ-ਭਾਂਤ ਸਪੱਸ਼ਟ ਕਰਦੇ ਹਨ:

ਹਮ ਇਹ ਕਾਜ ਜਗਤ ਮੋ ਆਏ ॥
ਧਰਮ ਹੇਤ ਗੁਰਦੇਵ ਪਠਾਏ ॥
ਜਹਾਂ ਤਹਾਂ ਤੁਮ ਧਰਮ ਬਿਥਾਰੋ ॥
ਦੁਸਟ ਦੋਖੀਅਨਿ ਪਕਰਿ ਪਛਾਰੋ ॥42 ॥...
ਯਾਹੀ ਕਾਜ ਧਰਾ ਹਮ ਜਨਮੰ ॥
ਸਮਝ ਲੇਹੁ ਸਾਧੂ ਸਭ ਮਨ ਮੰ ॥
...ਧਰਮ ਚਲਾਵਨ ਸੰਤ ਉਬਾਰਨ ॥
ਦੁਸਟ ਸਭਨ ਕੋ ਮੂਲ ਉਪਾਰਨ ॥

ਧਰਮ ਦੀ ਬਹਾਲੀ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਗੁਰੂ-ਪਿਤਾ, ਗੁਰੂ ਤੇਗ ਬਹਾਦਰ ਜੀ ਨੇ ਸ਼ਹਾਦਤ ਦਿੱਤੀ। ਦਸਮੇਸ਼ ਪਿਤਾ ਜੀ ਨੇ ਅਖੌਤੀ ਧਾਰਮਿਕ ਲੋਕਾਂ ਵੱਲੋਂ ਕੀਤੇ ਜਾ ਰਹੇ ਪਖੰਡਾਂ ਦਾ ਖ਼ੂਬ ਪਾਜ ਉਘੇੜਿਆ। ਆਪਣੀ ਬਾਣੀ ਵਿੱਚ ਉਨ੍ਹਾਂ ਨੇ ਇਨ੍ਹਾਂ ਪਖੰਡਾਂ ਅਤੇ ਕਰਮਕਾਂਡਾਂ ਦੀ ਨਿਖੇਧੀ ਕਰਦਿਆਂ ਲੋਕਾਂ ਨੂੰ ਸੱਚੇ-ਸੁੱਚੇ ਜੀਵਨ ਦੇ ਧਾਰਨੀ ਹੋਣ ਲਈ ਪ੍ਰੇਰਿਆ। ਕਹਿਣ ਤੋਂ ਭਾਵ ਗੁਰੂ ਜੀ ਨੇ ਪ੍ਰਚਲਿਤ ਅਖੌਤੀ ਧਾਰਮਿਕ ਵਿਸ਼ਵਾਸਾਂ ਦਾ ਖੰਡਨ ਬੇਖੌਫ਼ ਹੋ ਕੇ ਕੀਤਾ ਅਤੇ ਲੋਕਾਂ ਨੂੰ 'ਸੱਚ' ਮਾਰਗ ਦੇ ਧਾਰਨੀ ਹੋਣ ਲਈ ਪ੍ਰੇਰਿਆ।

ਅਜੋਕੀ ਦੁਨੀਆ ਮਨੁੱਖੀ ਅਧਿਕਾਰਾਂ ਅਤੇ ਮਨੁੱਖੀ ਸਤਿਕਾਰ ਦੀ ਬਹਾਲੀ ਲਈ ਤਰਲੇ ਲੈ ਰਹੀ ਹੈ। ਪਰ ਧੰਨ ਹਨ ਗੁਰੂ ਗੋਬਿੰਦ ਸਿੰਘ ਜੀ, ਜਿਨ੍ਹਾਂ ਨੇ ਅੱਜ ਤੋਂ ਸਦੀਆਂ ਪਹਿਲਾਂ ਇਹ ਐਲਾਨ ਕਰ ਦਿੱਤਾ ਸੀ ਕਿ ਸਮੁੱਚੀ ਮਨੁੱਖਤਾ ਵਿੱਚ ਇੱਕ ਅਕਾਲ ਪੁਰਖ ਦੀ ਜੋਤਿ ਕੰਮ ਕਰ ਰਹੀ ਹੈ, ਸਾਰੇ ਇਕੋ ਮਿੱਟੀ ਦੇ ਬਣੇ ਹੋਏ ਹਨ, ਇਸ ਲਈ ਹਿੰਦੂ, ਮੁਸਲਮਾਨ, ਜੋਗੀ ਆਦਿ ਫ਼ਿਰਕੂ ਵੰਡੀਆਂ ਦੇ ਆਧਾਰ 'ਤੇ ਮਨੁੱਖਤਾ ਨੂੰ ਵੰਡਣਾ ਜਾਇਜ਼ ਨਹੀਂ। ਇਸ ਲਈ ਮਾਨਵਤਾ ਨੂੰ ਇੱਕ ਇਕਾਈ ਮੰਨਦਿਆਂ ਹੋਇਆਂ ਸਭ ਨੂੰ ਉਸੇ ਦਾ ਸਰੂਪ ਸਮਝਣਾ ਚਾਹੀਦਾ ਹੈ:

ਕੋਊ ਭਇਓ ਮੁੰਡੀਆ ਸੰਨਿਆਸੀ ਕੋਊ ਜੋਗੀ ਭਇਓ
ਕੋਊ ਬ੍ਰਹਮਚਾਰੀ ਕੋਊ ਜਤੀ ਅਨੁਮਾਨਬੋ ॥
ਹਿੰਦੂ ਤੁਰਕ ਕੋਊ ਰਾਫ਼ਜੀ ਇਮਾਮ ਸਾਫ਼ੀ
ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ ॥
ਕਰਤਾ ਕਰੀਮ ਸੋਈ ਰਾਜਕ ਰਹੀਮ ਓਈ
ਦੂਸਰੋ ਨ ਭੇਦ ਕੋਈ ਭੂਲ ਭ੍ਰਮ ਮਾਨਬੋ ॥
ਏਕ ਹੀ ਕੀ ਸੇਵ ਸਭ ਹੀ ਕੋ ਗੁਰਦੇਵ ਏਕ
ਏਕ ਹੀ ਸਰੂਪ ਸਬੈ ਏਕੈ ਜੋਤ ਜਾਨਬੋ ॥15 ॥85 ॥

ਸਭ ਤੋਂ ਇਨਕਲਾਬੀ ਗੱਲ ਗੁਰੂ ਸਾਹਿਬ ਨੇ ਇਹ ਕੀਤੀ ਕਿ ਉਨ੍ਹਾਂ ਦੱਬੇ-ਕੁਚਲੇ, ਲਿਤਾੜੇ ਹੋਏ ਲੋਕਾਂ, ਗਰੀਬ ਕਿਰਤੀਆਂ ਤੇ ਨਿਤਾਣਿਆਂ ਨੂੰ ਗਲ ਨਾਲ ਲਾਇਆ। ਸਦੀਆਂ ਤੋਂ ਗੁਲਾਮੀ ਅਤੇ ਜਹਾਲਤ ਦੀ ਜ਼ਿੰਦਗੀ ਜੀਅ ਰਹੇ ਲੋਕਾਂ ਵਿੱਚ ਅਣਖ ਅਤੇ ਸਵੈਮਾਨ ਦੀ ਭਾਵਨਾ ਨੂੰ ਜਗਾ ਦਿੱਤਾ। ਇਹੀ ਲੋਕ ਗੁਰੂ-ਕਿਰਪਾ ਦੇ ਪਾਤਰ ਬਣ ਕੇ ਖ਼ਾਲਸਾ ਸਜੇ ਅਤੇ ਗੁਰੂ-ਨਜ਼ਰਾਂ ਵਿੱਚ ਪ੍ਰਵਾਨ ਚੜ੍ਹੇ। ਦੁਨੀਆ ਦੇ ਇਤਿਹਾਸ ਵਿੱਚ ਇਹ ਇੱਕ ਵੱਡਾ ਇਨਕਲਾਬ ਮੰਨਿਆ ਜਾਵੇਗਾ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਪੈਰੋਕਾਰਾਂ ਨੂੰ ਆਪਣੇ ਬਰਾਬਰ ਗੁਰੂ ਦਾ ਦਰਜਾ ਦਿੱਤਾ। ਦੁਨੀਆਂ ਦੇ ਕਿਸੇ ਵੀ ਧਾਰਮਿਕ ਰਹਿਬਰ ਨੇ ਆਪਣੇ ਪੈਰੋਕਾਰਾਂ ਨੂੰ ਬਰਾਬਰੀ ਦਾ ਰੁਤਬਾ ਨਹੀਂ ਦਿੱਤਾ। ਪਰ ਦਸਮ-ਪਿਤਾ ਧੰਨ ਹਨ, ਜਿਨ੍ਹਾਂ 'ਖਾਲਸੇ' ਨੂੰ ਆਪਣਾ ਖਾਸ ਰੂਪ ਦੱਸ ਕੇ ਬਰਾਬਰਤਾ ਹੀ ਨਹੀਂ ਦਿੱਤੀ ਬਲਕਿ ਆਪਣਾ ਗੁਰੂ ਵੀ ਸਵੀਕਾਰ ਕੀਤਾ। ਇਹ ਇੱਕ ਇਤਿਹਾਸਕ ਸੱਚਾਈ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਪ੍ਰਗਟ ਕਰ ਕੇ ਗੁਰ ਦੀਖਿਆ ਦਾ ਅਧਿਕਾਰ ਵੀ 'ਗੁਰੂ-ਪੰਥ' ਨੂੰ ਸੌਂਪ ਦਿੱਤਾ। ਆਪ ਖ਼ਾਲਸੇ ਨੂੰ ਆਪਣਾ ਰੂਪ ਅਤੇ 'ਗੁਰੂ' ਸਵੀਕਾਰ ਕਰਦੇ ਹੋਏ ਫ਼ੁਰਮਾਉਂਦੇ ਹਨ:

ਖਾਲਸਾ ਮੇਰੋ ਰੂਪ ਹੈ ਖਾਸ।
ਖਾਲਸੇ ਮੈ ਹਉ ਕਰਉ ਨਿਵਾਸ।.....
ਖਾਲਸਾ ਮੇਰੋ ਸਤਿਗੁਰ ਪੂਰਾ।
ਖਾਲਸਾ ਮੇਰੋ ਸਜਣ ਸੂਰਾ।

ਦੁਨੀਆਂ ਦੇ ਹੋਰਨਾਂ ਧਾਰਮਿਕ ਰਹਿਬਰਾਂ ਦੀ ਤਰ੍ਹਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਆਪ ਨੂੰ ਪਰਮਾਤਮਾ ਨਹੀਂ ਅਖਵਾਇਆ, ਆਪਣਾ ਨਾਮ ਨਹੀਂ ਜਪਾਇਆ ਅਤੇ ਨਾ ਹੀ ਆਪਣੇ ਨਾਮ ਦਾ ਧਰਮ ਚਲਾਇਆ। ਆਪਣੇ-ਆਪ ਨੂੰ ਅਕਾਲ ਪੁਰਖ, ਵਾਹਿਗੁਰੂ ਦਾ ਦਾਸ, ਸੇਵਕ ਦੱਸਦਿਆਂ, ਉਨ੍ਹਾਂ ਬੜੀ ਸਖ਼ਤ ਹਦਾਇਤ ਕੀਤੀ ਕਿ ਮੈਨੂੰ ਪਰਮਾਤਮਾ ਨਹੀਂ ਸਮਝਣਾ:

ਜੋ ਹਮ ਕੋ ਪਰਮੇਸਰ ਉਚਿਰਹੈਂ ॥
ਤੇ ਸਭ ਨਰਕ ਕੁੰਡ ਮਹਿ ਪਰਿਹੈਂ ॥
ਮੋ ਕੌ ਦਾਸ ਤਵਨ ਕਾ ਜਾਨੋ ॥
ਯਾ ਮੈ ਭੇਦ ਨ ਰੰਚ ਪਛਾਨੋ ॥32 ॥
(ਬਚਿਤ੍ਰ ਨਾਟਕ)


ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕੇਵਲ 42 ਸਾਲ ਦੀ ਉਮਰ 'ਚ ਹਕੂਮਤੀ ਜਬਰ-ਜ਼ੁਲਮ ਦੇ ਨਾਲ 14 ਜੰਗਾਂ ਲੜੀਆਂ ਪਰ ਇੰਚ ਭਰ ਵੀ ਜ਼ਮੀਨ 'ਤੇ ਕਬਜ਼ਾ ਨਹੀਂ ਕੀਤਾ। ਇਨ੍ਹਾਂ ਜੰਗਾਂ ਦੌਰਾਨ ਹੀ ਵੱਡੇ ਸਾਹਿਬਜ਼ਾਦੇ, ਛੋਟੇ ਸਾਹਿਬਜ਼ਾਦੇ, ਮਾਤਾ ਗੁਜਰੀ ਜੀ, ਗੁਰੂ-ਪਿਆਰੇ ਗੁਰਸਿੱਖ ਸ਼ਹੀਦ ਹੋਏ। ਚਮਕੌਰ ਦੀ ਜੰਗ ਉਪਰੰਤ ਨੰਗੇ ਪੈਰੀਂ ਮਾਛੀਵਾੜੇ ਦੇ ਜੰਗਲਾਂ 'ਚ ਅਕਾਲ-ਪੁਰਖ ਰੂਪੀ ਮਿੱਤਰ-ਪਿਆਰੇ ਨੂੰ ਹਾਲ ਮੁਰੀਦਾਂ ਦਾ ਸੁਣਾ, ਦੀਨੇ ਕਾਂਗੜ ਦੀ ਧਰਤੀ ਤੋਂ ਸਮੇਂ ਦੇ ਬਾਦਸ਼ਾਹ ਨੂੰ ਜ਼ਫ਼ਰਨਾਮਾ ਲਿਖ ਕੇ ਸਮੇਂ ਦੇ ਸੱਚ ਤੋਂ ਜਾਣੂ ਕਰਵਾਇਆ। ਤਖ਼ਤ, ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਦੀ ਧਰਤ ਸੁਹਾਵੀ 'ਤੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਗੁਰੂ-ਪਿਤਾ, ਗੁਰੂ ਤੇਗ ਬਹਾਦਰ ਦੀ ਬਾਣੀ ਅੰਕਿਤ ਕਰ ਸੰਪੂਰਨਤਾ ਬਖਸ਼ੀ। ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਚਲ ਨਗਰ 'ਚ ਸੰਸਾਰਿਕ ਯਾਤਰਾ ਸੰਪੂਰਨ ਕਰਨ ਤੋਂ ਪਹਿਲਾਂ ਸ਼ਬਦ ਗੁਰੂ, ਗੁਰੂ ਗ੍ਰੰਥ ਸਾਹਿਬ ਨੂੰ ਹਮੇਸ਼ਾ ਵਾਸਤੇ ਗੁਰਤਾ ਗੱਦੀ 'ਤੇ ਬਿਰਾਜਮਾਨ ਕਰ, ਵਿਅਕਤੀ ਗੁਰੂ ਦੀ ਪਰੰਪਰਾ ਨੂੰ ਸਦਾ ਲਈ ਸਮਾਪਤ ਕਰ, ਗੁਰਸਿੱਖਾਂ ਸੇਵਕਾਂ ਨੂੰ ਹੁਕਮ ਕੀਤਾ:

ਆਗਿਆ ਭਈ ਅਕਾਲ ਕੀ ਤਬੈ ਚਲਾਯੋ ਪੰਥ।
ਸਬ ਸਿੱਖਨ ਕੋ ਹੁਕਮ ਹੈ ਗੁਰੂ ਮਾਨੀਓ ਗ੍ਰੰਥ।

ਸੰਖੇਪ ਵਿੱਚ ਜੇਕਰ ਦੇਖਿਆ ਜਾਵੇ ਤਾਂ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਮੁੱਚਾ ਜੀਵਨ ਸੰਘਰਸ਼ਮਈ, ਚੜ੍ਹਦੀ ਕਲਾ ਵਾਲਾ, ਇਨਕਲਾਬੀ, ਇਤਿਹਾਸਕ ਕੀਰਤੀਮਾਨ ਸਥਾਪਤ ਕਰਦਿਆਂ ਬਸਰ ਕੀਤਾ। ਇਸ ਤਰ੍ਹਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸੰਸਾਰ ਦੇ ਇਤਿਹਾਸ ਵਿੱਚ ਇੱਕ ਇਨਕਲਾਬੀ ਰਹਿਬਰ ਹੋਏ ਹਨ, ਜਿਨ੍ਹਾਂ ਨੇ ਲੋਕਾਂ ਦੀ ਜ਼ਿੰਦਗੀ ਵਿੱਚ ਇਨਕਲਾਬੀ ਤੇ ਇਤਿਹਾਸਕ ਤਬਦੀਲੀ ਲਿਆਂਦੀ।

# ਭਾਈ ਨੰਦ ਲਾਲ ਅਨੁਸਾਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਮਹਾਨਤਾ

ਦੀਦਾਰ ਸਿੰਘ ਦਾਨਿਆਂਵਾਲ



ਭਾਈ ਨੰਦ ਲਾਲ ਅਧਿਆਤਮਕ ਅਵਸਥਾ ਦੇ ਮਾਲਕ, ਰੂਹਾਨੀਅਤ ਦੇ ਮੁਜੱਸਮੇ ਅਤੇ ਉੱਚ ਕੋਟੀ ਦੇ ਵਿਦਵਾਨ ਸਨ। ਉਹ ਸੰਸਕ੍ਰਿਤ, ਅਰਬੀ, ਫ਼ਾਰਸੀ, ਪੰਜਾਬੀ ਅਤੇ ਬ੍ਰਿਜ ਭਾਸ਼ਾ ਦੇ ਮਹਾਨ ਗਿਆਨੀ ਸਨ। ਉਨ੍ਹਾਂ ਦੇ ਪਿਤਾ ਦੇ ਮੁਗ਼ਲ ਖਾਨਦਾਨ ਨਾਲ ਚੰਗੇ ਸਬੰਧ ਸਨ। ਇਸ ਕਰਕੇ ਉਨ੍ਹਾਂ ਦੇ ਵਿਦਵਤਾ ਭਰਪੂਰ ਹੋਣ ਕਰਕੇ ਉਨ੍ਹਾਂ ਨੂੰ ਔਰੰਗਜ਼ੇਬ ਦੇ ਪੁੱਤਰ ਬਹਾਦਰ ਸ਼ਾਹ ਦੇ ਅਧਿਆਪਕ ਵਜੋਂ ਨਿਯੁਕਤ ਕੀਤਾ ਗਿਆ। ਭਾਈ ਨੰਦ ਲਾਲ ਨੂੰ ਗੁਰੂ ਗੋਬਿੰਦ ਸਿੰਘ ਦੇ ਦਰਬਾਰੀ ਕਵੀ ਹੋਣ ਦਾ ਮਾਣ ਪ੍ਰਾਪਤ ਹੈ। ਗੁਰੂ ਸਾਹਿਬ ਦੇ ਦਰਬਾਰ ਦੇ 52 ਕਵੀਆਂ 'ਚੋਂ ਸਿਰਫ਼ ਭਾਈ ਨੰਦ ਲਾਲ ਹੀ ਐਸੇ ਕਵੀ ਹਨ, ਜਿਨ੍ਹਾਂ ਦੀਆਂ ਰਚਨਾਵਾਂ ਨੂੰ ਕੀਰਤਨ ਰੂਪ ਵਿੱਚ ਗਾਇਆ ਜਾਂਦਾ ਹੈ। ਭਾਈ ਨੰਦ ਲਾਲ ਦੀਆਂ ਰਚਨਾਵਾਂ ਵਿੱਚੋਂ ਗੁਰੂ ਗੋਬਿੰਦ ਸਿੰਘ ਦੀ ਬਹੁ-ਪੱਖੀ ਸ਼ਖ਼ਸੀਅਤ ਉੱਘੜ ਕੇ ਸਾਹਮਣੇ ਆਉਂਦੀ ਹੈ। ਗੁਰੂ ਗੋਬਿੰਦ ਸਿੰਘ ਨੀਤੀਵਾਨ ਆਗੂ, ਜਰਨੈਲ, ਤੇਗ ਦੇ ਧਨੀ, ਰਮਜ਼ੀ ਅਤੇ ਹੋਰ ਬੇਅੰਤ ਗੁਣਾਂ ਦੇ ਧਾਰਨੀ ਸਨ। ਭਾਈ ਨੰਦ ਲਾਲ ਦੀ ਫ਼ਾਰਸੀ ਰਚਨਾ 'ਗੰਜਨਾਮਾ' ਵਿੱਚ ਗੁਰੂ ਨਾਨਕ ਦੇਵ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਤੱਕ ਦਸ ਗੁਰੂ ਸਾਹਿਬਾਨ ਦੀ ਉਸਤਤਿ ਵਾਰਤਕ ਅਤੇ ਕਾਵਿ ਵਿੱਚ ਅਥਾਹ ਸ਼ਰਧਾ ਅਤੇ ਪ੍ਰੇਮ ਨਾਲ ਕੀਤੀ ਗਈ ਹੈ। ਸਿੱਖ ਧਰਮ ਵਿੱਚ ਜੋਤਿ ਅਤੇ ਜੁਗਤ ਦਾ ਬੁਨਿਆਦੀ ਸਿਧਾਂਤ ਅਤਿ ਮਹੱਤਵਪੂਰਨ ਹੈ। ਭਾਈ ਨੰਦ ਲਾਲ ਇਸ ਸਿਧਾਂਤ ਨੂੰ ਪੇਸ਼ ਕਰਦੇ ਹੋਏ ਲਿਖਦੇ ਹਨ ਕਿ ਗੁਰੂ ਨਾਨਕ ਦੇਵ ਦੀ ਜੋਤਿ ਹੀ ਦਸ ਪਾਤਸ਼ਾਹੀਆਂ 'ਚ ਪ੍ਰਕਾਸ਼ਮਾਨ ਹੋਈ ਅਤੇ ਸਮੁੱਚੀ ਮਨੁੱਖਤਾ ਅੰਦਰ ਸੱਚ ਦਾ ਪ੍ਰਕਾਸ਼ ਕੀਤਾ।

ਹਮੂ ਗੁਰੂ ਗੋਬਿੰਦ ਸਿੰਘ ਹਮੂ ਨਾਨਕ ਅਸਤ
ਹਮਾ ਸਬਦਿ ਊ ਜੌਹਰੋ ਮਾਨਕ ਅਸਤ ॥

ਭਾਈ ਨੰਦ ਲਾਲ, ਗੁਰੂ ਸਾਹਿਬ ਨੂੰ ਦੋਹਾਂ ਜਹਾਨਾਂ ਦਾ ਬਾਦਸ਼ਾਹ ਕਹਿ ਕੇ ਸੰਬੋਧਨ ਕਰਦੇ ਹਨ ਅਤੇ ਦੱਸਦੇ ਹਨ ਕਿ ਸਮੁੱਚਾ ਸੰਸਾਰ, ਤਿੰਨੇ ਲੋਕ ਅਤੇ ਚਾਰੇ ਖਾਣੀਆਂ ਗੁਰੂ ਜੀ ਦੇ ਹੁਕਮ ਅੰਦਰ ਕਾਰਜਸ਼ੀਲ ਹਨ।

ਬਰ ਦੋ ਆਲਮ ਸ਼ਾਹ ਗੁਰੂ ਗੋਬਿੰਦ ਸਿੰਘ
ਖ਼ਸਮ ਰਾ ਜਾਂ-ਕਾਹ ਗੁਰ ਗੋਬਿੰਦ ਸਿੰਘ ॥108 ॥
ਸੁਲਸ ਹਮ ਮਹਿਕੂਮਿ ਗੁਰ ਗਬਿੰਦ ਸਿੰਘ
ਰੁੱਬਅ ਹਮ ਮਖ਼ਤੂਮਿ ਗੁਰੂ ਗੋਬਿੰਦ ਸਿੰਘ ॥122 ॥

ਗੁਰੂ ਗੋਬਿੰਦ ਸਿੰਘ ਨੂੰ ਭਾਈ ਨੰਦ ਲਾਲ ਨੇ ਇੱਕ ਵੈਦ ਦੇ ਰੂਪ ਵਿੱਚ ਵੀ ਪੇਸ਼ ਕੀਤਾ ਹੈ। ਗੁਰੂ ਸਾਹਿਬ ਸਮੁੱਚੀ ਕਾਇਨਾਤ ਦੇ ਦੁੱਖ ਦੂਰ ਕਰਨ ਵਾਲੇ ਹਨ। ਗੁਰੂ ਗੋਬਿੰਦ ਸਿੰਘ ਦੀਨਾਂ ਅਤੇ ਨਿਆਸਰਿਆਂ ਦਾ ਆਸਰਾ ਹਨ, ਜੋ ਵੀ ਗੁਰੂ ਸਾਹਿਬ ਦੀ ਸ਼ਰਨ ਵਿੱਚ ਆਸ ਦੀ ਕਿਰਨ ਲੈ ਕੇ ਆਉਂਦਾ ਹੈ, ਉਹ ਕਦੇ ਵੀ ਇਸ ਦਰ ਤੋਂ ਨਿਰਾਸ਼ ਨਹੀਂ ਜਾਂਦਾ।

ਕਾਦਿਰਿ ਹਰ ਕਾਰ ਗੁਰ ਗੋਬਿੰਦ ਸਿੰਘ
ਬੇਕਸਾਂ-ਰਾ ਯਾਰ ਗੁਰ ਗੋਬਿੰਦ ਸਿੰਘ ॥136 ॥

ਭਾਈ ਨੰਦ ਲਾਲ ਆਪਣੀਆਂ ਰਚਨਾਵਾਂ ਵਿੱਚ ਦੱਸਦੇ ਹਨ ਕਿ ਗੁਰੂ ਗੋਬਿੰਦ ਸਿੰਘ ਨਿਰਵੈਰਤਾ ਵਾਲੇ ਗੁਣ ਨਾਲ ਭਰਪੂਰ ਹਨ ਕਿਉਂਕਿ ਉਨ੍ਹਾਂ ਦਾ ਦਿਲ ਸਾਫ਼ ਅਤੇ ਵੈਰ ਭਾਵ ਤੋਂ ਬਿਲਕੁਲ ਖਾਲੀ ਹੈ। ਗੁਰੂ ਸਾਹਿਬ ਨੇ ਆਪਣੇ ਜੀਵਨ-ਕਾਲ ਵਿੱਚ 14 ਜੰਗਾਂ ਲੜੀਆਂ। ਗੁਰੂ ਜੀ ਦਾ ਕਿਸੇ ਨਾਲ ਵੀ ਕਿਸੇ ਕਿਸਮ ਦਾ ਨਿੱਜੀ ਵੈਰ ਨਹੀਂ ਸੀ, ਉਹ ਕੇਵਲ ਜ਼ੁਲਮ ਦੇ ਖ਼ਿਲਾਫ਼ ਸਨ। ਭਾਈ ਨੰਦ ਲਾਲ ਨੇ ਗੁਰੂ ਸਾਹਿਬ ਨੂੰ ਨਿਰਵੈਰਤਾ ਦੀ ਮੂਰਤ ਅਤੇ ਸੱਚ ਦੇ ਸ਼ੀਸ਼ੇ ਦੱਸਿਆ ਹੈ।

ਖਾਲਿਸੋ ਬੇ-ਕੀਨਾ ਗੁਰ ਗੋਬਿੰਦ ਸਿੰਘ
ਹੱਕ ਹੱਕ ਆਈਨਾ ਗੁਰ ਗੋਬਿੰਦ ਸਿੰਘ ॥124 ॥

ਗੁਰੂ ਗੋਬਿੰਦ ਸਿੰਘ ਉੱਚ ਕੋਟੀ ਦੇ ਜੰਗੀ ਜਰਨੈਲ, ਸੂਰਬੀਰ ਯੋਧੇ ਅਤੇ ਨਿਡਰਤਾ ਭਰਪੂਰ ਸਨ। ਭਾਈ ਨੰਦ ਲਾਲ ਗੁਰੂ ਗੋਬਿੰਦ ਸਿੰਘ ਜੀ ਨੂੰ ਤੇਗ ਦੇ ਮਹਾਨ ਧਨੀ ਦੱਸਦੇ ਹਨ। ਜੰਗੀ ਕਾਲ ਦੌਰਾਨ ਗੁਰੂ ਗੋਬਿੰਦ ਜੀ ਨੇ ਤੇਗ ਦੇ ਅਸਚਰਜ ਕੌਤਕ ਦਿਖਾਏ।

ਤੇਗ ਰਾ ਫ਼ੱਤਾਹ ਗੁਰ ਗੋਬਿੰਦ ਸਿੰਘ
ਜਾਨੋ ਦਿਲ ਰਾ ਰਾਹ ਗੁਰ ਗੋਬਿੰਦ ਸਿੰਘ ॥114 ॥

ਇਸ ਤਰ੍ਹਾਂ ਭਾਈ ਨੰਦ ਲਾਲ ਨੇ ਆਪਣੀਆਂ ਰਚਨਾਵਾਂ ਵਿੱਚ ਗੁਰੂ ਗੋਬਿੰਦ ਸਿੰਘ ਦੀ ਬਹੁ-ਪੱਖੀ ਸ਼ਖ਼ਸੀਅਤ ਨੂੰ ਉਭਾਰਿਆ ਹੈ।

# ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਗੁਰਮਤਿ ਸੰਗੀਤ ਨੂੰ ਦੇਣ

ਅਜੈਪਾਲ ਸਿੰਘ

ਸਿੱਖਾਂ ਦੇ ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਲਾਸਾਨੀ ਪ੍ਰਤਿਭਾ ਦੇ ਮਾਲਕ ਸਨ। ਆਪ ਸਾਹਿਤ ਅਤੇ ਸੰਗੀਤ ਦੇ ਮਹਾਨ ਗਿਆਤਾ ਸਨ ਅਤੇ ਬ੍ਰਿਜ ਭਾਸ਼ਾ, ਫ਼ਾਰਸੀ ਅਤੇ ਹਿੰਦੀ ਆਦਿ ਭਾਸ਼ਾਵਾਂ ਦੇ ਮਹਾਨ ਕਵੀ ਸਨ। ਏਨਾ ਹੀ ਨਹੀਂ ਆਪ ਇੱਕ ਸੂਰਬੀਰ ਯੋਧਾ ਅਤੇ ਚੰਗੇ ਸੰਗੀਤਕਾਰ ਸਨ। ਆਪਣੇ 42 ਸਾਲਾਂ ਦੇ ਜੀਵਨ ਵਿੱਚ ਆਪ ਨੇ ਜਿਥੇ ਸਿੱਖ ਕੌਮ ਨੂੰ ਨਵੀਂ ਸੇਧ ਦਿੱਤੀ ਉਥੇ ਆਪ ਜੀ ਦਾ ਗੁਰਮਤਿ ਸੰਗੀਤ ਦੇ ਖੇਤਰ ਵਿੱਚ ਵੀ ਮਹਾਨ ਯੋਗਦਾਨ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਨੂੰ ਦਰਜ ਕਰਨਾ- ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਗੁਰੂ ਅਰਜਨ ਦੇਵ ਜੀ ਦੇ ਸਮੇਂ ਹੀ ਹੋ ਗਈ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸਮੇਂ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਕਰਵਾਇਆ। ਇਹ ਕਾਰਜ ਦਮਦਮਾ ਸਾਹਿਬ ਵਿੱਚ ਰਹਿ ਕੇ ਆਪ ਜੀ ਨੇ ਭਾਈ ਮਨੀ ਸਿੰਘ ਜੀ ਕੋਲੋਂ ਕਰਵਾਇਆ।

ਦਸਮ ਗ੍ਰੰਥ ਦੀ ਰਚਨਾ- ਗੁਰੂ ਜੀ ਬ੍ਰਿਜ ਭਾਸ਼ਾ, ਫ਼ਾਰਸੀ ਅਤੇ ਹਿੰਦੀ ਆਦਿ ਭਾਸ਼ਾਵਾਂ ਦੇ ਮਹਾਨ ਕਵੀ ਸਨ। ਉਨ੍ਹਾਂ ਦੇ ਦਰਬਾਰ ਵਿੱਚ 52 ਕਵੀ ਸਨ। ਗੁਰੂ ਜੀ ਨੇ ਆਪਣੀਆਂ ਅਤੇ ਇਨ੍ਹਾਂ ਕਵੀਆਂ ਦੀਆਂ ਰਚਨਾਵਾਂ ਦਾ ਸੰਕਲਨ ਦਸਮ ਗ੍ਰੰਥ ਦੇ ਰੂਪ ਵਿੱਚ ਕਰਵਾਇਆ। ਇਸ ਨੂੰ ਲਿਖਣ ਦਾ ਮਹਾਨ ਕਾਰਜ ਭਾਈ ਮਨੀ ਸਿੰਘ ਜੀ ਨੇ ਕੀਤਾ। ਰਾਜਨੀਤਕ ਹਾਲਾਤ ਤੋਂ ਪ੍ਰਭਾਵਿਤ ਹੋ ਕੇ ਗੁਰੂ ਜੀ ਨੇ ਬੀਰ ਰਸ ਭਰਪੂਰ ਕਾਵਿ ਰਚਿਆ। ਇਨ੍ਹਾਂ ਦੁਆਰਾ ਰਚਿਤ ਬੀਰ ਕਾਵਿ ਪੰਜਾਬੀ ਸਾਹਿਤ ਦਾ ਉੱਤਮ ਨਮੂਨਾ ਹੈ। ਇਨ੍ਹਾਂ ਦੇ ਦਰਬਾਰੀ ਕਵੀ ਵੀ ਇਨ੍ਹਾਂ ਦੀਆਂ ਪਾਈਆਂ ਲੀਹਾਂ ਦੇ ਅਨੁਸਾਰ ਹੀ ਕਵਿਤਾ ਰਚਦੇ ਸਨ। ਦਸਮ ਗ੍ਰੰਥ 1428 ਪੰਨਿਆਂ ਦਾ ਇੱਕ ਵਿਸ਼ਾਲ ਆਕਾਰ ਦਾ ਗ੍ਰੰਥ ਹੈ।

ਸੰਗੀਤਕ ਸ਼ਬਦਾਵਲੀ ਦਾ ਪ੍ਰਯੋਗ- ਦਸਮ ਗ੍ਰੰਥ ਦੀਆਂ ਰਚਨਾਵਾਂ ਦੇ ਅਧਿਐਨ ਤੋਂ ਸਪੱਸ਼ਟ ਹੁੰਦਾ ਹੈ ਕਿ ਗੁਰੂ ਜੀ ਜਿਥੇ ਮਹਾਨ ਧਾਰਮਿਕ ਆਗੂ ਸਨ, ਉਥੇ ਅਦੁੱਤੀ ਕਵੀ ਅਤੇ ਸੰਗੀਤ ਦੇ ਗਿਆਤਾ ਵੀ ਸਨ। ਗੁਰੂ ਜੀ ਦੀ ਮਹਾਨ ਬਾਣੀ ਵਿਚੋਂ ਸੰਗੀਤ ਪ੍ਰਤੀ ਉਨ੍ਹਾਂ ਦੀ ਸੂਖਮ ਸੂਝ ਦਾ ਗਿਆਨ ਮਿਲਦਾ ਹੈ। ਇਨ੍ਹਾਂ ਦੀਆਂ ਰਚਨਾਵਾਂ ਵਿਚ ਢੋਲ, ਮ੍ਰਿਦੰਗ, ਨਗਾਰੇ, ਸੰਖ, ਤਾਲ, ਗੀਤ, ਤਾਨ, ਤਰੰਗ ਆਦਿ ਸੰਗੀਤਕ ਸ਼ਬਦਾਵਲੀ ਦਾ ਪ੍ਰਯੋਗ ਮਿਲਦਾ ਹੈ। ਦਸਮ ਗ੍ਰੰਥ ਵਿਚ ਜਾਪੁ ਸਾਹਿਬ ਬਾਣੀ ਵਿਚ ਭੁਜੰਗ ਪ੍ਰਯਾਤਛੰਦ ਵਿਚ ਸੰਗੀਤ ਦੀ ਸ਼ਬਦਾਵਲੀ ਗਾਇਨ, ਵਾਦਨ, ਨ੍ਰਿਤ, ਨਾਦ ਅਤੇ ਤਾਨਾਂ ਨੂੰ ਏਨੀ ਗਹਿਰਾਈ ਨਾਲ ਉਸ ਅਕਾਲ ਪੁਰਖ ਦੀ ਉਸਤਤਿ ਲਈ ਪਯੋਗ ਕੀਤਾ ਹੈ। ਜਿਵੇਂ-

ਨਮੋ ਗੀਤ ਗੀਤੇ ॥ ਨਮੋ ਤਾਨ ਤਾਨੇ ॥47 ॥
ਨਮੋ ਨ੍ਰਿਤ ਨ੍ਰਿਤੇ ॥ ਨਮੋ ਨਾਦ ਨਾਦੇ ॥
ਨਮੋ ਪਾਨ ਪਾਨੇ ॥ ਨਮੋ ਬਾਦ ਬਾਦੇ ॥48 ॥

ਚੰਡੀ ਚਰਿਤਰ ਵਿਚ ਪ੍ਰਭੂ ਉਸਤਤਿ ਲਈ ਰਚਿਤ ਬਾਣੀ ਵਿਚ ਅਨੇਕ ਵਾਦਿਆਂ ਦਾ ਉਲੇਖ ਮਿਲਦਾ ਹੈ ਜਿਵੇਂ-

ਝਾਲਰ ਤਾਲ ਮ੍ਰਿਦੰਗ ਉਪੰਗ
ਰਬਾਬ ਲੀਏ ਸੁਰ ਸਾਜ ਮਿਲਾਵੈ ॥

ਸੰਗੀਤ ਵਾਦਿਆਂ ਦੀਆਂ ਭਿੰਨ-ਭਿੰਨ ਕਿਸਮਾਂ ਦੀ ਜਾਣਕਾਰੀ ਹੇਠ ਲਿਖੀਆਂ ਤੁਕਾਂ ਤੋਂ ਮਿਲਦੀ ਹੈ।

ਤਤ ਬਿਦ ਘਨ ਸੁਖ ਰਸ ਬਾਜੈ ॥
ਸੁਨ ਮਨ ਰਾਗ ਗੁਨਿ ਗਾਨ ਲਾਜੈ ॥

ਵੱਖ-ਵੱਖ ਗਾਇਨ ਸ਼ੈਲੀਆਂ ਦਾ ਪ੍ਰਯੋਗ- ਦਸਮ ਗ੍ਰੰਥ ਦੇ ਅਧਿਐਨ ਤੋਂ ਬਾਅਦ ਸਹਿਜੇ ਹੀ ਇਹ ਅਨੁਮਾਨ ਲਗਾਇਆ ਜਾ ਸਕਦਾ ਹੈ ਕਿ ਦਸਮ ਗ੍ਰੰਥ ਸੰਗੀਤ ਦਾ ਇਕ ਵਿਸ਼ਾਲ ਭੰਡਾਰ ਹੈ। ਢੋਲ, ਮ੍ਰਿਦੰਗ, ਨਗਾਰੇ, ਸੰਖ, ਧੁਨੀ, ਰਾਗ, ਗੰਧਰਵ, ਤੰਤੀ, ਤਾਨ ਤਰੰਗ, ਤਾਲ, ਗੀਤ ਆਦਿ ਸ਼ਬਦ ਗੂੜ੍ਹੀ ਸੰਗੀਤਕ ਸੂਝ ਦੀ ਉਪਜ ਹਨ। ਇਹ ਹੀ ਨਹੀਂ ਪ੍ਰਚਲਿਤ ਗਾਇਨ ਸ਼ੈਲੀ ਧਮਾਰ ਸੰਬੰਧੀ ਉਲੇਖ ਵੀ ਦਸਮ ਗ੍ਰੰਥ ਵਿੱਚ ਮਿਲਦਾ ਹੈ। ਜਿਵੇਂ-

ਮਾਘ ਬਿਤਿਤ ਭਈ ਰੁਤ ਫ਼ਾਗੁਨ
ਆਇ ਗਈ ਸਭ ਖੇਲਤ ਹੋਰੀ ॥
ਖੇਲਤ ਸਿਯਾਮ ਧਮਾਰ ਅਨੂਪ
ਮਹਾਸਿਨ ਸੁੰਦਰਿ ਸਾਂਵਲ ਗੋਰੀ ॥

ਧਮਾਰ ਗਾਇਨ ਸ਼ੈਲੀ ਦੀ ਗਾਇਨ ਰੁੱਤ ਅਤੇ ਵਿਸ਼ਾ ਵਸਤੂ ਸੰਬੰਧੀ ਜਾਣਕਾਰੀ ਦਾ ਉੱਤਮ ਨਮੂਨਾ ਉਪਰੋਕਤ ਰਚਨਾ ਹੈ। ਫ਼ੱਗਣ ਦੀ ਰੁੱਤ ਵਿੱਚ ਹੋਲੀ ਖੇਡਣ ਨੂੰ ਖੇਲਤ ਧਮਾਰ ਕਹਿਣਾ ਉਸ ਸਮੇਂ ਦੀ ਪ੍ਰਸਿੱਧ ਗਾਇਨ ਸ਼ੈਲੀ ਧਮਾਰ ਅਤੇ ਉਸਦੇ ਵਿਸ਼ੇ ਵਸਤੂ ਨੂੰ ਅਤਿ ਕਲਾ ਕੁਸ਼ਲਤਾ ਨਾਲ ਦਰਸਾਇਆ ਗਿਆ ਹੈ। ਪ੍ਰੋ. ਤਾਰਾ ਸਿੰਘ ਅਨੁਸਾਰ ਗੁਰੂ ਗ੍ਰੰਥ ਸਾਹਿਬ ਜੀ ਦੀ ਸਾਰੀ ਰਚਨਾ ਵਿੱਚ ਖਿਆਲ ਸ਼ਬਦ ਦਾ ਪ੍ਰਯੋਗ ਕਿਸੇ ਵੀ ਸ਼ੈਲੀ ਦੇ ਰੂਪ ਵਿੱਚ ਨਹੀਂ ਹੋਇਆ। ਗੁਰੂ ਗੋਬਿੰਦ ਸਿੰਘ ਜੀ ਦੁਆਰਾ ਰਚਿਤ ਖਿਆਲ 'ਮਿਤਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ' ਪਹਿਲੀ ਵਾਰ ਮਿਲਦਾ ਹੈ।

ਸੰਗੀਤਕ ਛੰਦ-ਗੁਰੂ ਜੀ ਦੀਆਂ ਰਚਨਾਵਾਂ ਵਿੱਚ ਛੰਦ ਉਨ੍ਹਾਂ ਦੀ ਸੰਗੀਤਕ ਸੂਝ ਦਾ ਉੱਤਮ ਨਮੂਨਾ ਹਨ। ਸੰਗੀਤਕ ਛੰਦ ਵਿੱਚ ਮ੍ਰਿਦੰਗ ਦੇ ਭਿੰਨ-ਭਿੰਨ ਬੋਲਾਂ ਦੇ ਆਧਾਰ 'ਤੇ ਕਾਵਿ ਰਚਨਾ ਕੀਤੀ ਗਈ ਹੈ। ਇਨ੍ਹਾਂ ਵਿਚੋਂ ਸੱਤ ਪ੍ਰਕਾਰ ਇਸ ਤਰ੍ਹਾਂ ਹਨ-

1. ਸੰਗੀਤਕ ਛਪਯ 2. ਸੰਗੀਤ ਨਾਰਾਜ਼ 3. ਸੰਗੀਤ ਪਧਿਸਟਕਾ 4. ਸੰਗੀਤ ਪਾਦੜੀ 5. ਸੰਗੀਤ ਬਹੁੜਾ 6. ਸੰਗੀਤ ਭੁਜੰਗ ਪ੍ਰਯਾਤ 7. ਸੰਗੀਤ ਮਧੁਭਾਰ

ਸਿੱਖ ਪਰੰਪਰਾਵਾਂ ਦੇ ਅਨੁਸਾਰ ਬਾਣੀ ਦੀ ਰਚਨਾ-ਪਹਿਲੇ ਗੁਰੂ ਤੋਂ ਲੈ ਕੇ ਜੋ ਪਰੰਪਰਾ ਚਲੀ ਆ ਰਹੀ ਸੀ ਜਿਵੇਂ ਰਹਾਉ, ਅੰਕ, ਘਰ, ਰਾਗ ਆਦਿ ਨੂੰ ਕਾਇਮ ਰੱਖਦੇ ਹੋਏ ਗੁਰੂ ਜੀ ਨੇ ਰਾਮਕਲੀ, ਸੋਰਠਿ, ਕਲਿਆਣ, ਤਿਲੰਗ, ਕਾਫ਼ੀ, ਬਿਲਾਵਲ, ਦੇਵਗੰਧਾਰੀ ਆਦਿ ਰਾਗਾਂ ਵਿੱਚ ਬਾਣੀ ਦੀ ਰਚਨਾ ਕਰਕੇ ਪਹਿਲਾਂ ਚਲੀ ਆ ਰਹੀ ਪਰੰਪਰਾ ਦਾ ਅਨੁਸਰਨ ਕੀਤਾ।

ਕੀਰਤਨ ਪਰੰਪਰਾ ਨੂੰ ਕਾਇਮ ਰੱਖਣਾ- ਗੁਰੂ ਜੀ ਦੁਆਰਾ ਗੁਰਮਤਿ ਸੰਗੀਤ ਦੀਆਂ ਚੱਲੀਆਂ ਆ ਰਹੀਆਂ ਪਰੰਪਰਾਵਾਂ ਨੂੰ ਕਾਇਮ ਰੱਖਿਆ ਜਾ ਰਿਹਾ ਸੀ। ਇਨ੍ਹਾਂ ਵਿੱਚ ਦੀਵਾਨ ਲਗਾਉਣਾ, ਰਾਗ ਅਤੇ ਗਾਇਨ ਸ਼ੈਲੀਆਂ ਅਨੁਸਾਰ ਕੀਰਤਨ ਕਰਨਾ ਗੁਰਮਤਿ ਸੰਗੀਤ ਦੀਆਂ ਪਰੰਪਰਾਵਾਂ ਦੇ ਅੰਤਰਗਤ ਆਉਂਦਾ ਹੈ। ਇਨ੍ਹਾਂ ਦੇ ਸਮੇਂ ਵੀ ਸਵੇਰੇ ਆਸਾ ਦੀ ਵਾਰ, ਸ਼ਾਮ ਨੂੰ ਸੋਦਰ ਦੀ ਚੌਕੀ ਦਾ ਕੀਰਤਨ ਹੁੰਦਾ ਸੀ। ਇਥੋਂ ਤੱਕ ਕਿ ਜੰਗਾਂ ਯੁੱਧਾਂ ਦੇ ਦਿਨਾਂ ਵਿੱਚ ਵੀ ਸਵੇਰੇ ਅਤੇ ਸ਼ਾਮ ਨੂੰ ਦੀਵਾਨ ਲਾ ਕੇ ਕੀਰਤਨ ਕਰਦੇ ਸਨ।

ਵਾਰ ਗਾਇਨ ਪਰੰਪਰਾ ਨੂੰ ਕਾਇਮ ਰੱਖਣਾ-ਗੁਰੂ ਜੀ ਜਿਥੇ ਜੰਗਾਂ-ਯੁੱਧਾਂ ਵਿਚ ਆਪਣੇ ਨਾਲ ਕੀਰਤਨ ਦੀ ਪਰੰਪਰਾ ਚਲਾਉਂਦੇ ਸਨ, ਉਥੇ ਉਨ੍ਹਾਂ ਵਾਰ ਗਾਇਨ ਦੀ ਪਰੰਪਰਾ ਨੂੰ ਵੀ ਕਾਇਮ ਰੱਖਿਆ। ਵਾਰ ਗਾਇਨ ਦੀ ਪਰੰਪਰਾ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਸ਼ੁਰੂ ਕੀਤੀ ਸੀ। ਗੁਰੂ ਗੋਬਿੰਦ ਸਿੰਘ ਜੀ ਦੀ ਬੀਰ ਰਸੀ ਰਚਨਾ ਚੰਡੀ ਦੀ ਵਾਰ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਵਿੱਚ ਤਾਲ ਦੀ ਪਰਿਪੱਕਤਾ-ਗੁਰੂ ਜੀ ਦੀ ਬਾਣੀ ਵਿੱਚ ਰਵਾਨਗੀ, ਤਾਲ, ਮਾਤਰਾ ਅਤੇ ਛੰਦ ਦੀ ਪਕੇਰੀ ਪਕੜ ਹੈ। ਜਿਵੇਂ:-

ਖਗ ਖੰਡ ਬਿਹੰਡੰ ਖਲਦਲ ਖੰਡੰ
ਅਤਿਰਣ ਮੰਡੰ ਬਰਬੰਡੰ ॥
ਸਵੈਯਾ-ਦੁਕਾਲੰ ਪ੍ਰਣਾਸੀ ਦਿਆਲੰ ਸਰੂਪੇ ॥
ਸਦਾ ਅੰਗ ਸੰਗੇ ਅਭੰਗੰ ਬਿਭੂਤੇ ॥

ਦਸਮ ਗ੍ਰੰਥ ਵਿੱਚ ਸੰਗੀਤਕ ਵਿੱਚ ਸ਼ਬਦਾਵਲੀ ਦਾ ਪ੍ਰਯੋਗ- ਗੁਰੂ ਜੀ ਨੇ ਜਾਪੁ ਸਾਹਿਬ ਵਿੱਚ ਸੰਗੀਤ ਦੀ ਸ਼ਬਦਾਵਲੀ ਜਿਵੇਂ ਗਾਇਨ, ਵਾਦਨ, ਨ੍ਰਿਤ, ਨਾਦ ਅਤੇ ਤਾਨਾਂ ਆਦਿ ਨੂੰ ਕਿੰਨੇ ਗਹਿਰਾਈ ਨਾਲ ਉਸ ਅਕਾਲ ਪ੍ਰਭ ਦੀ ਉਸਤਤਿ ਲਈ ਵਰਤਿਆ ਹੈ ਜੋ ਆਪਣੀ ਮਿਸਾਲ ਆਪ ਹੈ। ਇਸ ਤੋਂ ਬਿਨਾਂ ਸੰਸਕ੍ਰਿਤ ਸ਼ਬਦਾਵਲੀ ਦੀ ਵਰਤੋਂ ਬੜੇ ਸੁੰਦਰ ਢੰਗ ਨਾਲ ਕੀਤੀ ਹੈ।

ਸਰਬ ਲੋਹ ਗ੍ਰੰਥ ਵਿੱਚ ਵੱਖ-ਵੱਖ ਰਾਗਾਂ ਦਾ ਪ੍ਰਯੋਗ-ਦਸਮ ਗ੍ਰੰਥ ਦੀਆਂ ਰਚਨਾਵਾਂ ਤੋਂ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਗੁਰੂ ਜੀ ਜਿਥੇ ਮਹਾਨ ਧਾਰਮਿਕ ਆਗੂ ਸਨ, ਉਥੇ ਅਦੁੱਤੀ ਕਵੀ ਤੇ ਸੰਗੀਤਵੇਤਾ ਵੀ ਸਨ। ਇਹੋ ਹੀ ਕਾਰਨ ਹੈ ਕਿ ਇਨ੍ਹਾਂ ਦੀਆਂ ਰਚਨਾਵਾਂ ਵਿੱਚ ਸਾਧਾਰਨ ਪੱਧਰ ਦੇ ਮਨੁੱਖ ਨੂੰ ਆਤਮਿਕ, ਸਰੀਰਕ, ਸਮਾਜਿਕ ਅਤੇ ਬੌਧਿਕ ਪੱਧਰ ਤੋਂ ਉਚਿਆਣ ਦੇ ਸਾਰੇ ਗੁਣ ਵਿਦਮਾਨ ਸਨ। ਆਪ ਜੀ ਨੇ ਸਰਬ ਲੋਹ ਗ੍ਰੰਥ ਵਿੱਚ ਵੱਖ-ਵੱਖ ਰਾਗਾਂ ਵਿੱਚ ਬਾਣੀ ਨੂੰ ਰਚਿਆ ਹੈ ਜਿਨ੍ਹਾਂ ਦੀ ਕੁੱਲ ਗਿਣਤੀ 150 ਦੇ ਕਰੀਬ ਹੈ।

ਦਸਮ ਗ੍ਰੰਥ ਦੀਆਂ ਬਾਕੀ ਰਚਨਾਵਾਂ ਬਚਿੱਤਰ ਨਾਟਕ ਦਾ ਹੀ ਅੰਗ ਹਨ। ਇਹ ਸਾਰੀ ਬਾਣੀ ਭਾਰਤੀ ਸਾਹਿਤ ਦਾ ਸ੍ਰੇਸ਼ਠਤਮ ਸਾਹਿਤ ਹੈ। ਇਸ ਦੀ ਸੰਗੀਤਕ ਤੌਰ 'ਤੇ ਵਿਸ਼ੇਸ਼ ਮਹਾਨਤਾ ਹੈ।

ਗੁਰੂ ਜੀ ਦੀਆਂ ਬਾਣੀਆਂ ਵਿੱਚ ਪਰਿਭਾਸ਼ਕ ਸ਼ਬਦ- ਦਸਮ ਗ੍ਰੰਥ ਸੰਗੀਤ ਦਾ ਵਿਸ਼ਾਲ ਭੰਡਾਰ ਹੈ। ਢੋਲ, ਮ੍ਰਿਦੰਗ, ਨਗਾਰੇ, ਸੰਖ, ਧੁਨੀ, ਕੋਲਾਹਲ, ਰਾਗ, ਗੰਧਰਵ, ਤੰਤੀ, ਤਾਨ, ਤਰੰਗ, ਤਾਲ, ਗੀਤ ਆਦਿ ਗੂੜ੍ਹੀ ਸੰਗੀਤਕ ਸਮਝ ਦੀ ਉਪਜ ਹਨ। ਫ਼ੱਗਣ ਦੀ ਰੁੱਤ ਵਿੱਚ ਹੋਲੀ ਖੇਡਣ ਨੂੰ 'ਖੇਲਤ ਧਮਾਰ' ਕਹਿਣਾ ਉਸ ਸਮੇਂ ਦੀ ਪ੍ਰਸਿੱਧ ਗਾਇਨ ਸ਼ੈਲੀ 'ਧਮਾਰ' ਨੂੰ ਕਾਇਮ ਰੱਖਣਾ ਹੀ ਨਹੀਂ ਦਰਸਾਉਂਦੀ ਸਗੋਂ ਉਸ ਸ਼ੈਲੀ ਦੇ ਵਿਸ਼ੇ ਵਸਤੂ ਨੂੰ ਵੀ ਅਤੀ ਕਲਾ ਕੁਸ਼ਲਤਾ ਨਾਲ ਦਰਸਾਇਆ ਗਿਆ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਢਾਡੀਆਂ ਦੁਆਰਾ ਵਾਰ ਗਾਇਨ ਪਰੰਪਰਾ ਬਹੁਤ ਜ਼ੋਰਾਂ 'ਤੇ ਸੀ। ਇਸ ਤੋਂ ਬਿਨਾਂ ਤਾਊਸ, ਤਾਨਪੁਰਾ, ਪਖਾਵਜ, ਤਬਲਾ, ਮ੍ਰਿਦੰਗ, ਰਬਾਬ ਵਰਗੇ ਸਾਜ਼ਾਂ ਦੀ ਕੀਰਤਨ ਲਈ ਵਰਤੋਂ ਕੀਤੀ ਜਾਂਦੀ ਸੀ। ਆਪ ਦਾ ਜੀਵਨ ਜੰਗਾਂ ਨਾਲ ਭਰਪੂਰ ਰਿਹਾ ਪ੍ਰੰਤੂ ਆਪ ਜੀ ਦੁਆਰਾ ਰਚੀ ਗਈ ਬਾਣੀ ਦੇ ਸਾਹਿਤਕ ਅਤੇ ਸੰਗੀਤਕ ਗੁਣਾਂ ਨੂੰ ਦੇਖਦੇ ਹੋਏ ਅਸੀਂ ਕਹਿ ਸਕਦੇ ਹਾਂ ਕਿ ਗੁਰੂ ਜੀ ਇੱਕ ਮਹਾਨ ਕਵੀ, ਧਰਮ ਪ੍ਰਚਾਰਕ, ਯੋਧੇ ਅਤੇ ਸੂਰਬੀਰ ਸਨ ਉਪਰੋਕਤ ਵਰਨਣ ਤੋਂ ਸਪੱਸ਼ਟ ਹੈ ਕਿ ਗੁਰੂ ਸਾਹਿਬਾਨ ਸੰਗੀਤ ਪ੍ਰਤੀ ਸੂਖਮ ਸੂਝ-ਬੂਝ ਰੱਖਣ ਵਾਲੇ ਸਨ। ਉਨ੍ਹਾਂ ਨੇ ਵੱਖ-ਵੱਖ ਰਾਗਾਂ ਵਿੱਚ ਬਾਣੀ ਦਾ ਉਚਾਰਣ ਕੀਤਾ। ਉਨ੍ਹਾਂ ਨੇ ਰਾਗ, ਕਾਵਿ, ਗਾਇਨ ਸ਼ੈਲੀਆਂ, ਕੀਰਤਨ ਕੇਂਦਰਾਂ ਅਤੇ ਸਾਜ਼ਾਂ ਦਾ ਆਵਿਸ਼ਕਾਰ ਕੀਤਾ। ਫ਼ਲਸਰੂਪ ਗੁਰਮਤਿ ਸੰਗੀਤ ਇੱਕ ਪ੍ਰਫੁੱਲਤ ਸੰਗੀਤ ਪਰੰਪਰਾ ਦੇ ਰੂਪ ਵਜੋਂ ਵਿਦਮਾਨ ਹੈ। ਇਹ ਹੀ ਨਹੀਂ ਗੁਰਮਤਿ ਸੰਗੀਤ ਪਰੰਪਰਾ ਨੂੰ ਪ੍ਰਮਾਣਿਕ ਅਤੇ ਸਥਾਪਿਤ ਰੂਪ ਪ੍ਰਦਾਨ ਕਰਨ ਲਈ ਗੁਰੂ ਸਾਹਿਬਾਨ ਨੇ ਰੋਜ਼ਾਨਾ ਬਾਣੀ ਦੇ ਗਾਇਨ ਨਾਲ ਇਸ ਨੂੰ ਜੀਵਨ ਦਾ ਅਨਿੱਖੜਵਾਂ ਅੰਗ ਬਣਾਇਆ। ਗੁਰਮਤਿ ਸੰਗੀਤ ਦੇ ਉਪਰੋਕਤ ਵਿਕਾਸ ਤੋਂ ਇਸਦੀ ਵਿਲੱਖਣਤਾ ਤਾਂ ਉਜਾਗਰ ਹੁੰਦੀ ਹੈ, ਨਾਲ ਹੀ ਭਾਰਤੀ ਸੰਗੀਤ ਨੂੰ ਵਿਕਸਿਤ ਕਰਨ ਵਿੱਚ ਗੁਰੂ ਜੀ ਦਾ ਵੱਡਾ ਯੋਗਦਾਨ ਹੈ।

# ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਵਿਲੱਖਣ ਸੰਗੀਤਕ ਯੋਗਦਾਨ



ਗੁਰਨਾਮ ਸਿੰਘ (ਡਾ.)

ਸਰਬੰਸਦਾਨੀ ਦਸਵੇਂ ਪਾਤਸ਼ਾਹ ਦਾ ਮਾਨਵੀ ਸੰਸਕ੍ਰਿਤੀ ਨੂੰ ਯੋਗਦਾਨ ਬਹੁਪੱਖੀ ਤੇ ਬਹੁਦਿਸ਼ਾਵੀ ਹੈ। ਸੰਗੀਤ ਦੇ ਪ੍ਰਸੰਗ ਵਿਚ ਉਨ੍ਹਾਂ ਦੇ ਯੋਗਦਾਨ ਦਾ ਵਿਸ਼ਲੇਸ਼ਣ ਅਤੇ ਵਿਆਖਿਆ ਦੀਆਂ ਅਨੇਕ ਸੰਭਾਵਨਾਵਾਂ ਮੌਜੂਦ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪੁਨਰ ਸੰਕਲਨ, ਦਸਮ ਗ੍ਰੰਥ ਵਿਚ ਸੰਗੀਤ ਦਾ ਬਹੁਪੱਖੀ ਪ੍ਰਯੋਗ, ਇਸੇ ਤਰ੍ਹਾਂ ਸਰਬ ਲੋਹ ਗ੍ਰੰਥ ਦਾ ਵਿਲੱਖਣ ਸੰਗੀਤ ਵਿਧਾਨ ਇਸ ਖੇਤਰ ਵਿਚ ਸਾਡੀ ਜਿਗਿਆਸਾ ਨੂੰ ਦੂਣ ਸਵਾਇਆ ਕਰਦਾ ਹੈ।

ਗੁਰਮਤਿ ਸੰਗੀਤ ਦੇ ਪ੍ਰਸੰਗ ਵਿਚ ਵਾਚੀਏ ਤਾਂ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਆਪਣੇ ਤੋਂ ਪੂਰਵਲੇ ਗੁਰੂ ਸਿੱਖ ਸਾਹਿਬਾਨ ਵਲੋਂ ਸਥਾਪਤ ਗੁਰਮਤਿ ਸੰਗੀਤ ਪਰੰਪਰਾ ਨੂੰ ਵਿਹਾਰਕ ਰੂਪ ਵਿਚ ਦ੍ਰਿੜਾਉਣ ਦੇ ਅਨੇਕ ਇਤਿਹਾਸਕ ਹਵਾਲੇ ਮਿਲਦੇ ਹਨ, ਜਿਨ੍ਹਾਂ ਨੂੰ ਗੁਰੂ ਸਾਹਿਬ ਨੇ ਮਰਿਆਦਤ ਰੂਪ ਵਿਚ ਦ੍ਰਿੜਾਇਆ। ਭਾਈ ਸੱਦੂ ਤੇ ਭਾਈ ਮੱਦੂ ਆਪ ਦੇ ਦਰਬਾਰ ਦੇ ਮੁੱਖ ਕੀਰਤਨੀਏ ਸਨ। ਇਕ ਇਤਿਹਾਸਕ ਹਵਾਲੇ ਅਨੁਸਾਰ, ਆਨੰਦਪੁਰੀ ਛੱਡਣ ਸਮੇਂ ਸਿਰਸਾ ਦੇ ਕੰਢੇ ਮੁਗਲ ਫੌਜਾਂ ਵਿਚ ਘਿਰੇ ਹੋਣ ਦੇ ਬਾਵਜੂਦ ਦਸਵੇਂ ਪਾਤਸ਼ਾਹ ਨੇ ਸਿੱਖਾਂ ਨੂੰ ਆਸਾ ਦੀ ਵਾਰ ਦੀ ਕੀਰਤਨ ਚੌਕੀ ਲਗਾਉਣ ਦਾ ਆਦੇਸ਼ ਦਿੱਤਾ ਜੋ ਗੁਰਮਤਿ ਸੰਗੀਤ ਦੀ ਮਰਿਆਦਤ ਰੀਤ ਸਥਾਪਤ ਕਰਨ ਪ੍ਰਤੀ ਆਪ ਦੀ ਪ੍ਰਤੀਬੱਧਤਾ ਦਾ ਲਖਾਇਕ ਹੈ। ਆਪ ਦੁਆਰਾ ਕੀਰਤਨ ਹਿਤ ਤਾਨਪੁਰੇ (ਤੰਬੂਰੇ) ਦਾ ਪ੍ਰਯੋਗ ਅਤੇ ਤੰਤੀ ਸਾਜ਼ਾਂ ਦੁਆਰਾ ਕੀਰਤਨ ਨੂੰ ਉਤਸ਼ਾਹਿਤ ਕਰਨਾ, ਵਿਸ਼ੇਸ਼ ਕਰਕੇ ਦਿਲਰੁਬਾ ਸਾਜ਼ ਆਪ ਦੇ ਕਾਲ ਤੋਂ ਹੀ ਪ੍ਰਚਲਿਤ ਹੋਇਆ। ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਬਾਣੀ ਲਈ ਰਾਗਾਂ ਦਾ ਪ੍ਰਯੋਗ ਕੀਤਾ ਜਿਨ੍ਹਾਂ ਵਿਚ ਰਾਗ ਸਾਰੰਗ, ਗਉੜੀ, ਭੈਰਉ, ਰਾਮਕਲੀ, ਗੂਜਰੀ, ਦੇਵਗੰਧਾਰੀ, ਪ੍ਰਭਾਤੀ, ਧਨਾਸਰੀ, ਸੂਹੀ, ਤਿਲੰਗ, ਮਾਝ ਆਦਿ ਰਾਗ ਵਿਸ਼ੇਸ਼ ਹਨ। ਪ੍ਰਕਿਰਤੀ ਕਰਕੇ ਸਾਂਝੇ ਰਾਗ ਅਤੇ ਬਾਣੀ ਦੀ ਨਿਵੇਕਲੀ ਮਿਸਾਲ ਹੈ। ਜੋਗੀਆਂ ਦੇ ਪ੍ਰਿਯ ਰਾਗ ਰਾਮਕਲੀ ਵਿਚ ਰਚਿਤ ਜੋਗ ਤੇ ਸੰਨਿਆਸ ਸਬੰਧੀ ਬਾਣੀ ਵਿਸ਼ੇਸ਼ ਰੂਪ ਵਿਚ ਵਿਚਰਦੀ ਹੈ, ਜਿਵੇਂ :-

ਰੇ ਮਨ ਐਸੋ ਕਰਿ ਸੰਨਿਆਸਾ॥
ਬਨ ਸੇ ਸਦਨ ਸਭੈ ਕਰਿ ਸਮਝਹੁ
ਮਨ ਹੀ ਮਾਹਿ ਉਦਾਸਾ॥੧॥ ਰਹਾਉ॥
ਜਤ ਕੀ ਜਟਾ ਜੋਗ ਕੋ ਮੰਜਨੁ
ਨੇਮ ਕੇ ਨਖਨ ਬਢਾਓ॥
ਗਿਆਨ ਗੁਰੂ ਆਤਮ ਉਪਦੇਸਹੁ
ਨਾਮ ਬਿਭੂਤ ਲਗਾਓ॥੧॥ (ਰਾਮਕਲੀ ਪਾਤਿਸ਼ਾਹੀ ੧੦)
ਰੇ ਮਨ ਇਹ ਬਿਧਿ ਜੋਗ ਕਮਾਓ॥
ਸਿੰਙੀ ਸਾਜ ਅਕਪਟ ਕੰਠਲਾ
ਧਿਆਨ ਬਿਭੂਤ ਚੜਾਓ॥੧॥ ਰਹਾਉ॥
ਤਾਤੀ ਗਹੁ ਆਤਮ ਬਸਿ ਕਰ ਕੀ
ਭਿੱਛਾ ਨਾਮ ਅਧਾਰੰ॥
ਬਾਜੇ ਧਰਮ ਤਾਰ ਤਤੁ ਹਰਿ ਕੋ
ਉਤਜੈ ਰਾਗ ਰਸਾਰੰ॥੧॥ (ਰਾਮਕਲੀ ਪਾਤਿਸ਼ਾਹੀ ੧੦)

ਰਾਗ ਸੋਰਠਿ ਅਧੀਨ ਪ੍ਰਭੂ ਦੇ ਦਇਆਮਈ ਗੁਣਾਂ ਦਾ ਵਰਣਨ ਕਾਵਿਕ ਅਤੇ ਸੰਗੀਤ ਪੱਖੋਂ ਸਰਵੋਤਮ ਹੈ। ਦਸਮ ਗ੍ਰੰਥ ਦੀ ਬਾਣੀ ਵਿਚ ਪ੍ਰਯੁਕਤ ਸੰਗੀਤ ਛੰਦ ਗੁਰੂ ਗੋਬਿੰਦ ਸਿੰਘ ਜੀ ਦੇ ਨਾਦਾਤਮਕ ਸੰਸਾਰ ਦਾ ਸਰਵੋਤਮ ਨਮੂਨਾ ਹੈ। ਜਿਵੇਂ ਸੰਗੀਤ ਛਪੈ ਛੰਦ, ਸੰਗੀਤ ਪਧਿਸਟਕਾ ਛੰਦ, ਸੰਗੀਤ ਬਹੜਾ ਛੰਦ, ਸੰਗੀਤ ਭੁਜੰਗ ਪ੍ਰਯਾਤ, ਸੰਗੀਤ ਨਰਾਜ ਛੰਦ, ਸੰਗੀਤ ਮਧੁਭਾਰ ਛੰਦ ਆਦਿ। ਇਨ੍ਹਾਂ ਪਦਾਂ ਦੀ ਛੰਦਾਤਮਕ ਲੈਅ ਵਿਚ ਮਿਰਦੰਗ ਦੇ ਬੋਲਾਂ ਦੀ ਗੂੰਜ ਅਤੇ ਰਵਾਨੀ ਹੈ। ਮਿਰਦੰਗ ਦੀ ਪੜੰਤ ਵਾਂਗੂ ਇਨ੍ਹਾਂ ਬੋਲਾਂ ਦੀ ਸ਼ਬਦ ਧੁਨੀ ਤਾਲਾਤਮਕ ਨਾਦ ਉਤਪੰਨ ਕਰਦੀ ਹੈ। ਇਨ੍ਹਾਂ ਛੰਦਾਂ ਦੀਆਂ ਕੁਝ ਉਦਾਹਰਣਾਂ ਇਸ ਪ੍ਰਕਾਰ ਹਨ :-

ਕਾਗੜਦੀ ਕੁੱਪਯੋ ਕਪਿ ਕਟਕ,
ਬਾਗੜਦੀ ਬਾਜਨ ਰਣ ਬੰਜੀਯ॥
ਤਾਗੜਦੀ ਤੇਗ ਝਲਹਲੀ,
ਗਾਗੜਦੀ ਜੋਧਾ ਗਲ ਗੱਜੀਯ॥ (ਰਾਮਾਵਤਾਰ)
ਕਾਗੜਦੰ ਕੋਪ ਕੈ ਦਈਤ ਰਾਜਾ
ਜਾਗੜਦੰ ਜੁਧ ਕੋ ਸਜਯੋ ਸਾਜ॥
ਬਾਗੜਦੰ, ਬੀਰ ਬੁਲੇ ਅਨੰਤ।
ਰਾਗੜਦੰ ਰੋਸ ਰੋਹੇ ਦੁਰੰਤ॥੪੯੩॥ (ਰਾਮਾਵਤਾਰ)
ਕਾਗੜਦੰ ਕਾਤੀ, ਕਟਾਰੀ ਕੜਾਕੰ।
ਤਾਗੜਦੰ ਤੀਰੰ, ਤੁਪੱਕੋ ਤੜਾਕੰ।
ਝਾਗੜਦੰ ਨਾਗੜਦੰ, ਬਾਗੜਦੰ ਬਾਜੇ,
ਗਾਗੜਦੰਗਾਜੀ ਮਹਾਰਾਜ ਗਾਜੇ॥੯੧੨॥ (ਚੰਡੀ ਚਰਿੱਤਰ)
ਕਾਗੜਦੰ ਕੜਾਕ। ਤਾਗੜਦੰ ਤੜਾਕ।
ਸਾਗੜਦੰ ਸੁ ਬੀਰ। ਗਾਗੜਦੰ ਗਹੀਰ।
ਨਾਗੜਦੰ ਨਿਸਾਣ। ਜਾਗੜਦੰ ਜੁਆਣ।
ਨਾਗੜਦੰ ਨਿਹੰਗ। ਪਾਗੜਦੀ ਪਲੰਗ॥੧੬੭॥ (ਚੰਡੀ ਚਰਿੱਤਰ)

ਗੁਰੂ ਗੋਬਿੰਦ ਸਿੰਘ ਜੀ ਦੀ ਪ੍ਰਸਿਧ ਰਚਨਾ ਖਿਆਲ ਪਾਤਿਸ਼ਾਹੀ 10 'ਮਿਤ੍ਰ ਪਿਆਰੇ ਨੂੰ ਹਾਲ ਮੁਰੀਦਾ ਦਾ ਕਹਿਣਾ' ਪੰਜਾਬੀ ਸਾਹਿਤ ਲਈ ਉਚਤਮ ਕਾਵਿ ਨਮੂਨਾ ਹੈ। ਖਿਆਲ ਭਾਰਤੀ ਸੰਗੀਤ ਦੀ ਪ੍ਰਸਿਧ ਗਾਇਨ ਸ਼ੈਲੀ ਹੈ ਜਿਸ ਦਾ ਆਰੰਭਿਕ ਸਰੂਪ 15ਵੀਂ ਸਦੀ ਦੇ ਕਰੀਬ ਵਿਕਸਿਤ ਹੋਇਆ ਮੰਨਿਆ ਜਾਂਦਾ ਹੈ ਪਰ ਇਸ ਦੇ ਸਪਸ਼ਟ ਪ੍ਰਮਾਣ ਨਹੀਂ ਮਿਲਦੇ। ਖਿਆਲ ਸ਼ੈਲੀ ਨੂੰ ਗੁਰੂ ਗੋਬਿੰਦ ਸਿੰਘ ਜੀ ਤੋਂ ਬਾਅਦ ਸਦਾਰੰਗ (ਸੰਗੀਤਕਾਰ ਨਿਯਾਮਤ ਖਾਂ) ਨੇ ਬਾਦਸ਼ਾਹ ਮੁਹੰਮਦ ਸ਼ਾਹ ਰੰਗੀਲੇ ਦੇ ਕਾਲ ਵਿਚ ਅਪਣਾਇਆ। ਗੁਰੂ ਗੋਬਿੰਦ ਜੀ ਦੁਆਰਾ ਰਚਿਤ ਖਿਆਲ ਪਾਤਸ਼ਾਹੀ 10 ਸਿਰਲੇਖ ਅਧੀਨ ਰਚਿਤ ਇਹ ਰਚਨਾ ਪ੍ਰੋਢ ਸ਼ੈਲੀ ਤੋਂ ਇਹ ਪ੍ਰਤੱਖ ਹੈ ਕਿ ਇਸ ਗਾਇਨ ਰੂਪ ਦਾ ਸ਼ਾਹ ਸਦਾਰੰਗ ਤੋਂ ਪੂਰਵ ਰਚੇ ਜਾਣਾ ਅਤੇ ਲੋਕਪ੍ਰਿਯ ਹੋ ਜਾਣਾ ਖਿਆਲ ਸ਼ੈਲੀ ਦੇ ਵਰਤਮਾਨ ਸਰੂਪ ਦਾ ਆਗਾਜ਼ ਸੀ, ਕਿਉਂਕਿ ਗੁਰੂ ਗੋਬਿੰਦ ਜੀ ਅਤੇ ਪੂਰਵ ਕਾਲੀਨ ਖਿਆਲ ਸ਼ੈਲੀ ਵਿਚ ਕੋਈ ਪ੍ਰਮਾਣਿਕ ਰਚਨਾ ਅਜੇ ਸਾਨੂੰ ਪ੍ਰਾਪਤ ਨਹੀਂ ਹੋ ਸਕੀ। ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਵਿਚ ਭਾਰਤੀ ਸੰਗੀਤ ਦੀ ਸ਼ਬਦਾਵਲੀ ਦੇ ਅਨੇਕ ਰੂਪਾਂ ਦਾ ਵਿਵਿਧਅਕਾਰੀ ਪ੍ਰਯੋਗ ਵੀ ਮਿਲਦਾ ਹੈ। ਜਿਵੇਂ ਢੋਲ, ਮਿਰਦੰਗ, ਨਗਾਰੇ, ਸੰਖ, ਧੁਨੀ, ਕੋਲਾਹਲ ਰਾਗ, ਗੰਧਰਵ, ਸਿੰਙੀ, ਡੰਡੀ, ਰਾਗ ਰਸਾਲੂ, ਤਾਨ ਤਰੰਗ, ਤਾਲ, ਗੀਤ ਆਦਿ ਸ਼ਬਦ ਗੂੜ੍ਹ ਸੰਗੀਤ ਕਸਮ ਦੀ ਉਪਜ ਹਨ।

(ਬਾਕੀ ਸਫ਼ਾ 31 'ਤੇ)



ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

# ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ

ਗੁਰੂ ਗੋਬਿੰਦ ਸਿੰਘ ਜੀ ਇੱਕ ਇਲਾਹੀ ਦੂਤ, ਇੱਕ ਯੋਧਾ ਅਤੇ ਇੱਕ ਦਾਰਸ਼ਨਿਕ ਵਜੋਂ ਜਾਣੇ ਜਾਂਦੇ ਹਨ। ਆਪ ਜੀ ਨੇ ਸਮਾਜ ਨੂੰ ਨਿਡਰਤਾ, ਸਵੈ ਮਾਣ, ਸੰਜਮ ਤੇ ਵਿਸ਼ਵਾਸ ਦੀ ਜੀਵਨ ਜਾਚ ਸਿਖਾਈ। ਸਿੱਖ ਧਰਮ ਵਿੱਚ ਆਪ ਦਸਵੀਂ ਪਾਤਸ਼ਾਹੀ ਵਜੋਂ ਯਾਦ ਕੀਤੇ ਜਾਂਦੇ ਹਨ। ਪਹਿਲੀ ਪਾਤਸ਼ਾਹੀ ਗੁਰੂ ਨਾਨਕ ਦੇਵ ਸਾਹਿਬ ਜੀ ਦੇ ਸਿਧਾਂਤ ਅਨੁਸਾਰ ਪਰਮਾਤਮਾ ਦੇ ਪ੍ਰੇਮ ਵਿੱਚ ਯੋਧਿਆਂ ਵਾਂਗ ਵਿਚਰਨ ਦਾ ਉਪਦੇਸ਼ ਹੈ। ਸਤਿ ਨੇ ਨਿਆਂ ਦੀ ਹਰ ਹਾਲਤ ਵਿੱਚ ਪਾਲਣਾ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਅਜਿਹਾ ਖ਼ਾਲਸਾ ਸਾਜਿਆ ਕਿ ਇੱਕ ਪਰਮਾਤਮਾ ਤੋਂ ਬਿਨਾਂ ਕਿਸੇ ਅੱਗੇ ਸਿਰ ਨਾ ਝੁਕਾਵੇ। ਗੁਰੂ ਗਰੰਥ ਸਾਹਿਬ ਜੀ ਵਿੱਚ ਵਿਸ਼ਵਾਸ ਰੱਖੇ ਅਤੇ ਗੁਰੂ ਮੰਨੇ। ਆਪਣੇ ਸਿੱਖਾਂ ਨੂੰ ਉਪਦੇਸ਼ ਦਿੱਤਾ ਕਿ ਜਬਰ ਅਤੇ ਅਨਿਆਇ ਅੱਗੇ ਝੁਕਣਾ ਆਧਰਮ ਹੈ। ਸਿੱਖ ਕੌਮ ਵਿੱਚ ਅਜਿਹਾ ਜੋਸ਼ ਭਰਿਆ ਕਿ ਨਿਮਾਣੇ, ਨਿਤਾਣੇ, ਦੱਬੇ ਕੁਚਲੇ ਨਿਕੰਮੇ ਸਮਝੇ ਜਾਣ ਵਾਲਿਆਂ ਨੂੰ ਸੰਤ ਸਿਪਾਹੀ ਬਣਨ ਵੱਲ ਤੋਰਿਆ। ਜਿੰਨਾਂ ਦੀਆਂ ਕੁਰਬਾਨੀਆਂ ਹਮੇਸ਼ਾ ਅਮਰ ਹਨ। ਅਧਿਆਤਮਕ ਤੇ ਭੌਤਿਕ, ਆਤਮਿਕ ਤੇ ਸੰਸਾਰਕ ਨੂੰ ਇੱਕ ਕਲਾਵੇ ਵਿੱਚ ਲੈ ਲਿਆ। ਦੇਗ, ਤੇਗ, ਫ਼ਤਹਿ ਦੀ ਦਾਤ ਖ਼ਾਲਸੇ ਨੂੰ ਬਖਸ਼ੀ। ਗੁਰੂ ਸਾਹਿਬ ਜੀ ਨੇ ਨਿਰੋਏ ਸਮਾਜ ਦੀ ਉਸਾਰੀ ਕਰਦਿਆਂ ਸਿੱਖ ਧਰਮ ਦੀ ਅਗਵਾਈ ਕੀਤੀ।

ਗੁਰੂ ਕਾਲ ਦੇ ਚੱਲਦੇ ਸਮੇਂ ਵਿੱਚ ਆਪ ਜੀ ਦਾ ਜਨਮ ਹਰਿਮੰਦਰ ਸਾਹਿਬ ਪਟਨਾ ਬਿਹਾਰ ਵਿੱਚ 22 ਦਸੰਬਰ 1666 ਨੂੰ ਮਾਤਾ ਗੁਜ਼ਰੀ ਜੀ ਦੀ ਕੁੱਖੋਂ ਹੋਇਆ। ਉਸ ਵੇਲੇ ਆਪ ਜੀ ਦੇ ਗੁਰਦੇਵ ਪਿਤਾ ਗੁਰੂ ਤੇਗ ਬਹਾਦਰ ਸਾਹਿਬ ਜੀ ਧਾਰਮਿਕ ਉਦੇਸ਼ ਲਈ ਬੰਗਾਲ ਅਤੇ ਅਸਾਮ ਦੀ ਯਾਤਰਾ 'ਤੇ ਸਨ। ਸਾਹਿਬਜ਼ਾਦੇ ਦਾ ਨਾਉਂ ਗੋਬਿੰਦ ਦਾਸ ਰੱਖਣ ਦਾ ਸੁਨੇਹਾ ਭੇਜਿਆ। ਬਾਅਦ ਵਿੱਚ 30 ਮਾਰਚ 1699 ਵੈਸਾਖ਼ੀ ਵਾਲੇ ਦਿਨ ਆਪ ਜੀ ਨੇ ਪੰਜਾ ਪਿਆਰਿਆਂ ਪਾਸੋਂ ਅੰਮ੍ਰਿਤ ਛਕਿਆ ਤਾਂ ਆਪ ਜੀ ਦਾ ਨਾਉਂ ਗੁਰੂ ਗੋਬਿੰਦ ਸਿੰਘ ਜੀ ਹੋ ਗਿਆ।

ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 1670 ਵਿੱਚ ਪਟਨਾ ਵਾਪਿਸ ਆਉਣ 'ਤੇ ਆਪ ਜੀ ਦਾ ਪਰਿਵਾਰ ਕੁਝ ਚਿਰ ਪਟਨਾ ਸਾਹਿਬ ਰਿਹਾ। ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਜੀਵਨ ਦੇ ਪਹਿਲੇ ਪੰਜ ਸਾਲ ਪਟਨਾ ਸਾਹਿਬ ਵਿਖੇ ਗੁਜ਼ਰੇ ਸਨ। ਆਪ ਜੀ ਨੇ ਗੁਰਮੁਖੀ ਅਤੇ ਗੁਰਬਾਣੀ ਦੀ ਸਿੱਖਿਆ ਸ਼ੁਰੂ ਕਰ ਲਈ ਸੀ। ਬਹੁਤ ਸਾਰੇ ਹਿੰਦੂ ਤੇ ਮੁਸਲਮਾਨ ਆਪ ਜੀ ਦੇ ਸ਼ਰਧਾਲੂ ਬਣ ਗਏ ਸਨ। ਤਦ ਹੀ ਪਰਿਵਾਰ ਦੀ ਪੰਜਾਬ ਜਾਣ ਦੀ ਤਿਆਰੀ ਹੋ ਗਈ। ਪਰਿਵਾਰ ਦਾਨਾਪੁਰ, ਬਕਸਰ, ਆਰਾ, ਛੋਟਾ ਮਿਰਾਜ਼ਪੁਰ, ਬਨਾਰਸ, ਪਰਾਗ, ਲਖਨਊ, ਮਥਰਾ, ਥਾਨੇਸਰ, ਸਹਾਰਨਪੁਰ ਤੋਂ ਹੁੰਦਾ ਹੋਇਆ ਲਖਨੌਰ (ਅੰਬਾਲਾ) ਕੁਝ ਚਿਰ ਠਹਿਰਿਆ। ਫ਼ਿਰ ਕੀਰਤਪੁਰ ਪਹੁੰਚੇ। ਅਖੀਰ ਮਾਰਚ,1672 ਨੂੰ ਸ਼ਿਵਾਲਕ ਦੀ ਤਲਹਟੀ ਆਨੰਦਪੁਰ ਸਾਹਿਬ ਪਹੁੰਚੇ। ਜਿਥੇ ਆਪ ਜੀ ਦੀ ਸਿੱਖਿਆ ਦਾ ਪ੍ਰਬੰਧ ਕੀਤਾ ਗਿਆ। ਪੰਜਾਬੀ, ਬ੍ਰਿਜ, ਸੰਸਕ੍ਰਿਤ ਅਤੇ ਫ਼ਾਰਸੀ ਪੜ੍ਹਨਾ ਸੀ। ਸ਼ਸਤਰ ਵਿਦਿਆ ਵਿੱਚ ਤਲਵਾਰ, ਖੰਡਾ, ਬੰਦੂਕ ਆਦਿ ਦੀ ਵਰਤੋਂ, ਤੀਰੰਦਾਜੀ, ਸਵਾਰੀ, ਕੁਸ਼ਤੀ ਆਦਿ ਦੀ ਸਿਖਲਾਈ ਪ੍ਰਾਪਤ ਕੀਤੀ। ਆਪ ਜੀ ਦੀਆਂ ਖੇਡਾਂ ਵਿੱਚ ਸਾਥੀਆਂ ਨੂੰ ਦੋ ਟੋਲੀਆਂ ਵਿੱਚ ਵੰਡ ਲੈਂਦੇ ਸਨ। ਫ਼ਰਜ਼ੀ ਲੜਾਈਆਂ ਲੜੀਆਂ ਜਾਂਦੀਆਂ, ਆਪ ਜਥੇਦਾਰ ਬਣਦੇ ਸਨ।

ਜਦ ਔਰੰਗਜ਼ੇਬ ਨੇ ਸਾਰੇ ਹਿੰਦੂਆਂ ਨੂੰ ਜਬਰੀ ਇਸਲਾਮ ਕਬੂਲਣ ਦਾ ਹੁਕਮ ਦਿੱਤਾ ਤਾਂ ਕਸ਼ਮੀਰੀ ਪੰਡਤਾਂ ਨੇ 1675 ਵਿੱਚ ਆਨੰਦਪੁਰ ਸਾਹਿਬ ਪਹੁੰਚ ਕੇ ਕ੍ਰਿਪਾ ਰਾਮ ਦੀ ਅਗਵਾਈ ਹੇਠ ਗੁਰੂ ਤੇਗ ਬਹਾਦਰ ਸਾਹਿਬ ਜੀ ਕੋਲ ਧਰਮ ਦੀ ਰੱਖਿਆ ਲਈ ਪੁਕਾਰ ਕੀਤੀ। ਤਦ ਨੌਂ ਸਾਲ ਦੇ ਗੋਬਿੰਦ ਦਾਸ ਨੇ ਆਪਣੇ ਪਿਤਾ ਗੁਰੂ ਤੇਗ ਬਹਾਦਰ ਜੀ ਨੂੰ ਧਰਮ ਦੀ ਰੱਖਿਆ ਲਈ ਕੁਰਬਾਨੀ ਦੇਣ ਲਈ ਭੇਜਿਆ। ਗੁਰੂ ਤੇਗ ਬਹਾਦਰ ਸਾਹਿਬ ਜੀ ਦਿੱਲੀ ਵਿੱਚ ਸ਼ਹੀਦ ਹੋਣ ਤੋਂ ਪਹਿਲਾਂ ਕਹਿ ਗਏ ਸਨ ਕਿ ਸਾਡੇ ਤੋਂ ਬਾਅਦ ਗੁਰਗੱਦੀ ਦੀ ਜਿੰਮੇਵਾਰੀ ਸਾਡਾ ਸਾਹਿਬਜ਼ਾਦਾ ਸੰਭਾਲੇਗਾ। ਆਪ ਜੀ ਦੀ ਗੁਰਿਆਈ ਦਾ ਸਮਾਂ 11 ਨਵੰਬਰ 1675 ਤੋਂ ਸ਼ੁਰੂ ਹੁੰਦਾ ਹੈ।

ਗੁਰੂ ਸਾਹਿਬ ਜੀ ਨੇ ਸਰੀਰਕ ਬਲ ਅਤੇ ਸ਼ਸਤਰ ਵਿਦਿਆ ਦੇ ਹੁਨਰ ਨਾਲ ਸਾਹਿਤਕ ਉੱਨਤੀ ਵੱਲ ਧਿਆਨ ਦਿੱਤਾ। ਆਪ ਜੀ ਦੇ ਕੋਲ ਕਾਵਿਕ ਰਚਨਾ ਵਾਸਤੇ ਇੱਕ ਕੁਦਰਤੀ ਪ੍ਰਤਿਭਾ ਸੀ। ਕੌਮ ਦੀ ਉਸਾਰੀ ਦੇ ਕੰਮਾਂ ਦੀ ਵਿਉਂਤ ਬਣਾਈ ਕਿ ਜਿਸ ਵਿੱਚ ਕਵਿਤਾ ਸਾਹਿਤ ਗੁਣਕਾਰੀ ਹੈ। ਇਸ ਵਿੱਚ ਖੋਜ ਆਰੰਭੀ। ਗੁਰਬਾਣੀ ਦੀ ਰਚਨਾ ਕੀਤੀ। ਆਪਣੇ ਅਨੁਯਾਈਆਂ ਨੂੰ ਜੰਗੀ ਪੱਧਰ 'ਤੇ ਤਿਆਰ ਕਰਨ ਅਤੇ ਉਹਨਾਂ ਨੂੰ ਬੇਇਨਸਾਫ਼ੀ ਅਤੇ ਜ਼ੁਲਮ ਵਿਰੁੱਧ ਖੜੇ ਹੋਣ ਲਈ ਪ੍ਰੇਰਿਆ। ਆਪਣੇ ਜੀਵਨ ਦੇ ਪਹਿਲੇ 20 ਸਾਲ ਤੋਂ ਵੱਧ ਆਪਣੇ ਆਪ ਨੂੰ ਇੱਕ ਸਿਪਾਹੀ ਦੀ ਸਿਖਲਾਈ ਹੇਠ ਹਥਿਆਰਾਂ ਦਾ ਅਭਿਆਸ ਕਰਦੇ ਆਨੰਦਪੁਰ ਸਾਹਿਬ ਵਿਖੇ ਸ਼ਾਂਤੀ ਪੂਰਵਕ ਰਹੇ। ਆਪ ਜੀ ਨੇ ਗ੍ਰੰਥਾਂ ਦਾ ਅਧਿਐਨ ਕੀਤਾ। ਬੀਰ ਰਸੀ ਕਵਿਤਾ ਪਾਠ ਦੇ ਨਾਲ ਸੰਗਤਾਂ ਵਿੱਚ ਧਾਰਮਿਕ ਵਾਰਤਾਲਾਪ ਚੱਲਦੀ। ਆਪ ਜੀ ਨੇ ਗੁਰਬਾਣੀ ਰਚਨਾ ਵੀ ਕੀਤੀ। ਪੁਰਾਤਨ ਸਾਹਿਤ ਦਾ ਅਨੁਵਾਦ ਕੀਤਾ ਗਿਆ। ਜੋ ਸਿੱਖਾਂ ਵਿੱਚ ਜੰਗੀ ਭਾਵਨਾ ਪੈਦਾ ਕੀਤੀ ਜਾ ਸਕੇ।

ਗੁਰੂ ਸਾਹਿਬ ਜੀ ਨੇ ਯਮੁਨਾ ਨਦੀ ਦੇ ਕੰਢੇ ਪਾਉਂਟਾ ਸਾਹਿਬ ਵਿਖੇ ਗੁਰਦੁਆਰਾ ਸਥਾਪਤ ਕੀਤਾ। ਗੁਰੂ ਸਾਹਿਬ ਜੀ ਦਾ ਜ਼ਿਆਦਾਤਰ ਰਚਨਾਤਮਕ ਸਾਹਿਤਕ ਕਾਰਜ ਪਾਉਂਟਾ ਸਾਹਿਬ ਵਿਖੇ ਹੋਇਆ। ਅਪ੍ਰੈਲ 1685 ਵਿੱਚ ਆਪ ਪਾਉਂਟਾ ਸਾਹਿਬ ਠਹਿਰੇ ਸਨ। ਆਪਣੀ ਕਵਿਤਾ ਦੁਆਰਾ ਪਿਆਰ, ਸਮਾਨਤਾ ਤੇ ਨੈਤਿਕ ਆਚਰਣ ਦਾ ਪ੍ਰਚਾਰ ਕੀਤਾ। ਉਹਨਾਂ ਨੇ ਮੂਰਤੀ ਪੂਜਾ ਅਤੇ ਅੰਧਵਿਸ਼ਵਾਸ ਅਤੇ ਰੀਤੀ ਰਿਵਾਜਾਂ ਦੀ ਨਿਖੇਧੀ ਕਰਦੇ ਹੋਏ ਇੱਕ ਸਰਵ ਉੱਚ ਵਿੱਚ ਵਿਸ਼ਵਾਸ ਦਾ ਉਪਦੇਸ਼ ਦਿੱਤਾ। ਤਲਵਾਰ ਦੀ ਮਹਿਮਾ ਦੱਸਦਿਆਂ ਕਿਹਾ ਕਿ ਉਹ ਪਰਮਾਤਮਾ ਵੱਲੋਂ ਨਿਆਂ ਦੀ ਪੂਰਤੀ ਵਾਸਤੇ ਹੈ। ਹਮਲਾਵਰ ਪ੍ਰਤੀਕ ਵਜੋਂ ਨਹੀਂ। ਇਸ ਦੀ ਵਰਤੋ ਕਦੇ ਨਿਜ ਸ਼ਕਤੀ ਵਧਾਉਣ ਲਈ ਨਹੀਂ ਕਰਨੀ ਚਾਹੀਦੀ। ਇਹ ਮਰਦਾਨਗੀ ਅਤੇ ਸਵੈ ਮਾਣ ਦਾ ਪ੍ਰਤੀਕ ਹੈ। ਇਸ ਦੀ ਵਰਤੋ ਸਿਰਫ਼ ਰੱਖਿਆ ਵਾਸਤੇ ਕੀਤੀ ਜਾਣੀ। ਆਖਰੀ ਉਪਾਅ ਵਜੋਂ ਜਦੋਂ ਹੋਰ ਸਾਰੇ ਯਤਨ ਅਸਫ਼ਲ ਹੋ ਜਾਂਦੇ ਹਨ ਤਾਂ ਤਲਵਾਰ ਚੁੱਕਣਾ ਜਾਇਜ਼ ਹੈ। ਪਾਉਂਟਾ ਸਾਹਿਬ ਵਿਖੇ ਗੁਰੂ ਜੀ ਦੇ ਦਰਬਾਰ ਵਿੱਚ ਕਲਮਕਾਰ, ਕਲਾਕਾਰ, ਗੁਣੀ ਫ਼ਨਕਾਰ ਸਨ। ਜਿਨ੍ਹਾਂ ਦਾ ਸਮੇਂ ਸਮੇਂ ਤਾਂਤਾ ਲੱਗਾ ਰਹਿੰਦਾ ਸੀ ਪਰ 52 ਕਵੀ ਪੱਕੇ ਤੌਰ 'ਤੇ ਗੁਰੂ ਦਰਬਾਰ ਵਿੱਚ ਦਰਬਾਰੀ ਰਤਨ ਕਵੀ ਬਣ ਕੇ ਰਹੇ। ਗੁਰੂ ਜੀ ਕਲਾਕਾਰਾਂ ਦਾ ਬੜਾ ਸਤਿਕਾਰ ਕਰਦੇ ਸਨ, ਜਿਨ੍ਹਾਂ ਨੇ ਆਪਣੀਆਂ ਵਡਮੁੱਲੀਆਂ ਰਚਨਾਵਾਂ ਨਾਲ ਗੁਰੂ ਸਾਹਿਬ ਜੀ ਦੇ ਧਰਮ ਪ੍ਰਚਾਰ ਵਿੱਚ ਯੋਗਦਾਨ ਪਾਇਆ। ਪਾਉਂਟਾ ਧਰਮ ਪ੍ਰਚਾਰ, ਸਾਹਿਤ ਰਚਨਾ, ਵਿਦਿਆ ਅਤੇ ਫ਼ੌਜੀ ਸਿਖਲਾਈ ਦਾ ਕੇਂਦਰ ਬਣ ਗਿਆ। ਇਸ ਤਰਾਂ ਪਾਉਂਦਾ ਸਾਹਿਬ ਰਹਿੰਦੇ ਸਮੇਂ ਗੁਰੂ ਜੀ ਆਪਣੇ ਮਨੋਰਥ ਦੀ ਪੂਰਤੀ ਦੇ ਯਤਨਾਂ, ਸਾਧਨਾਂ ਵੱਲ ਟਿੱਕ ਕੇ ਧਿਆਨ ਦੇ ਸਕੇ।

ਗੁਰੂ ਸਾਹਿਬ ਜੀ ਦੀ ਵੱਧਦੀ ਤਾਕਤ ਅਤੇ ਲੋਕਾਂ ਵਿੱਚ ਵਧਦੇ ਪ੍ਰਭਾਵ ਤੋਂ ਗੁਆਢੀਂ ਰਾਜਪੂਤ ਪਹਾੜੀ ਸ਼ਾਸਕਾਂ ਦੀ ਈਰਖਾ ਵਧਣ ਲੱਗੀ। ਤਦ ਗੁਰੂ ਸਾਹਿਬ ਜੀ ਨੂੰ ਜੰਗਾਂ ਸਹੇੜਨੀਆਂ ਪਈਆਂ। ਕੁਝ ਖ਼ਾਲਸਾ ਸਾਜਣਾ ਤੋਂ ਪਹਿਲਾਂ ਤੇ ਕੁਝ ਖ਼ਾਲਸਾ ਸਾਜਣਾ ਤੋਂ ਬਾਅਦ। ਆਨੰਦਪੁਰ ਸਾਹਿਬ ਦੀ ਪਹਿਲੀ ਜੰਗ, ਨਿਰਮੋਹ ਦੀ ਜੰਗ, ਸਤਲੁਜ ਦੀ ਜੰਗ, ਬਸੌਲੀ ਦੀ ਜੰਗ, ਅਨੰਦਪੁਰ ਸਾਹਿਬ ਦੀ ਦੂਜੀ ਜੰਗ, ਸ਼ਾਹੀ ਟਿੱਬੇ ਦੀ ਜੰਗ, ਸਿਰਸਾ ਦੀ ਜੰਗ, ਚਮਕੌਰ ਸਾਹਿਬ ਦੀ ਜੰਗ, ਖਿਦਰਾਣਾਂ ਦੀ ਜੰਗ। ਸੰਨ 1694 ਨੂੰ ਸ਼ਹਿਜ਼ਾਦਾ ਮੁਅੱਜ਼ਮ ਬਾਅਦ ਵਿੱਚ ਬਾਦਸ਼ਾਹ ਬਹਾਦਰ ਸ਼ਾਹ ਜਾਣਿਆ ਜਾਣ ਲੱਗਿਆ, ਦੇ ਸਮੇਂ ਥੋੜੀ ਜਿਹੀ ਰਾਹਤ ਮਿਲੀ। ਸੰਨ 1699 ਵਿੱਚ ਵੱਖ ਵੱਖ ਹਿਸਿਆ ਵਿੱਚ ਸਿੱਖ ਸੰਗਤਾਂ ਤੇ ਭਾਈਚਾਰੇ ਵੱਲੋਂ ਮਸੰਦਾ ਵਿਰੁੱਧ ਸ਼ਿਕਾਇਤਾਂ ਸੁਣੀਆਂ ਸਨ। ਗੁਰੂ ਸਾਹਿਬ ਜੀ ਨੇ ਸੰਗਤਾਂ ਨੂੰ ਨਿਰਦੇਸ਼ ਦਿੱਤਾ ਕਿ ਉਹ ਆਪਣੀਆਂ ਭੇਟਾਂ ਸਿੱਧੇ ਆਨੰਦਪੁਰ ਸਾਹਿਬ ਭੇਜਣ। ਗੁਰੂ ਸਾਹਿਬ ਜੀ ਨੇ ਖ਼ਾਲਸਾ ਪੰਥ ਸਾਜਣ ਦਾ ਫ਼ੈਸਲਾ ਕਰ ਲਿਆ। ਗੁਰੂ ਜੀ ਨੇ 1699 ਦੀ ਵਿਸਾਖ਼ੀ ਦਾ ਦਿਨ ਨੀਅਤ ਕੀਤਾ। ਚਾਰ ਚੁਫੇਰੇ ਸੰਗਤਾਂ ਨੂੰ ਹੁਕਮ ਭੇਜੇ ਕਿ ਵਿਸਾਖ਼ੀ ਤੇ ਵੱਡਾ ਜੋੜ ਮੇਲਾ ਹੋਵੇਗਾ। ਸੰਗਤਾਂ ਵੱਧ ਤੋਂ ਵੱਧ ਗਿਣਤੀ ਵਿੱਚ ਹਾਜ਼ਰ ਹੋਣ। ਕੇਸਗੜ੍ਹ ਸਾਹਿਬ ਆਨੰਦਪੁਰ ਵਿਖੇ ਪੰਜ ਪਿਆਰਿਆਂ ਦੀ ਚੋਣ ਕਰਕੇ ਖ਼ਾਲਸਾ ਪੰਥ ਸਾਜਿਆ। ਗੁਰੂ ਜੀ ਨੇ ਆਪਣੇ ਪੰਜ ਪਿਆਰਿਆਂ ਨੂੰ ਅੰਮ੍ਰਿਤ ਛਕਣ ਦੀ ਬੇਨਤੀ ਕੀਤੀ। ਜਿਵੇਂ ਉਹਨਾਂ ਨੇ ਉਹਨਾਂ ਨੂੰ ਅੰਮ੍ਰਿਤ ਛਕਾਇਆ ਸੀ, ਉਹ ਆਪ ਉਹਨਾਂ ਦਾ ਚੇਲਾ ਬਣ ਗਿਆ। 'ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ।' ਹੁਣ ਤੋਂ ਸਿੰਘ ਖ਼ਾਲਸਾ ਵਜੋਂ ਜਾਣੇ ਜਾਣਗੇ। ਉਦੋਂ ਗੁਰੂ ਜੀ ਦਾ ਨਾਉਂ ਗੋਬਿੰਦ ਦਾਸ ਤੋਂ ਗੋਬਿੰਦ ਸਿੰਘ ਰੱਖਿਆ ਗਿਆ। ਕੁਝ ਹੀ ਦਿਨਾਂ ਵਿੱਚ 80,000 ਮਰਦਾਂ ਅਤੇ ਔਰਤਾਂ ਆਨੰਦਪੁਰ ਵਿਖੇ ਅੰਮ੍ਰਿਤ ਛਕਿਆ। ਗੁਰੂ ਸਾਹਿਬ ਜੀ ਦਾ ਸੰਘਰਸ਼ ਮੁਗਲਾਂ ਨਾਲ ਜੰਗਾਂ ਵਿੱਚ ਚਲਦਾ ਰਿਹਾ।

ਜੰਗਾਂ ਤੋਂ ਬਾਅਦ 20 ਜਨਵਰੀ 1706 ਨੂੰ ਤਲਵੰਡੀ ਸਾਬੋ, ਹੁਣ ਦਮਦਮਾ ਸਾਹਿਬ ਕਿਹਾ ਜਾਂਦਾ ਹੈ, ਪਹੁੰਚੇ। ਉੱਥੇ 9 ਮਹੀਨਿਆਂ ਤੋਂ ਵੱਧ ਸਮਾਂ ਰਹਿਣ 'ਤੇ ਬਹੁਤ ਸਾਰੇ ਸਿੱਖ ਗੁਰੂ ਜੀ ਨੂੰ ਦੁਬਾਰਾ ਮਿਲ ਗਏ। ਉਹਨਾਂ ਨੇ ਗੁਰੂ ਜੀ ਦੀ ਬਾਣੀ ਲਿਖਣ ਵਾਲੇ ਪ੍ਰਸਿੱਧ ਵਿਦਵਾਨ ਭਾਈ ਮਨੀ ਸਿੰਘ ਜੀ ਨਾਲ ਮਿਲ ਕੇ ਸਿੱਖ ਧਰਮ ਗ੍ਰੰਥ , ਗੁਰੂ ਗ੍ਰੰਥ ਸਾਹਿਬ ਜੀ ਤਿਆਰ ਕੀਤਾ। ਗੁਰੂ ਸਾਹਿਬ ਜੀ ਕੋਲ ਵਿਦਵਾਨਾਂ ਦਾ ਇੱਕਠ ਹੋਣ ਕਰਕੇ ਸਾਹਿਤਕ ਗਤੀਵਿਧੀਆਂ ਤੋਂ ਇਸ ਸਥਾਨ ਨੂੰ ਗੁਰੂ ਕੀ ਕਾਸ਼ੀ ਜਾਂ ਵਾਰਾਨਸੀ ("ਉੱਤਰੀ ਪੂਰਬੀ ਮੱਧ ਭਾਰਤ") ਵਰਗਾ ਵਿਦਿਆ ਦਾ ਕੇਂਦਰ ਵਜੋਂ ਜਾਣਿਆ ਜਾਂਦਾ ਹੈ।

ਦੀਨਾ ਨਗਰ ਰਹਿੰਦਿਆਂ ਗੁਰੂ ਸਾਹਿਬ ਜੀ ਨੂੰ ਔਰੰਗਜ਼ੇਬ ਦਾ ਇੱਕ ਪੱਤਰ ਮਿਲਿਆ, ਜਿਸ ਵਿੱਚ ਉਸ ਨੇ ਗੁਰੂ ਸਾਹਿਬ ਜੀ ਨੂੰ ਮਿਲਣ ਦੀ ਬੇਨਤੀ ਕੀਤੀ ਸੀ ਕਿ ਆਪ ਦੱਖਣ ਵਿੱਚ ਆ ਕੇ ਉਸ ਨੂੰ ਮਿਲਣ। ਇਹ ਪੱਤਰ ਉਸ ਪੱਤਰ ਦੇ ਉੱਤਰ ਵਿੱਚ ਸੀ, ਜਿਹੜਾ ਗੁਰੂ ਸਾਹਿਬ ਜੀ ਨੇ ਚਮਕੌਰ ਦੀ ਜੰਗ ਤੋਂ ਬਾਅਦ ਉਸ ਨੂੰ ਲਿਖਿਆ ਸੀ। ਦੂਜਾ ਪੱਤਰ ਗੁਰੂ ਸਾਹਿਬ ਜੀ ਨੇ ਬਾਦਸ਼ਾਹ ਦੀ ਚਿੱਠੀ ਆਉਣ 'ਤੇ ਲਿਖਿਆ। ਇਹ ਪੱਤਰ ਫ਼ਾਰਸੀ ਕਵਿਤਾ ਵਿੱਚ ਹੈ। ਇਸ ਦੀ ਸ਼ੈਲੀ ਅਤੇ ਸੰਵਾਦ ਪਹਿਲੇ ਵਰਗੀ ਹੀ ਪ੍ਰਭਾਵ ਸ਼ੈਲੀ ਅਤੇ ਚੜ੍ਹਦੀਕਲਾ ਵਾਲੀ ਹੈ। ਗੁਰੂ ਸਾਹਿਬ ਜੀ ਨੇ ਇਸ ਪੱਤਰ ਦਾ ਨਾਂਉਂ ਜ਼ਫ਼ਰ ਨਾਮਾਹ ਜਾਂ ਵਿਜੈਗੀਤ ਰੱਖਿਆ। ਭਾਈ ਦਯਾ ਸਿੰਘ ਤੇ ਭਾਈ ਧਰਮ ਸਿੰਘ ਜੀ ਨੂੰ ਇਹ ਪੱਤਰ ਦੇ ਕੇ ਬਾਦਸ਼ਾਹ ਤੱਕ ਪਹੁੰਚਾਉਣ ਲਈ ਭੇਜਿਆ। ਉਹਨਾਂ ਨੇ ਅਹਿਮਦਨਗਰ (ਦੱਖਣ) ਪਹੁੰਚ ਕੇ ਜ਼ਫ਼ਰ ਨਾਮਾਹ ਔਰੰਗਜ਼ੇਬ ਦੇ ਹੱਥ ਫੜਾਇਆ। ਗੁਰੂ ਸਾਹਿਬ ਜੀ 30 ਅਕਤੂਬਰ 1706 ਨੂੰ ਪਹਿਲਾਂ ਹੀ ਦੱਖਣ ਵੱਲ ਰਵਾਨਾ ਹੋ ਗਏ ਸਨ। ਉਹ ਰਾਜਸਥਾਨ ਦੇ ਬਘੌਰ ਦੇ ਨੇੜਲੇ ਇਲਾਕੇ ਵਿੱਚ ਸਨ। ਜਦੋਂ ਫ਼ਰਵਰੀ 1707 ਨੂੰ ਅਹਿਮਦਨਗਰ ਬਾਦਸ਼ਾਹ ਦੀ ਮੌਤ ਦੀ ਖ਼ਬਰ ਆਈ। ਸ਼ਾਹਜਹਾਨ ਬਾਦ ਦਿੱਲੀ ਰਾਹੀਂ ਪੰਜਾਬ ਵਾਪਿਸ ਆਉਣ ਤਕ ਬਾਦਸ਼ਾਹ ਦੇ ਪੁੱਤਰ ਉਤਰਾਧਿਕਾਰੀ ਲੜਨ ਦੀ ਤਿਆਰੀ ਕਰ ਰਹੇ ਸਨ।

ਗੁਰੂ ਸਾਹਿਬ ਜੀ ਨੇ ਬਹਾਦਰ ਸ਼ਾਹ ਦੀ ਮਦਦ ਕੀਤੀ। ਫ਼ਿਰ ਦੋਵਾਂ ਦੀ ਇਕੱਤਰਤਾ 23 ਜੁਲਾਈ 1707 ਨੂੰ ਆਗਰਾ ਵਿਖੇ ਹੋਈ। ਦੋਵੇਂ ਜੂਨ 1708 ਵਿੱਚ ਤਾਪਦੀ ਨਦੀ ਅਤੇ ਅਗਸਤ ਵਿੱਚ ਗੰਗਾ ਨੂੰ ਪਾਰ ਕਰਕੇ ਹੋਏ ਅਗਸਤ ਦੇ ਅੰਤ ਵਿੱਚ ਨਾਂਦੇੜ ਪਹੁੰਚੇ। ਜਦੋਂ ਬਹਾਦਰ ਸ਼ਾਹ ਦੱਖਣ ਵੱਲ ਵਧਿਆ ਤਾਂ ਗੁਰੂ ਸਾਹਿਬ ਜੀ ਨੇ ਨਾਂਦੇੜ ਰੁਕਣ ਦਾ ਫ਼ੈਸਲਾ ਕੀਤਾ। ਇਥੋਂ ਹੀ ਬਾਬਾ ਬੰਦਾ ਸਿੰਘ ਬਹਾਦਰ ਨੂੰ ਸਿੱਖ ਕੌਮ ਦਾ ਜਥੇਦਾਰ ਥਾਪ ਕੇ ਪੰਜਾਬ ਵੱਲ ਸੂਬਾਈ ਹਾਕਮਾਂ ਵਿਰੁੱਧ ਮੁਹਿੰਮ ਜਾਰੀ ਰੱਖਣ ਲਈ ਕਿਹਾ।

ਸਰਹਿੰਦ ਦੇ ਨਵਾਬ ਵਜ਼ੀਰ ਖਾਂ ਨੂੰ ਗੁਰੂ ਸਾਹਿਬ ਜੀ ਦੀ ਬਹਾਦਰ ਸ਼ਾਹ ਨਾਲ ਦੋਸਤੀ ਤੇ ਈਰਖਾ ਹੋਈ। ਉਸ ਨੇ ਗੁਰੂ ਸਾਹਿਬ ਜੀ ਨੂੰ ਖਤਮ ਕਰਨ ਲਈ ਦੋ ਪਠਾਣ ਭੇਜੇ। ਲੇਖਕ ਸੈਨਾਪਤੀ ਅਨੁਸਾਰ ਇੱਕ ਪਠਾਣ ਨੇ ਗੁਰੂ ਸਾਹਬਿ ਜੀ ਨੂੰ ਦਿਲ ਦੇ ਹੇਠਾਂ ਛੁਰਾ ਮਾਰਿਆ। ਇਸ ਤੋਂ ਪਹਿਲਾਂ ਕਿ ਉਹ ਹੋਰ ਵਾਰ ਕਰਦਾ, ਗੁਰੂ ਸਾਹਿਬ ਜੀ ਸੰਭਲ ਗਏ ਸਨ। ਤਦ ਤਕ ਸਿੰਘਾਂ ਨੇ ਉਸ ਨੂੰ ਡੇਗ ਲਿਆ। ਬਹਾਦਰ ਸ਼ਾਹ ਨੇ ਗੁਰੂ ਸਾਹਿਬ ਜੀ ਦੇ ਇਲਾਜ ਲਈ ਯੂਰਪੀਨ ਮਾਹਿਰ ਡਾਕਟਰਾਂ ਨੂੰ ਭੇਜਿਆ। ਤੁਰੰਤ ਜ਼ਖਮ ਤੇ ਟਾਂਕੇ ਲਗਾਏ ਗਏ। ਕੁਝ ਦਿਨਾਂ ਵਿੱਚ ਜ਼ਖ਼ਮ ਠੀਕ ਹੋ ਰਿਹਾ ਸੀ। ਜਦ ਗੁਰੂ ਸਾਹਿਬ ਜੀ ਨੇ ਇੱਕ ਮਜ਼ਬੂਤ ਧਨੁਸ਼ ਨੂੰ ਖਿੱਚਿਆ ਤਾਂ ਅੱਲਾ ਜ਼ਖ਼ਮ ਫ਼ਿਰ ਖੁੱਲ ਗਿਆ। ਬਹੁਤ ਸਾਰਾ ਖ਼ੂਨ ਵਹਿ ਗਿਆ। ਦੁਬਾਰਾ ਇਲਾਜ ਕੀਤਾ ਪਰ ਗੁਰੂ ਸਾਹਿਬ ਜੀ ਨੇ ਸਪਸ਼ਟ ਕੀਤਾ ਕਿ ਸੱਚਖੰਡ ਵਾਪਸੀ ਦਾ ਸਮਾਂ ਆ ਗਿਆ ਹੈ। ਉਹਨਾਂ ਖ਼ਾਲਸੇ ਨੂੰ ਆਖਰੀ ਸੰਦੇਸ਼ ਦਿੱਤਾ ਕਿ ਅੱਗੇ ਤੋਂ ਗ੍ਰੰਥ ਸਾਹਿਬ ਜੀ ਸਿੱਖਾਂ ਦੇ ਗੁਰੂ ਹਨ। "ਆਗਿਆ ਭਈ ਅਕਾਲ ਕੀ, ਤਬੀ ਚਲਾਯੋ ਪੰਥ॥ ਸਭ ਸਿੱਖਿਨ ਕੋ ਹੁਕਮ ਹੈ, ਗੁਰੂ ਮਾਨਿਓ ਗ੍ਰੰਥ॥" ਅਰਥਾਤ ਅਬਿਨਾਸੀ ਪੁਰਖ ਦੇ ਹੁਕਮ ਨਾਲ ਪੰਥ ਦੀ ਸਿਰਜਣਾ ਕੀਤੀ ਗਈ ਹੈ। ਸਾਰੇ ਸਿੱਖਾਂ ਨੂੰ ਗ੍ਰੰਥ ਸਾਹਿਬ ਜੀ ਨੂੰ ਆਪਣਾ ਗੁਰੂ ਮੰਨਣ ਦਾ ਹੁਕਮ ਹੈ। ਗੁਰੂ ਗ੍ਰੰਥ ਨੂੰ ਗੁਰੂਆਂ ਦਾ ਸਰੂਪ ਸਮਝੋ। ਜੋ ਪਰਮਾਤਮਾ ਨੂੰ ਮਿਲਣਾ ਚਾਹੁੰਦੇ ਹਨ, ਉਹ ਉਸ ਦੀ ਬਾਣੀ ਵਿੱਚ ਪਾ ਸਕਦੇ ਹਨ। ਸ਼ੁੱਧ ਰਾਜ ਕਰੇਗਾ ਅਤੇ ਅਪਵਿੱਤਰ ਨਹੀਂ ਰਹੇਗਾ। ਜੋ ਵਿੱਛੜੇ ਹਨ, ਉਹ ਇਕੱਠੇ ਹੋ ਜਾਣਗੇ ਅਤੇ ਸਾਰੇ ਸ਼ਰਧਾਲੂ ਬਚ ਜਾਣਗੇ। ਇਹ ਘਟਨਾ ਅਕਤੂਬਰ 1708 ਦੀ ਹੈ।

ਇਤਿਹਾਸਕਾਰਾਂ ਨੇ ਆਪਣੀ ਯਥਾ ਸ਼ਕਤੀਆਂ ਅਤੇ ਸੂਝ ਨਾਲ ਗੁਰੂ ਸਾਹਿਬ ਜੀ ਬਾਰੇ ਲਿਖਿਆ ਹੈ। ਅੱਲ੍ਹਾ ਯਾਰ ਖਾਂ ਜੋਗੀ ਨੇ ਗੰਜ ਏ ਸ਼ਹੀਦਾਂ ਵਿੱਚ ਲਿਖਿਆ ਹੈ ਕਿ :

ਕਰਤਾਰ ਦੀ ਸੋਗੰਦ ਹੈ, ਨਾਨਕ ਦੀ ਕਸਮ ਹੈ।

ਜਿਤਨੀ ਭੀ ਹੋ, ਗੋਬਿੰਦ ਕੀ ਤਾਰੀਫ਼ ਵੁਹ ਕਮ ਹੈ।






# ਰੋਗ ਪ੍ਰਤੀਰੋਧਕ ਪ੍ਰਣਾਲੀ ਨੂੰ ਮਜ਼ਬੂਤ ਬਣਾਉਂਦੈ ਚਵਨਪ੍ਰਾਸ਼

ਡਾ. ਕਨਿਕਾ ਬੱਗਾ





ਚਵਨਪ੍ਰਾਸ਼ ਪ੍ਰਾਚੀਨ ਆਯੁਰਵੇਦਿਕ ਚਟਣੀ ਹੈ, ਜਿਸ ਨੂੰ ਅੱਜ ਦੇ ਸਮੇਂ ਅਨੁਸਾਰ ਅਸੀਂ ਸੁਪਰਫ਼ੂਡ ਵੀ ਕਹਿ ਸਕਦੇ ਹਾਂ। ਇਸ ਦੀ ਵਰਤੋਂ ਸਿਹਤ ਸਬੰਧੀ ਬਹੁਤ ਸਾਰੇ ਫ਼ਾਇਦੇ ਪ੍ਰਦਾਨ ਕਰਨ ਲਈ ਕੀਤੀ ਜਾਂਦੀ ਹੈ। ਇਹ ਖ਼ਾਸ ਤਰ੍ਹਾਂ ਦਾ ਹਲਕਾ ਤੇ ਪੋਸ਼ਣ ਵਾਲਾ ਟੌਨਿਕ ਹੈ, ਜੋ ਮੁੱਖ ਤੌਰ 'ਤੇ ਜੜ੍ਹੀਆਂ-ਬੂਟੀਆਂ ਤੇ ਔਲੇ ਦੇ ਮਿਸ਼ਰਨ ਨਾਲ ਬਣਾਇਆ ਜਾਂਦਾ ਹੈ। ਚਵਨਪ੍ਰਾਸ਼ ਦੀ ਮਹੱਤਵਪੂਰਨ ਵਿਸ਼ੇਸ਼ਤਾ ਇਹ ਹੈ ਕਿ ਇਹ ਸਿਰਫ਼ ਸਰੀਰ ਨੂੰ ਤਾਕਤ ਨਹੀਂ ਦਿੰਦਾ ਸਗੋਂ ਰੋਗ ਪ੍ਰਤੀਰੋਧਕ ਪ੍ਰਣਾਲੀ ਨੂੰ ਮਜ਼ਬੂਤ ਕਰਦਾ ਹੈ, ਜਿਸ ਨਾਲ ਸਰੀਰ ਸਰਦੀਆਂ 'ਚ ਹੋਣ ਵਾਲੀਆਂ ਬਹੁਤ ਸਾਰੀਆਂ ਬਿਮਾਰੀਆਂ ਤੋਂ ਬਚ ਸਕਦਾ ਹੈ।

**ਪਾਚਨ ਪ੍ਰਣਾਲੀ 'ਚ ਸੁਧਾਰ**

ਇਸ 'ਚ 50 ਤੋਂ ਵਧੇਰੇ ਕੁਦਰਤੀ ਜੜ੍ਹੀਆਂ-ਬੂਟੀਆਂ ਅਤੇ ਵੱਖ-ਵੱਖ ਔਸ਼ਧੀਆਂ ਸ਼ਾਮਿਲ ਹੁੰਦੀਆਂ ਹਨ, ਜੋ ਸਰੀਰ ਲਈ ਪੋਸ਼ਣ ਪ੍ਰਦਾਨ ਕਰਨ ਤੇ ਜ਼ਰੂਰੀ ਤੱਤਾਂ ਦੀ ਭਰਪਾਈ ਕਰਨ 'ਚ ਮਦਦ ਕਰਦੀਆਂ ਹਨ। ਇਸ ਦਾ ਮੁੱਖ ਤੱਤ ਔਲਾ ਹੈ, ਜੋ ਵਿਟਾਮਿਨ-ਸੀ ਦਾ ਸ਼ਾਨਦਾਰ ਸਰੋਤ ਹੈ। ਇਹ ਸਰੀਰ ਨੂੰ ਐਂਟੀਆਕਸੀਡੈਂਟ ਪ੍ਰਦਾਨ ਕਰਦਾ ਹੈ ਤੇ ਇਮਿਊਨ ਸਿਸਟਮ ਨੂੰ ਮਜ਼ਬੂਤ ਕਰਦਾ ਹੈ। ਇਸ ਤੋਂ ਇਲਾਵਾ ਇਸ ਵਿਚਲੀਆਂ ਔਸ਼ਧੀਆਂ ਸਰੀਰ ਦੀ ਪਾਚਨ ਪ੍ਰਣਾਲੀ ਨੂੰ ਸੁਧਾਰਦੀਆਂ ਹਨ ਤੇ ਜਿਗਰ ਦੀ ਪ੍ਰਕਿਰਿਆ ਨੂੰ ਤੇਜ਼ ਕਰਦੀਆਂ ਹਨ। ਇਹ ਸਰੀਰ 'ਚ ਆਕਸੀਜਨ ਦੇ ਪੱਧਰ ਨੂੰ ਵਧਾਉਂਦਾ ਹੈ ਤੇ ਮੈਟਾਬੌਲਿਕ ਫ਼ੰਕਸ਼ਨ ਨੂੰ ਮਜ਼ਬੂਤ ਕਰਦਾ ਹੈ।

ਸਰਦੀਆਂ 'ਚ ਵੱਖ-ਵੱਖ ਚੀਜ਼ਾਂ ਨੂੰ ਖਾਣ ਨਾਲ ਪਾਚਨ ਸਬੰਧੀ ਸਮੱਸਿਆਵਾਂ ਵੱਧ ਜਾਂਦੀਆਂ ਹਨ। ਇਹ ਪਾਚਨ ਪ੍ਰਣਾਲੀ ਨੂੰ ਮਜ਼ਬੂਤ ਕਰਦਾ ਹੈ। ਸ਼ਕਤੀ ਦਾ ਸਰੋਤ ਚਵਨਪ੍ਰਾਸ਼ ਸਰੀਰ ਨੂੰ ਤਾਕਤ ਪ੍ਰਦਾਨ ਕਰਨ 'ਚ ਮਦਦ ਕਰਦਾ ਹੈ, ਜਿਸ ਨਾਲ ਸਰੀਰ ਨੂੰ ਸਰਦੀਆਂ ਦੇ ਮੌਸਮ ਵਿੱਚ ਜ਼ਿਆਦਾ ਤਾਕਤ ਦੀ ਲੋੜ ਹੁੰਦੀ ਹੈ। ਇਹ ਸਰੀਰ ਨੂੰ ਸ਼ਕਤੀ ਦੇ ਨਾਲ-ਨਾਲ ਸਹੀ ਢੰਗ ਨਾਲ ਕੰਮ ਕਰਨ ਦੀ ਯੋਗਤਾ ਦਿੰਦਾ ਹੈ, ਜਿਸ ਨਾਲ ਸਰੀਰ ਤੰਦਰੁਸਤ ਰਹਿੰਦਾ ਹੈ।

**ਖਾਣ ਦੇ ਤਰੀਕੇ**

ਇਸ ਨੂੰ ਹਰ ਉਮਰ ਵਰਗ ਦੇ ਲੋਕ ਖਾ ਸਕਦੇ ਹਨ ਪਰ ਇਸ ਦਾ ਦਿਨ 'ਚ ਇੱਕ ਵਾਰੀ ਖਾਣਾ ਲਾਭਕਾਰੀ ਹੁੰਦਾ ਹੈ। ਰੋਜ਼ਾਨਾ ਸਵੇਰੇ ਖ਼ਾਲੀ ਪੇਟ ਗਰਮ ਪਾਣੀ ਜਾਂ ਗਰਮ ਦੁੱਧ ਨਾਲ ਖਾਣਾ ਚਾਹੀਦਾ ਹੈ, ਤਾਂ ਜੋ ਸਰੀਰ ਇਸ ਦੇ ਪੋਸ਼ਕ ਤੱਤਾਂ ਨੂੰ ਜ਼ਿਆਦਾ ਪ੍ਰਭਾਵਸ਼ਾਲੀ ਤਰੀਕੇ ਨਾਲ ਅਪਣਾ ਸਕੇ। ਚਵਨਪ੍ਰਾਸ਼ ਸਰਦੀਆਂ 'ਚ ਸਿਹਤ ਦੀ ਦ੍ਰਿਸ਼ਟੀ ਤੋਂ ਬਹੁਤ ਮਹੱਤਵਪੂਰਨ ਤੇ ਲਾਭਕਾਰੀ ਦਵਾਈ ਹੈ। ਇਸ ਦਾ ਨਿਰੰਤਰ ਉਪਯੋਗ ਸਰੀਰ ਨੂੰ ਤਾਕਤ ਤੇ ਤੰਦਰੁਸਤੀ ਦਿੰਦਾ ਹੈ। ਬਾਜ਼ਾਰ 'ਚ ਕਈ ਤਰ੍ਹਾਂ ਦੇ ਚਵਨਪ੍ਰਾਸ਼ ਮੁਹੱਈਆ ਹਨ। ਮੁਨਾਫ਼ਾਖ਼ੋਰ ਲੋਕ ਔਲੇ ਦੀ ਥਾਂ ਆਲੂ ਜਾਂ ਸ਼ਕਰਕੰਦੀ ਦੀ ਵਰਤੋਂ ਕਰ ਲੈਂਦੇ ਹਨ। ਚੰਗੀ ਤਰ੍ਹਾਂ ਪਰਖ ਕੇ ਉੱਚ ਗੁਣਵੱਤਾ ਵਾਲਾ ਚਵਨਪ੍ਰਾਸ਼ ਹੀ ਸਿਹਤ ਲਈ ਲਾਹੇਵੰਦ ਹੁੰਦਾ ਹੈ।

**ਹੱਡੀਆਂ ਤੇ ਜੋੜਾਂ ਦੀ ਮਜ਼ਬੂਤੀ**

ਸਰਦੀਆਂ 'ਚ ਹੱਡੀਆਂ ਦਾ ਦਰਦ ਆਮ ਸਮੱਸਿਆ ਹੁੰਦੀ ਹੈ। ਇਹ ਹੱਡੀਆਂ ਤੇ ਜੋੜਾਂ ਨੂੰ ਮਜ਼ਬੂਤ ਕਰਨ 'ਚ ਮਦਦ ਕਰਦਾ ਹੈ ਕਿਉਂਕਿ ਇਸ 'ਚ ਕਈ ਅਜਿਹੀਆਂ ਚੀਜ਼ਾਂ ਹਨ, ਜੋ ਹੱਡੀਆਂ ਦੇ ਮਜ਼ਬੂਤ ਰੱਖਣ ਲਈ ਜ਼ਰੂਰੀ ਹੁੰਦੀਆਂ ਹਨ। ਇਹ ਜੋੜਾਂ ਦੀ ਲਚਕੀਲੇਪਣ ਤੇ ਮਜ਼ਬੂਤੀ ਨੂੰ ਬਰਕਰਾਰ ਰੱਖਦਾ ਹੈ। ਇਸ ਦੇ ਸੇਵਨ ਨਾਲ ਚਮੜੀ ਦੀ ਸੁੰਦਰਤਾ 'ਚ ਵੀ ਵਾਧਾ ਹੁੰਦਾ ਹੈ।

**ਸਰਦੀਆਂ 'ਚ ਸਿਹਤ ਸਬੰਧੀ ਚੁਣੌਤੀਆਂ**

ਸਰਦੀਆਂ ਦੇ ਮੌਸਮ 'ਚ ਤਾਪਮਾਨ ਵਿੱਚ ਕਮੀ ਆਉਂਦੀ ਹੈ, ਜਿਸ ਨਾਲ ਸਰੀਰ ਦੀ ਇਮਿਊਨ ਸਿਸਟਮ ਦੀ ਸਮਰੱਥਾ ਘਟ ਸਕਦੀ ਹੈ। ਇਨ੍ਹਾਂ ਹਾਲਾਤਾਂ ਵਿੱਚ ਰੋਗ ਪ੍ਰਤੀਰੋਧਕ ਪ੍ਰਣਾਲੀ ਨੂੰ ਮਜ਼ਬੂਤ ਬਣਾਉਣ ਦੀ ਜ਼ਰੂਰਤ ਹੁੰਦੀ ਹੈ। ਸਰਦੀਆਂ ਦੇ ਮੌਸਮ ਵਿੱਚ ਸਰੀਰ ਨੂੰ ਵਧੇਰੇ ਧਿਆਨ ਤੇ ਪੋਸ਼ਣ ਦੀ ਲੋੜ ਹੁੰਦੀ ਹੈ, ਤਾਂ ਜੋ ਇਹ ਵੱਖ-ਵੱਖ ਬਿਮਾਰੀਆਂ ਜਿਵੇਂ ਜ਼ੁਕਾਮ, ਖੰਘ, ਫ਼ਲੂ ਤੇ ਬੁਖ਼ਾਰ ਨਾਲ ਨਜਿੱਠ ਸਕੇ। ਉਦੋਂ ਚਵਨਪ੍ਰਾਸ਼ ਸਰੀਰ ਨੂੰ ਰੋਗਾਂ ਤੋਂ ਬਚਾਉਣ ਤੇ ਸਿਹਤ ਨੂੰ ਸੁਧਾਰਨ 'ਚ ਮਹੱਤਵਪੂਰਨ ਸਾਬਿਤ ਹੁੰਦਾ ਹੈ।

# ਹਾਰਟ ਅਟੈਕ ਦੇ ਖ਼ਤਰੇ ਨੂੰ ਘੱਟ ਕਰਨ 'ਚ ਮਦਦਗਾਰ ਹਨ 5 ਯੋਗ ਆਸਣ



ਅੱਜ ਦੀ ਰੁਝੇਵਿਆਂ ਭਰੀ ਜ਼ਿੰਦਗੀ ਵਿੱਚ ਦਿਲ ਨਾਲ ਸਬੰਧਿਤ ਬਿਮਾਰੀਆਂ ਆਮ ਹੋ ਗਈਆਂ ਹਨ। ਗਲਤ ਖਾਣ-ਪੀਣ ਦੀਆਂ ਆਦਤਾਂ, ਤਣਾਅ ਅਤੇ ਘੱਟ ਕਸਰਤ ਵਰਗੇ ਕਾਰਨ ਦਿਲ ਦੀ ਸਿਹਤ 'ਤੇ ਮਾੜਾ ਪ੍ਰਭਾਵ ਪਾਉਂਦੇ ਹਨ, ਪਰ ਯੋਗਾ ਦੀ ਮਦਦ ਨਾਲ ਦਿਲ ਨੂੰ ਸਿਹਤਮੰਦ ਰੱਖਿਆ ਜਾ ਸਕਦਾ ਹੈ ਤੇ ਦਿਲ ਦੇ ਦੌਰੇ ਦੇ ਖ਼ਤਰੇ ਨੂੰ ਵੀ ਘੱਟ ਕੀਤਾ ਜਾ ਸਕਦਾ ਹੈ। ਆਓ ਜਾਣਦੇ ਹਾਂ ਦਿਲ ਨੂੰ ਸਿਹਤਮੰਦ ਰੱਖਣ ਅਤੇ ਹਾਰਟ ਅਟੈਕ ਦੇ ਖਤਰੇ ਨੂੰ ਘੱਟ ਕਰਨ ਲਈ ਕੁਝ ਖਾਸ ਯੋਗ ਆਸਣ।

**ਤਾੜਾ ਆਸਣ**

ਇਹ ਆਸਣ ਸਰੀਰ ਨੂੰ ਸਿੱਧਾ ਰੱਖਣ ਤੇ ਰੀੜ੍ਹ ਦੀ ਹੱਡੀ ਨੂੰ ਮਜ਼ਬੂਤ ਕਰਨ ਵਿੱਚ ਮਦਦ ਕਰਦਾ ਹੈ। ਇਹ ਬਲੱਡ ਪ੍ਰੈਸ਼ਰ ਨੂੰ ਸੁਧਾਰਦਾ ਹੈ ਅਤੇ ਦਿਲ ਨੂੰ ਸਿਹਤਮੰਦ ਰੱਖਦਾ ਹੈ।

ਕਿਵੇਂ ਕਰੀਏ- ਸਿੱਧੇ ਖੜ੍ਹੇ ਹੋਵੋ, ਪੈਰਾਂ ਨੂੰ ਕੁੱਲ੍ਹੇ ਦੀ ਚੌੜਾਈ 'ਤੇ ਰੱਖੋ। ਹੱਥਾਂ ਨੂੰ ਉੱਪਰ ਵੱਲ ਚੁੱਕੋ ਤੇ ਹਥੇਲੀਆਂ ਨੂੰ ਆਪਸ ਵਿੱਚ ਜੋੜੋ। ਆਪਣੀ ਗਰਦਨ ਸਿੱਧੀ ਰੱਖੋ ਤੇ ਆਪਣੀਆਂ ਅੱਖਾਂ ਬੰਦ ਕਰੋ। ਕੁਝ ਸਕਿੰਟਾਂ ਲਈ ਇਸ ਸਥਿਤੀ ਵਿੱਚ ਰਹੋ ਤੇ ਫਿਰ ਆਮ ਸਥਿਤੀ ਵਿੱਚ ਵਾਪਸ ਆ ਜਾਓ।

**ਤ੍ਰਿਕੋਣਾਸਨ**

ਇਹ ਆਸਣ ਸਰੀਰ ਨੂੰ ਲਚਕੀਲਾ ਬਣਾਉਂਦਾ ਹੈ ਅਤੇ ਬਲੱਡ ਪ੍ਰੈਸ਼ਰ ਨੂੰ ਕੰਟਰੋਲ ਕਰਨ ਵਿੱਚ ਮਦਦ ਕਰਦਾ ਹੈ। ਇਹ ਦਿਲ ਨੂੰ ਸਿਹਤਮੰਦ ਰੱਖਣ ਲਈ ਵੀ ਬਹੁਤ ਫਾਇਦੇਮੰਦ ਹੁੰਦਾ ਹੈ।

**ਕਿਵੇਂ ਕਰੀਏ**- ਲੱਤਾਂ ਨੂੰ ਕੁੱਲ੍ਹੇ ਦੀ ਚੌੜਾਈ ਤੋਂ ਥੋੜ੍ਹਾ ਜ਼ਿਆਦਾ ਫੈਲਾਓ। ਸੱਜੀ ਲੱਤ ਨੂੰ 90 ਡਿਗਰੀ ਦੇ ਕੋਣ 'ਤੇ ਮੋੜੋ ਅਤੇ ਖੱਬੀ ਲੱਤ ਨੂੰ ਸਿੱਧਾ ਰੱਖੋ। ਸੱਜਾ ਹੱਥ ਜ਼ਮੀਨ 'ਤੇ ਰੱਖੋ ਅਤੇ ਖੱਬੇ ਹੱਥ ਨੂੰ ਉੱਪਰ ਵੱਲ ਚੁੱਕੋ। ਕੁਝ ਸਕਿੰਟਾਂ ਲਈ ਇਸ ਸਥਿਤੀ ਵਿੱਚ ਰਹੋ ਅਤੇ ਫਿਰ ਦੂਜੇ ਪਾਸੇ ਦੁਹਰਾਓ।

**ਭੁਜੰਗਾਸਨ**

ਇਹ ਆਸਣ ਰੀੜ੍ਹ ਦੀ ਹੱਡੀ ਨੂੰ ਲਚਕੀਲਾ ਬਣਾਉਂਦਾ ਹੈ ਤੇ ਪਾਚਨ ਤੰਤਰ ਨੂੰ ਸਿਹਤਮੰਦ ਰੱਖਦਾ ਹੈ। ਇਹ ਦਿਲ ਨੂੰ ਸਿਹਤਮੰਦ ਰੱਖਣ ਲਈ ਵੀ ਬਹੁਤ ਫਾਇਦੇਮੰਦ ਹੁੰਦਾ ਹੈ।

ਕਿਵੇਂ ਕਰਨਾ ਹੈ: ਆਪਣੇ ਪੇਟ ਦੇ ਭਾਰ ਲੇਟ ਜਾਓ। ਠੋਡੀ ਨੂੰ ਜ਼ਮੀਨ 'ਤੇ ਰੱਖੋ ਅਤੇ ਹੱਥਾਂ ਨੂੰ ਮੋਢਿਆਂ ਦੇ ਹੇਠਾਂ ਰੱਖੋ। ਹੁਣ ਹੌਲੀ-ਹੌਲੀ ਆਪਣੀ ਛਾਤੀ ਨੂੰ ਚੁੱਕੋ ਅਤੇ ਪਿੱਛੇ ਵੱਲ ਦੇਖੋ। ਕੁਝ ਸਕਿੰਟਾਂ ਲਈ ਇਸ ਸਥਿਤੀ ਵਿੱਚ ਰਹੋ ਅਤੇ ਫਿਰ ਆਮ ਸਥਿਤੀ ਵਿੱਚ ਵਾਪਸ ਆ ਜਾਓ।





**ਸ਼ਸ਼ਾਂਕ ਆਸਣ**

ਇਹ ਆਸਣ ਤਣਾਅ ਨੂੰ ਘੱਟ ਕਰਨ ਅਤੇ ਮਨ ਨੂੰ ਸ਼ਾਂਤ ਕਰਨ ਵਿੱਚ ਮਦਦ ਕਰਦਾ ਹੈ। ਇਹ ਦਿਲ ਦੀ ਧੜਕਣ ਨੂੰ ਕੰਟਰੋਲ ਕਰਨ 'ਚ ਵੀ ਮਦਦ ਕਰਦਾ ਹੈ।

**ਕਿਵੇਂ ਕਰੀਏ**- ਗੋਡਿਆਂ ਦੇ ਭਾਰ ਬੈਠੋ ਅਤੇ ਆਪਣੇ ਮੱਥੇ ਨੂੰ ਜ਼ਮੀਨ 'ਤੇ ਰੱਖੋ। ਆਪਣੇ ਹੱਥਾਂ ਨੂੰ ਪਿੱਛੇ ਵੱਲ ਰੱਖੋ। ਕੁਝ ਸਕਿੰਟਾਂ ਲਈ ਇਸ ਸਥਿਤੀ ਵਿੱਚ ਰਹੋ ਅਤੇ ਫਿਰ ਆਮ ਸਥਿਤੀ ਵਿੱਚ ਵਾਪਸ ਆ ਜਾਓ।



**ਸ਼ਵਾਸਨਾ**

ਇਹ ਆਸਣ ਸਰੀਰ ਅਤੇ ਦਿਮਾਗ ਨੂੰ ਆਰਾਮ ਦੇਣ ਵਿੱਚ ਮਦਦ ਕਰਦਾ ਹੈ। ਇਹ ਬਲੱਡ ਪ੍ਰੈਸ਼ਰ ਨੂੰ ਕੰਟਰੋਲ ਕਰਨ ਅਤੇ ਦਿਲ ਦੀ ਧੜਕਣ ਨੂੰ ਆਮ ਬਣਾਉਣ ਵਿੱਚ ਵੀ ਮਦਦ ਕਰਦਾ ਹੈ।

**ਕਿਵੇਂ ਕਰੀਏ**: ਆਪਣੀ ਪਿੱਠ 'ਤੇ ਲੇਟ ਜਾਓ। ਲੱਤਾਂ ਨੂੰ ਥੋੜ੍ਹਾ ਜਿਹਾ ਫੈਲਾਓ ਅਤੇ ਹੱਥਾਂ ਨੂੰ ਸਰੀਰ ਦੇ ਕੋਲ ਰੱਖੋ। ਆਪਣੀਆਂ ਅੱਖਾਂ ਬੰਦ ਕਰੋ ਅਤੇ ਡੂੰਘਾ ਸਾਹ ਲਓ। ਕੁਝ ਮਿੰਟਾਂ ਲਈ ਇਸ ਸਥਿਤੀ ਵਿੱਚ ਰਹੋ ਅਤੇ ਫਿਰ ਹੌਲੀ-ਹੌਲੀ ਉੱਠੋ।

ਇਹ ਯੋਗ ਆਸਣ ਕਿਵੇਂ ਲਾਭਦਾਇਕ ਹਨ?

ਬਲੱਡ ਪ੍ਰੈਸ਼ਰ ਨੂੰ ਕੰਟਰੋਲ ਕਰਦਾ ਹੈ। ਦਿਲ ਦੀ ਧੜਕਣ ਨੂੰ ਆਮ ਬਣਾਉਂਦਾ ਹੈ।

ਤਣਾਅ ਘਟਾਉਂਦਾ ਹੈ। ਬਲੱਡ ਪ੍ਰੈਸ਼ਰ ਨੂੰ ਸੁਧਾਰਦਾ ਹੈ। ਸਰੀਰ ਨੂੰ ਲਚਕਦਾਰ ਬਣਾਉਂਦਾ ਹੈ। ਪਾਚਨ ਤੰਤਰ ਨੂੰ ਸਿਹਤਮੰਦ ਰੱਖਦਾ ਹੈ। ਮਨ ਨੂੰ ਸ਼ਾਂਤ ਕਰਦਾ ਹੈ।

**ਇਹਨਾਂ ਗੱਲਾਂ ਨੂੰ ਧਿਆਨ ਵਿੱਚ ਰੱਖੋ** :ਜੇਕਰ ਤੁਹਾਨੂੰ ਦਿਲ ਜਾਂ ਕੋਈ ਹੋਰ ਰੋਗ ਹੈ ਤਾਂ ਪਹਿਲਾਂ ਡਾਕਟਰ ਦੀ ਸਲਾਹ ਲਓ। ਯੋਗਾ ਟ੍ਰੇਨਰ ਦੀ ਮਦਦ ਨਾਲ ਹੀ ਯੋਗਾ ਕਰੋ। ਖਾਣਾ ਖਾਣ ਤੋਂ ਤੁਰੰਤ ਬਾਅਦ ਯੋਗਾ ਨਾ ਕਰੋ। ਯੋਗਾ ਕਰਦੇ ਸਮੇਂ ਆਰਾਮਦਾਇਕ ਕੱਪੜੇ ਪਾਓ। ਆਪਣੇ ਸਾਹ 'ਤੇ ਧਿਆਨ ਦਿਓ।

TRANS-ALLIANCE
TOGETHER WE SAVE

FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

FUEL CARDS
NO CREDIT - NO PROBLEM
BEST CUSTOMER SERVICE




FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

YOU BREAK DOWN
WE SHOW UP
24-HOUR ROADSIDE ASSISTANCE

TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

FUEL MANAGEMENT
DAILY FUEL RATES IN PHONE APP

CALL FOR MORE INFO
(855)641-6955, (888)795-7035

ਪੁੱਤਾਂ ਵਾਂਗ ਧੀਆਂ ਵੀ ਆਪਣੇ ਮਾਪਿਆਂ ਦਾ ਨਾਂਅ ਰੌਸ਼ਨ ਕਰ ਸਕਦੀਆਂ ਹਨ, ਕੁਝ ਅਜਿਹਾ ਹੀ ਬਿਆਨਦੀ ਹੈ ਕਹਾਣੀ

# 'ਬਦਲੀ ਸੋਚ'

ਅਰਸ਼ਦੀਪ ਸਿੰਘ ਨਿੱਝਰ



ਸਤਵੰਤ ਦੇ ਘਰ ਜਿਸ ਦਿਨ ਧੀ ਨੇ ਜਨਮ ਲਿਆ ਤਾਂ ਉਹ ਬੁੱਝ ਜਿਹਾ ਗਿਆ ਸੀ। ਉਸਦੀ ਮਾਂ ਨੇ ਕਿਹਾ, 'ਕੋਈ ਨਾ ਪੁੱਤ ਹੌਸਲਾ ਰੱਖ, ਇਹ ਵੀ ਉਸ ਰੱਬ ਦੀ ਹੀ ਦੇਣ ਹੈ।' 'ਪਰ ਮਾਂ, ਮੇਰੀਆਂ ਆਸਾਂ ਤਾਂ ਮਿੱਟੀ 'ਚ ਮਿਲ ਗਈਆਂ ਨਾ...ਕਿੰਨਾ ਸੋਚਿਆ ਸੀ ਕਿ ਮੁੰਡੇ ਨੂੰ ਪੜ੍ਹਾ ਲਿਖਾ ਕੇ ਵੱਡਾ ਅਫ਼ਸਰ ਬਣਾਵਾਂਗਾ...ਜੇ ਪੜ੍ਹਾਈ 'ਚ ਜ਼ਰਾ ਕਮਜ਼ੋਰ ਹੋਇਆ ਤਾਂ ਖੇਡਾਂ ਵਾਲੇ ਪਾਸੇ ਪਾ ਦੇਵਾਂਗਾ...ਪਰ ਇਸ ਕੁੜੀ...।'

'ਪਰ ਇਹ ਸਭ ਤਾਂ ਕੁੜੀ ਨੂੰ ਵੀ ਬਣਾਇਆ ਜਾ ਸਕਦਾ...।' ਸਤਵੰਤ ਦੀ ਗੱਲ ਵਿਚਾਲਿਉਂ ਹੀ ਕੱਟਦਿਆਂ ਮਾਂ ਨੇ ਜਵਾਬ ਦਿੱਤਾ।

'ਪੜ੍ਹਾਈ ਤਾਂ ਠੀਕ ਹੈ, ਪਰ ਖੇਡਾਂ ਵਿੱਚ ਬਾਹਰ ਅੰਦਰ ਜਾਣਾ ਪੈਂਦਾ...ਧੀ ਦਾ ਧਨ ਹੈ....ਕੋਈ ਊਨੀ ਇੱਕੀ ਹੋ ਗਈ....।' ਇਹ ਕਹਿੰਦੇ ਹੋਏ, ਸਤਵੰਤ ਹਿਰਖਿਆ ਹੋਇਆ ਚਲਾ ਗਿਆ। ਹੌਲੀ-ਹੌਲੀ ਸਮਾਂ ਬੀਤ ਦਾ ਗਿਆ। ਧੀ ਜਿਸ ਦਾ ਨਾਂ ਬਰਕਤ ਰੱਖਿਆ ਗਿਆ ਸੀ, ਉਸ ਨੇ ਸਾਰੇ ਪਰਿਵਾਰ ਨੂੰ ਅਜਿਹੀਆਂ ਮੋਹ ਦੀਆਂ ਤੰਦਾਂ 'ਚ ਜਕੜਿਆ ਕਿ ਕੋਈ ਉਹਦੇ ਬਿਨਾਂ ਸਾਹ ਨਹੀਂ ਸੀ ਲੈਂਦਾ। ਬਰਕਤ ਦੋ ਘੜੀ ਅੱਖੋਂ ਓਹਲੇ ਕੀ ਹੁੰਦੀ ਕਿ ਸਾਰੇ ਟੱਬਰ ਦੇ ਭਾਅ ਦੀ ਬਣ ਜਾਂਦੀ। ਪਰ ਸਤਵੰਤ ਅਜੇ ਵੀ ਇੱਕ ਅਜੀਬ ਜਿਹੀ ਕਸ਼ਮਕਸ਼ ਵਿੱਚ ਰਹਿੰਦਾ ਸੀ। ਭਾਵੇਂ ਉਹ ਬਰਕਤ ਦੀਆਂ ਸਾਰੀਆਂ ਜ਼ਰੂਰਤਾਂ ਦਾ ਧਿਆਨ ਰੱਖਦਾ ਸੀ ਪਰ ਪਰਿਵਾਰ ਦੇ ਹੋਰ ਜੀਆਂ ਵਾਂਗ ਉਸ ਨਾਲ ਬਹੁਤੀ ਖੁੱਲ੍ਹ ਕੇ ਗੱਲ ਨਹੀਂ ਸੀ ਕਰਦਾ। ਬਰਕਤ ਹੁਣ 9ਵੀਂ ਕਲਾਸ ਵਿੱਚ ਹੋ ਗਈ ਸੀ। ਜਿਵੇਂ-ਜਿਵੇਂ ਉਹ ਜੁਆਨ ਹੋ ਰਹੀ ਸੀ, ਸਤਵੰਤ ਦੀ ਬੇਚੈਨੀ ਵੀ ਵੱਧਦੀ ਜਾ ਰਹੀ ਸੀ। ਇੱਕ ਦਿਨ ਉਹ ਆਪਣੀ ਘਰਵਾਲੀ ਮਨਜੋਤ ਨੂੰ ਬੋਲਿਆ, 'ਧੀਆਂ ਸਫੇਦ ਚਾਦਰ ਵਰਗੀਆਂ ਹੁੰਦੀਆਂ ਹਨ, ਸਫੇਦ ਚਾਦਰ ਜਿਸ 'ਤੇ ਇੱਕ ਵਾਰ ਦਾਗ਼ ਲੱਗ ਗਿਆ ਤਾਂ ਜਿੰਨਾ ਮਰਜ਼ੀ ਧੋ ਲਵੋ, ਨਿਸ਼ਾਨ ਤਾਂ ਰਹਿ ਹੀ ਜਾਂਦਾ ਹੈ।'

'ਸਤਵੰਤ! ਤੁਸੀਂ ਕਿਉਂ ਨਹੀਂ ਆਪਣੀ ਤੰਗ ਖਿਆਲੀ ਨੂੰ ਛੱਡ ਦੇ...ਮੈਨੂੰ ਤਾਂ ਲੱਗਦਾ ਤੁਸੀਂ ਸਾਈਕੋ ਹੋ ਗਏ ਓ...ਅਜਿਹੀ ਘਟੀਆ ਗੱਲ...ਉਹ ਵੀ ਆਪਣੀ ਧੀ ਬਾਰੇ!!...ਸਮਝ ਨਹੀਂ ਆਉਂਦੀ ਤੁਹਾਡੇ ਨਾਲ ਲੜਾਂ ਜਾ ਤੁਹਾਡਾ ਕੀ ਕਰਾਂ?' ਕਹਿੰਦਿਆਂ ਮਨਜੋਤ, ਕਮਰੇ ਦਾ ਦਰਵਾਜ਼ਾ ਟਪਾਕ ਮਾਰ ਕੇ ਚਲੀ ਗਈ। ਸਤਵੰਤ ਨੂੰ ਲੱਗਿਆ, ਜਿਵੇਂ ਇਹ ਦਰਵਾਜ਼ਾ ਉਸਦੇ ਮੂੰਹ 'ਤੇ ਸਿੱਧਾ ਆ ਕੇ ਵੱਜਿਆ ਹੋਵੇ। ਕਿੰਨਾ ਹੀ ਚਿਰ ਉਹ ਨਿੰਮੋਝੂਣਾ ਜਿਹਾ ਹੋ ਕੇ ਬੈਠਾ ਰਿਹਾ, ਫੇਰ ਮੋਬਾਇਲ ਕੱਢ ਕੇ ਉਸ ਵਿੱਚੋਂ ਕੁਝ ਪੜ੍ਹਨ ਲੱਗਿਆ।

ਇਸ ਘਟਨਾ ਨੂੰ ਤਕਰੀਬਨ ਇੱਕ ਮਹੀਨਾ ਬੀਤ ਗਿਆ ਸੀ। ਬਰਕਤ ਨੇ ਜੂਡੋ ਦੇ ਅੰਡਰ-16 ਮੁਕਾਬਲਿਆਂ ਵਿੱਚ ਸਟੇਟ ਪੱਧਰ 'ਤੇ ਗੋਲਡ ਮੈਡਲ ਹਾਸਲ ਕੀਤਾ। ਬਰਕਤ ਦੀ ਇਸ ਕਾਮਯਾਬੀ ਕਰਕੇ, ਸਾਰੇ ਪਰਿਵਾਰ ਵਿੱਚ ਖ਼ੁਸ਼ੀ ਅਤੇ ਹੁਲਾਸ ਦੀ ਇੱਕ ਲਹਿਰ ਦੌੜ ਰਹੀ ਸੀ। ਸਤਵੰਤ ਨੇ ਵੀ ਖ਼ੁਸ਼ ਹੁੰਦਿਆਂ ਧੀ ਨੂੰ ਗਲੇ ਨਾਲ ਲਗਾ ਲਿਆ, ਪਰ ਜਿਵੇਂ ਹੀ ਬਰਕਤ ਨੇ ਕਿਹਾ, 'ਪਾਪਾ! ਹੁਣ ਨੈਸ਼ਨਲ ਖੇਡਣ ਲਈ ਬੰਗਲੌਰ ਜਾਣਾ ਪੈਣਾ।' ਤਾਂ ਸਤਵੰਤ ਦੀਆਂ ਅੱਖਾਂ ਚੁੰਧਿਆ ਗਈਆਂ, ਉਸ ਨੂੰ ਸਭ ਕੁੱਝ ਧੁੰਦਲਾ ਜਿਹਾ ਦਿਸਣ ਲੱਗਿਆ ਅਤੇ ਉਸ ਨੇ ਇਕਦਮ ਬਰਕਤ ਨੂੰ ਧੱਕਾ ਮਾਰ ਕੇ ਪਾਸੇ ਕਰ ਦਿੱਤਾ ਅਤੇ ਸਿਰ ਫੜ ਕੇ ਬੈਠ ਗਿਆ। ਬਰਕਤ ਨੂੰ ਕੁਝ ਸਮਝ ਨਾ ਆਇਆ। ਮਨਜੋਤ ਬੋਲਣ ਹੀ ਲੱਗੀ ਸੀ ਕਿ ਸੱਸ ਨੇ ਇਸ਼ਾਰੇ ਨਾਲ਼ ਚੁੱਪ ਕਰਵਾ ਦਿੱਤਾ।

'ਤੇਰੇ ਪਾਪਾ ਨੂੰ ਕਦੇ-ਕਦੇ ਘੁੰਮੇਰ ਚੜ੍ਹ ਜਾਂਦੀ ਹੈ, ਚੱਕਰ ਆਉਣ ਲੱਗਦੇ ਹਨ, ਫੇਰ ਉਨ੍ਹਾਂ ਨੂੰ ਪਤਾ ਨਹੀਂ ਲੱਗਦਾ ਕੀ ਕਰ ਰਹੇ ਨੇ। ਜਾ ਮੇਰੀ ਲਾਡੋ ਧੀ, ਤੂੰ ਜਾ ਕੇ ਆਰਾਮ ਕਰ।' ਭਾਵੇਂ ਮਾਂ ਆਪਣੇ ਪੁੱਤ ਦੀ ਇਸ ਕਰਤੂਤ ਤੋਂ ਹਿਰਖ ਖਾ ਗਈ ਸੀ ਪਰ ਫੇਰ ਵੀ ਗੱਲ 'ਤੇ ਪਰਦਾ ਪਾਉਣ ਲਈ, ਉਹ ਇਹ ਗੱਲ ਬੋਲੀ ਸੀ।

'ਘੁੰਮੇਰ ਤਾਂ ਉਦੋਂ ਦੀ ਹੀ ਚੜ੍ਹੀ ਹੋਈ ਜਦੋਂ ਦੀ ਆਹ ਜੰਮੀ ਹੈ, ਬਥੇਰਾ ਸਮਝਾ ਲਿਆ ਪਰ ਇਹ ਬੰਦਾ ਤਾਂ ਇੰਝ ਘੁੱਗੂਆਂ ਵਾਂਗ ਕਰਦਾ ਜਿਵੇਂ ਕੋਈ ਟੂਣਾ ਟੱਪ ਗਿਆ ਹੋਵੇ। ਪਤਾ ਨਹੀਂ ਜਿਹੜੇ ਅੱਖਾਂ 'ਤੇ ਖੋਪੇ ਚਾੜ੍ਹੀ ਬੈਠਾ ਕਦੋਂ ਉਤਾਰੂ...ਉਤਾਰੂ ਵੀ ਜਾਂ ਨਹੀਂ...ਰੱਬ ਹੀ ਜਾਣੇ।' ਬਰਕਤ ਦੇ ਚਲੇ ਜਾਣ ਤੋਂ ਬਾਅਦ ਮਨਜੋਤ ਇੱਕੋ ਸਾਹੇ ਸੱਸ ਨੂੰ ਕਿੰਨਾ ਕੁੱਝ ਬੋਲ ਗਈ।

'ਕੋਈ ਨਾ ਪੁੱਤ, ਰੱਬ ਪਾਊ ਸੁਮੱਤਿਆ... ਤੂੰ ਹੌਸਲਾ ਰੱਖ।' ਕਹਿ ਕੇ ਸੱਸ ਨੇ ਉਸਦਾ ਮੋਢਾ ਥਾਪੜਿਆ।

ਰਾਤ ਦੀ ਰੋਟੀ ਖਾਣ ਤੋਂ ਬਾਅਦ ਸਾਰੇ ਕੰਮ ਮੁਕਾ ਕੇ ਜਦੋਂ ਮਨਜੋਤ ਸੌਣ ਲਈ ਕਮਰੇ ਵਿੱਚ ਆਈ ਤਾਂ ਸਤਵੰਤ ਕੋਈ ਕਿਤਾਬ ਪੜ੍ਹ ਰਿਹਾ ਸੀ। 'ਨਾ ਆਹ ਕੀ ਕੀਤਾ ਅੱਜ ਤੁਸੀਂ!...ਬਰਕਤ 'ਤੇ ਕੀ ਅਸਰ ਪਿਆ ਹੋਣਾ ਤੁਹਾਡੀ ਇਸ ਹਰਕਤ ਦਾ...ਕਦੇ ਦਿਮਾਗ਼ ਖੋਲ੍ਹ ਕੇ ਵੀ ਰੱਖਿਆ ਕਰੋ..।' ਮਨਜੋਤ ਦੀ ਆਵਾਜ਼ ਵਿੱਚ ਇਸ ਤਰ੍ਹਾਂ ਦੀ ਤਲਖ਼ੀ ਦੇਖ ਕੇ ਸਤਵੰਤ ਨੇ ਕਿਤਾਬ ਪਾਸੇ ਰੱਖ ਦਿੱਤੀ ਅਤੇ ਬੋਲਿਆ, 'ਧਰਤੀ ਦੇ ਉਹ ਦੂਜੇ ਖੂੰਝੇ 'ਚ ਆ ਬੰਗਲੌਰ, ਐਦਾਂ ਕਿੱਦਾਂ ਭੇਜ ਦੇਵਾਂ ਬਰਕਤ ਨੂੰ, ਉਹ ਵੀ ਇਕੱਲੇ।'

'ਇੰਡੀਆ 'ਚ ਹੀ ਹੈ...ਕੋਈ ਵੀਜ਼ਾ ਨ੍ਹੀਂ ਲੱਗਦਾ ਉੱਥੇ ਜਾਣ ਦਾ...ਨਾਲੇ ਸਾਡੀ ਧੀ ਨੂੰ ਦੁਨੀਆਂ ਦੇਖਣ ਦਾ ਮੌਕਾ ਮਿਲੇਗਾ...ਜੇਕਰ ਨੈਸ਼ਨਲ ਜਿੱਤ ਗਈ ਤਾਂ ਸੋਚੋ ਕਿੰਨਾ ਨਾਮ ਰੌਸ਼ਨ ਹੋਵੇਗਾ ਤੁਹਾਡਾ, ਮੇਰਾ, ਸਾਰੇ ਪਰਿਵਾਰ ਦਾ।' ਇਹ ਕਹਿੰਦਿਆਂ ਮਨਜੋਤ ਦੀਆਂ ਅੱਖਾਂ ਵਿੱਚ ਇੱਕ ਚਮਕ ਆ ਗਈ ਸੀ, ਐਸੀ ਚਮਕ ਜਿਵੇਂ ਬਰਕਤ ਨੇ ਸੱਚਮੁੱਚ ਹੀ ਨੈਸ਼ਨਲ ਵੀ ਜਿੱਤ ਲਈ ਹੋਵੇ। ਪਰ ਸਤਵੰਤ ਉਸਦੀ ਗੱਲ ਬਿਲਕੁਲ ਨਜ਼ਰਅੰਦਾਜ਼ ਕਰਦੇ ਹੋਏ ਬੋਲਿਆ, 'ਮੈਨੂੰ ਸਿਰਫ਼ ਐਨਾ ਪਤਾ ਹੈ ਕਿ ਮੇਰੀ ਧੀ ਕਿਤੇ ਨਹੀਂ ਜਾਵੇਗੀ।' ਅਤੇ ਫੇਰ ਪਾਸਾ ਵੱਟ ਕੇ, ਉੱਤੇ ਚਾਦਰ ਵਲੇਟ ਕੇ ਸੌਂ ਗਿਆ।

ਉੱਧਰ ਬਰਕਤ ਨੂੰ ਨੀਂਦ ਨਹੀਂ ਸੀ ਆ ਰਹੀ। ਉਸ ਦੀਆਂ ਅੱਖਾਂ ਅੱਗੇ ਪਾਪਾ ਵੱਲੋਂ ਮਾਰਿਆ ਉਹ ਧੱਕਾ ਵਾਰ-ਵਾਰ ਘੁੰਮ ਰਿਹਾ ਸੀ। ਉਹ ਉੱਠ ਕੇ ਦਾਦੀ ਦੇ ਕਮਰੇ ਵੱਲ ਜਾਣ ਲੱਗੀ, ਪਰ ਦਾਦੀ ਨੂੰ ਕਿਉਂ ਡਿਸਟਰਬ ਕਰਨਾ, ਸੋਚ ਕੇ ਮੁੜ ਆਪਣੇ ਕਮਰੇ ਵਿੱਚ ਆ ਗਈ। ਸਤਵੰਤ ਹੁਣ ਕੰਮ 'ਤੇ ਆਮ ਨਾਲੋਂ ਪਹਿਲਾਂ ਨਿਕਲ ਜਾਂਦਾ ਸੀ। ਉਹ ਕੋਸ਼ਿਸ਼ ਕਰਦਾ ਕਿ ਬਰਕਤ ਦੇ ਸਾਹਮਣੇ ਜਿੰਨਾ ਘੱਟ ਆਵੇ ਓਨਾ ਹੀ ਚੰਗਾ ਹੈ ਕਿਉਂਕਿ ਬਰਕਤ ਦੇ ਨੈਸ਼ਨਲ ਖੇਡਣ ਜਾਣ ਲਈ ਕੰਨਸੈਂਟ ਫਾਰਮ 'ਤੇ ਦਸਤਖ਼ਤ ਕਰਨ ਦੀ ਲੋੜ ਸੀ ਅਤੇ ਉਹ ਨਹੀਂ ਸੀ ਚਾਹੁੰਦਾ ਕਿ ਕਿਤੇ ਬਰਕਤ ਅੱਗੇ ਉਹ ਡੋਲ ਜਾਵੇ ਅਤੇ ਕੰਨਸੈਂਟ ਫਾਰਮ ਉੱਤੇ ਦਸਤਖ਼ਤ ਕਰ ਦੇਵੇ।

ਨੈਸ਼ਨਲ ਖੇਡਣ ਦਾ ਕੰਨਸੈਂਟ ਫਾਰਮ ਜਮ੍ਹਾਂ ਕਰਵਾਉਣ ਲਈ ਸਿਰਫ਼ ਦੋ ਦਿਨ ਰਹਿ ਗਏ ਸੀ। 'ਮੰਮਾ, ਦਾਦੀ, ਤੁਸੀਂ ਪਾਪਾ ਨਾਲ ਗੱਲ ਕਿਉਂ ਨਹੀਂ ਕਰਦੇ...ਜਾਂ ਤਾਂ ਪਾਪਾ ਤੋਂ ਸਾਈਨ ਕਰਵਾ ਦਿਉ...ਜਾਂ ਮੰਮਾ ਤੁਸੀਂ ਆਪ ਸਾਈਨ ਕਰ ਦੋ...ਗਾਰਡੀਅਨ ਕੰਨਸੈਂਟ ਦੀ ਲੋੜ ਹੈ, ਏਜ਼ ਅ ਮਦਰ ਤੁਸੀਂ ਵੀ ਕਰ ਸਕਦੇ ਓ ਸਾਈਨ।' ਬਿਲਕੁਲ ਰੋਣਹਾਕੀ ਅਤੇ ਬੇਵੱਸ ਆਵਾਜ਼ ਵਿੱਚ ਬਰਕਤ ਨੇ ਗੁਹਾਰ ਲਗਾਈ। 'ਕੋਈ ਨਾ, ਅੱਜ ਸ਼ਾਮ ਨੂੰ ਤੇਰੇ ਪਾਪਾ ਨਾਲ ਗੱਲ ਕਰਦੇ ਹਾਂ।' ਮਾਂ ਅਤੇ ਦਾਦੀ ਨੇ ਇਕੱਠਿਆਂ ਹੀ ਦਿਲਾਸਾ ਦਿੱਤਾ।

'ਮੰਮਾ ਪਲੀਜ਼!...ਦਾਦੀ ਪਲੀਜ਼!' ਕਹਿੰਦਿਆਂ ਬਰਕਤ ਹੱਥ ਵਿੱਚ ਫੜਿਆ ਕੰਨਸੈਂਟ ਫਾਰਮ ਲੈ ਕੇ ਆਪਣੇ ਕਮਰੇ ਵਿੱਚ ਚਲੀ ਗਈ। ਬਰਕਤ ਨੂੰ ਇਸ ਤਰ੍ਹਾਂ ਅੱਕੀਂ ਪਲਾਹੀਂ ਹੱਥ ਮਾਰਦੇ ਦੇਖ, ਜਿੱਥੇ ਉਨ੍ਹਾਂ ਨੂੰ ਬਰਕਤ 'ਤੇ ਤਰਸ ਆ ਰਿਹਾ ਸੀ ਉੱਥੇ ਹੀ ਸਤਵੰਤ ਦੇ ਇਸ ਤਰ੍ਹਾਂ ਪੱਥਰ ਬਣ ਜਾਣ 'ਤੇ ਗੁੱਸਾ ਵੀ ਆ ਰਿਹਾ ਸੀ। ਸ਼ਾਮ ਹੋ ਗਈ, ਸਭ ਸਤਵੰਤ ਦੇ ਆਉਣ ਦੀ ਉਡੀਕ ਵਿੱਚ ਬੈਠੇ ਸਨ। ਪਰ ਜਦੋਂ ਉਹ ਕਾਫ਼ੀ ਦੇਰ ਤੱਕ ਨਾ ਆਇਆ ਤਾਂ ਮਨਜੋਤ ਨੇ ਪਤਾ ਕਰਨ ਲਈ ਫੋਨ ਕੀਤਾ। ਪਰ ਸਤਵੰਤ ਨੇ ਫੋਨ ਕੱਟ ਕੇ ਮੈਸੇਜ ਕਰ ਦਿੱਤਾ ਕਿ ਉਹ ਬਿਜ਼ੀ ਹੈ, ਦੇਰ ਨਾਲ ਆਵੇਗਾ। ਉਸਦੇ ਘਰ ਆਉਣ ਤੱਕ ਸਾਰੇ ਸੌਂ ਚੁੱਕੇ ਸੀ। ਮਨਜੋਤ ਨੇ ਦਰਵਾਜ਼ਾ ਖੋਲ੍ਹ ਕੇ ਗੱਲ ਕਰਨੀ ਚਾਹੀ ਪਰ ਸਤਵੰਤ ਨੇ ਕਿਹਾ ਕਿ ਉਹ ਥੱਕਿਆ ਹੋਇਆ ਹੈ ਅਤੇ ਖਾਣਾ ਬਾਹਰ ਹੀ ਖਾ ਆਇਆ ਹੈ ਅਤੇ ਕੱਪੜੇ ਬਦਲ ਕੇ ਸੌਂ ਗਿਆ।

ਅਗਲੀ ਸਵੇਰ ਜਦੋਂ ਨਾਸ਼ਤਾ ਕਰਨ ਲਈ ਉਹ ਡਾਈਨਿੰਗ ਟੇਬਲ 'ਤੇ ਆ ਕੇ ਬੈਠਿਆ ਤਾਂ ਮਾਂ ਬੋਲੀ, 'ਪੁੱਤ! ਤੇਰੇ ਨਾਲ ਇੱਕ ਗੱਲ ਕਰਨੀ ਸੀ।'

'ਤੁਸੀਂ ਗੱਲ ਬਾਅਦ ਵਿੱਚ ਕਰਿਓ, ਪਹਿਲਾਂ ਇਹ ਦੱਸੋ ਬਰਕਤ ਕਿੱਥੇ ਹੈ? ਉਹ ਕਿਉਂ ਨਹੀਂ ਆਈ ਨਾਸ਼ਤਾ ਕਰਨ?'

'ਸਕੂਲ ਲਈ ਤਿਆਰ ਹੋ ਰਹੀ, ਬਸ ਆਉਂਦੀ ਹੀ ਹੋਵੇਗੀ।' ਮਨਜੋਤ ਨੇ ਜਵਾਬ ਦਿੱਤਾ।

'ਓਕੇ।' ਕਹਿ ਕੇ ਸਤਵੰਤ ਟੇਬਲ 'ਤੇ ਪਿਆ ਅਖਬਾਰ ਚੁੱਕ ਕੇ ਪੜ੍ਹਨ ਲੱਗ ਪਿਆ। ਐਨੇ ਵਿੱਚ ਬਰਕਤ ਵੀ ਆ ਕੇ ਬੈਠ ਗਈ। ਉਸਨੂੰ ਦੇਖਦਿਆਂ ਹੀ ਸਤਵੰਤ ਨੇ ਪੁੱਛਿਆ, 'ਕਿੱਦਾਂ ਚੱਲ ਰਹੀ ਬੇਟਾ ਤੇਰੀ ਨੈਸ਼ਨਲ ਦੀ ਤਿਆਰੀ?' ਸਤਵੰਤ ਦੇ ਮੂੰਹੋਂ ਇਹ ਸਵਾਲ ਸੁਣ ਕੇ ਹੈਰਾਨੀ ਵਿੱਚ ਇੱਕ ਵਾਰ ਤਾਂ ਮਨਜੋਤ ਦੇ ਹੱਥ ਵਿਚਲੀ ਰੋਟੀ ਛੁੱਟ ਕੇ ਡਿੱਗ ਪਈ। ਉਹ ਸੋਚ ਰਹੀ ਸੀ ਕਿ ਆਹ ਉਲਟੀ ਗੰਗਾ ਕਿੱਧਰੋਂ ਵਗ ਤੁਰੀ।

'ਪਾਪਾ! ਠੀਕ ਚੱਲ ਰਹੀ, ਪਰ ਉੱਥੇ ਜਾਣ ਲਈ ਕੰਨਸੈਂਟ ਫਾਰਮ 'ਤੇ ਤੁਹਾਡੇ ਸਾਈਨ ਚਾਹੀਦੇ ਨੇ।' ਕਹਿੰਦਿਆਂ ਬਰਕਤ ਨੇ ਕੰਨਸੈਂਟ ਫਾਰਮ ਸਤਵੰਤ ਦੇ ਅੱਗੇ ਰੱਖ ਦਿੱਤਾ। ਸਤਵੰਤ ਨੇ ਝਟ ਫਾਰਮ 'ਤੇ ਸਾਈਨ ਕਰ ਦਿੱਤੇ ਅਤੇ ਬਰਕਤ ਨੂੰ ਕਲਾਵੇ ਵਿੱਚ ਲੈਂਦਿਆਂ ਬੋਲਿਆ, 'ਮੇਰੀਆਂ ਬੈਸਟ ਵਿਸ਼ਜ਼ ਤੇਰੇ ਨਾਲ ਨੇ, ਗਿਵ ਇਟ ਯੂਅਰ 100%...ਜੋ ਤੂੰ ਕਰਨ ਜਾ ਰਹੀ ਬਸ ਉੱਸੇ 'ਤੇ ਫੋਕਸ ਰੱਖੀਂ।'

'ਜੀ ਪਾਪਾ! ਥੈਂਕ ਯੂ।' ਕਹਿੰਦਿਆਂ ਬਰਕਤ ਨੇ ਕੰਨਸੈਂਟ ਫਾਰਮ ਬੈੱਗ ਵਿੱਚ ਪਾ ਲਿਆ ਅਤੇ ਪੁੱਠੀਆਂ ਛਾਲਾਂ ਮਾਰਦੀ ਸਕੂਲ ਚਲੀ ਗਈ।

ਜਦੋਂ ਮਨਜੋਤ ਨਾਸ਼ਤਾ ਕਰਨ ਲਈ ਡਾਈਨਿੰਗ ਟੇਬਲ 'ਤੇ ਆਈ ਤਾਂ ਉਸਦੇ ਕੁੱਝ ਪੁੱਛਣ ਤੋਂ ਪਹਿਲਾਂ ਹੀ ਸਤਵੰਤ ਬੋਲਿਆ, 'ਕੱਲ੍ਹ ਆਪਣੇ ਦੋਸਤ ਗੁਰੀ ਦੇ ਘਰ ਇੱਕ ਫਿਲਮ ਦੇਖ ਰਿਹਾ ਸੀ। ਜਿਸ ਵਿੱਚ ਹਰਿਆਣੇ ਦੇ ਇੱਕ ਪੱਛੜੇ ਜਿਹੇ ਪਿੰਡ ਦਾ ਦਿਹਾਤੀ ਜਿਹਾ ਦਿਖਣ ਵਾਲਾ ਵਿਅਕਤੀ ਆਪਣੀਆਂ ਚਾਰ ਬੇਟੀਆਂ ਨੂੰ ਐਨੀ ਮਿਹਨਤ ਕਰਵਾਉਂਦਾ ਕਿ ਉਹ ਦੇਸ਼ ਲਈ ਮੈਡਲ ਜਿੱਤ ਲਿਆਉਂਦੀਆਂ ਹਨ। ਉਹ ਕਹਿੰਦਾ ਕਿ ਮਾਰੀ ਛੋਰੀਆਂ, ਛੋਰੋਂ ਸੈ ਕੰਮ ਹੈ ਕੇ। ਜਦ ਇੱਕ ਅਨਪੜ੍ਹ ਦਿਹਾਤੀ ਵਿਅਕਤੀ ਅਜਿਹੀ ਸੋਚ ਰੱਖ ਸਕਦਾ ਹੈ, ਮੈਂ ਤਾਂ ਫੇਰ ਮਾਸਟਰਜ ਡਿੱਗਰੀ ਪਾਸ ਹਾਂ। ਮੈਂ ਆਪਣੀ ਧੀ ਦੀ ਪਰਵਾਜ਼ ਵਿੱਚ ਕਿਵੇਂ ਰੁਕਾਵਟ ਪਾ ਸਕਦਾ ਹਾਂ।'

ਥੋੜ੍ਹੀ ਦੇਰ ਪਹਿਲਾਂ ਜੋ ਸਾਰੇ ਪਰਿਵਾਰ ਨੂੰ ਧੁੜਕੂ ਲੱਗਿਆ ਹੋਇਆ ਸੀ ਨੂੰ ਸਤਵੰਤ ਦੀ ਇਸ ਬਦਲੀ ਸੋਚ ਨੇ ਸ਼ਾਂਤ ਕਰ ਦਿੱਤਾ ਸੀ।

## ਮਿੰਨੀ ਕਹਾਣੀਆਂ

### ਬੰਦਗੀ

ਜਗਜੀਤ ਸਿੰਘ ਲੋਹਟਬੱਦੀ

ਪਿੰਡ ਦੇ ਬਾਹਰਵਾਰ ਬਣੇ ਡੇਰੇ ਵਿੱਚ ਖ਼ੂਬ ਚਹਿਲ-ਪਹਿਲ ਸੀ। ਵੱਡੇ ਭੰਡਾਰੇ ਦਾ ਦਿਨ ਜੁ ਸੀ। ਹਰ ਸਾਲ ਸਾਵਣ ਦੀ ਪੂਰਨਮਾਸ਼ੀ ਮਨਾਈ ਜਾਂਦੀ। ਮਹਾਂਪੁਰਸ਼ਾਂ ਦਾ ਜਮਾਵੜਾ ਲੱਗਦਾ। ਪੰਡਾਲ ਵਿੱਚ ਇਕੱਤਰ ਹੋਏ ਹਜ਼ਾਰਾਂ ਸ਼ਰਧਾਲੂ ਨਤਮਸਤਕ ਹੋ ਰਹੇ ਸਨ। ਡੇਰੇ ਦੇ ਸੰਚਾਲਕ ਸਵਾਮੀ ਜੀ ਉੱਚੇ ਆਸਣ 'ਤੇ ਬਿਰਾਜਮਾਨ, ਅੰਤਰ ਧਿਆਨ ਦੀ ਮੁਦਰਾ ਵਿੱਚ ਚੌਂਕੜਾ ਮਾਰ ਕੇ ਸਜੇ ਹੋਏ। ਮਹਾਤਮਾ ਜੀ ਦੀ ਸਮਾਧੀ ਖੁੱਲ੍ਹਣ ਤੋਂ ਬਾਅਦ ਸਤਸੰਗ ਦਾ ਲਗਨ ਸੀ ਅਤੇ ਫਿਰ ਲੰਗਰ ਵਰਤਾਏ ਜਾਣ ਦਾ ਯੋਗ! ਤਿੱਖੇ ਬਰਛਿਆਂ ਵਾਲੇ ਸੇਵਾਦਾਰ ਚਾਰੇ ਪਾਸੇ ਨਜ਼ਰ ਘੁਮਾ ਕੇ ਸ਼ਾਂਤ ਮਾਹੌਲ ਹੋਣ ਦੇ ਪੂਰਕ ਬਣ ਰਹੇ ਸਨ।

ਬਾਰ੍ਹਾਂ ਕੁ ਵਰ੍ਹਿਆਂ ਦਾ ਛਿੰਦਾ ਵੀ ਇਸ ਕੁੰਭੀ ਮੇਲੇ ਦਾ ਹਿੱਸਾ ਬਣਿਆ ਬੈਠਾ ਸੀ। ਗਲੀਆਂ ਰੂੜੀਆਂ ਤੋਂ ਕਾਗਜ਼ ਇਕੱਠੇ ਕਰਦਾ ਉਹ ਇੱਧਰ ਆ ਨਿਕਲਿਆ ਸੀ। ਉਹ ਕੋਈ ਧਾਰਮਿਕ ਵਚਨ-ਵਿਲਾਸ ਸੁਣ ਕੇ ਮਨ ਦਾ ਸਕੂਨ ਲੱਭਣ ਨਹੀਂ ਸੀ ਆਇਆ ਸਗੋਂ ਉਸ ਲਈ ਹਰ ਸਾਲ ਦੀ ਤਰ੍ਹਾਂ ਭੰਡਾਰੇ ਵਿੱਚੋਂ ਦੋ ਡੰਗ ਦੀ ਰੋਟੀ ਦੇ ਜੁਗਾੜ ਦਾ ਸਵਾਲ ਸੀ। ਸਵੇਰ ਤੋਂ ਸੁੱਚੇ ਮੂੰਹ ਹੋਣ ਕਰ ਕੇ, ਲੰਗਰ ਵਿੱਚ ਤਿਆਰ ਹੋ ਰਹੇ ਪਕਵਾਨਾਂ ਦੀ ਖ਼ੁਸ਼ਬੂ ਨੇ ਉਸ ਦੀ ਭੁੱਖ ਹੋਰ ਤਿੱਖੀ ਕਰ ਦਿੱਤੀ ਸੀ। ਉਸ ਦੀ ਬਿਰਤੀ ਕਿਵੇਂ ਵੀ ਨਹੀਂ ਸੀ ਲੱਗ ਰਹੀ। ਇੱਧਰ ਉੱਧਰ ਦੇਖਦੇ ਨੂੰ ਸੇਵਾਦਾਰ ਨੇ ਆ ਦਬਕਾ ਮਾਰਿਆ:

ਕੀ ਦੇਖਦਾਂ ਓਏ, ਸਾਰੀ ਸੰਗਤ ਚੁੱਪਚਾਪ ਬੈਠੀ ਐ, ਤੈਨੂੰ ਟਿਕਾਅ ਨ੍ਹੀਂ? ਉਸ ਨੂੰ ਉਹ ਕੋਈ ਚੋਰ ਉਚੱਕਾ ਜਾਪਿਆ ਸੀ।

ਸਤਿਬਚਨ ਜੀ.. ਛਿੰਦਾ ਸੱਚੀਂ ਡਰ ਗਿਆ ਸੀ।

ਪਲ ਦੋ ਪਲ ਤੋਂ ਬਾਅਦ ਹੀ ਆਂਦਰਾਂ ਦੀ ਭੁੱਖ ਨੇ ਉਸ ਨੂੰ ਫਿਰ ਬੇਚੈਨ ਕਰ ਦਿੱਤਾ। ਸੇਵਾਦਾਰ ਤੋਂ ਨਜ਼ਰ ਬਚਾ ਕੇ ਉਹ ਬਾਹਰ ਨੂੰ ਖਿਸਕ ਤੁਰਿਆ। ਉਸ ਦੀਆਂ ਲਲਚਾਈਆਂ ਅੱਖਾਂ ਲੰਗਰ 'ਤੇ ਟਿਕੀਆਂ ਹੋਈਆਂ ਸਨ। ਤੁਰੇ ਜਾਂਦੇ ਨੂੰ ਇੱਕ ਨਰਮਦਿਲ ਲਾਂਗਰੀ ਨੇ ਆਪਣੇ ਕੋਲ ਆਉਣ ਦਾ ਇਸ਼ਾਰਾ ਕੀਤਾ। ਉਹ ਉਸ ਦਾ ਦਰਦ ਸਮਝ ਚੁੱਕਾ ਸੀ। ਲਾਂਗਰੀ ਨੇ ਓਹਲੇ ਜਿਹੇ ਬਿਠਾ ਕੇ ਉਸ ਦੇ ਸਾਹਮਣੇ ਕਈ ਤਰ੍ਹਾਂ ਦੇ ਭੋਜਨ ਪਰੋਸ ਦਿੱਤੇ। ਛਿੰਦੇ ਨੇ ਪਕਵਾਨਾਂ ਦਾ ਰੱਜ ਕੇ ਆਨੰਦ ਮਾਣਿਆ। ਰੂਹ ਦੀ ਤ੍ਰਿਪਤੀ ਹੋਈ ਅਤੇ ਉਹ ਫਿਰ ਪੰਡਾਲ ਵਿੱਚ ਆ ਬਿਰਾਜਿਆ। ਆਲੇ-ਦੁਆਲੇ ਪਵਿੱਤਰ ਪ੍ਰਵਚਨ ਗੂੰਜ ਰਹੇ ਸਨ। ਅੱਖਾਂ ਮੁੰਦੀ ਬੈਠੇ ਛਿੰਦੇ ਨੂੰ ਮੰਤਰ-ਮੁਗਧ ਬੈਠੇ ਦੇਖ, ਸੇਵਾਦਾਰ ਮਨ ਹੀ ਮਨ ਪ੍ਰਸੰਨਚਿੱਤ ਸੀ ਕਿ ਉਸ ਉੱਤੇ ਵੀ ਸਤਸੰਗ ਦਾ ਗੂੜ੍ਹਾ ਰੰਗ ਚੜ੍ਹ ਗਿਐ, ਪਰ ਛਿੰਦਾ ਆਪਣੀ ਅਗਲੇ ਡੰਗ ਦੀ ਰੋਟੀ ਦੇ ਸੁਪਨੇ ਸਿਰਜ ਰਿਹਾ ਸੀ।

****

### ਬੇਈਮਾਨ

ਪ੍ਰਿੰ. ਸੰਤੋਖ ਕੁਮਾਰ



ਮੈਂ ਜਦੋਂ ਵੀ ਸ਼ਹਿਰੋਂ ਫ਼ਲ ਲੈ ਕੇ ਆਉਂਦਾ ਹਾਂ ਤਾਂ ਮੇਰੀ ਪਤਨੀ ਅਕਸਰ ਹੀ ਲਿਫ਼ਾਫ਼ਾ ਖੋਲ੍ਹ ਕੇ ਵੇਖਦੀ ਹੈ। ਉਹ ਹਮੇਸ਼ਾ ਕਹਿੰਦੀ ਹੈ ਕਿ ਤੁਸੀਂ ਬਿਨਾਂ ਵੇਖਿਆਂ ਅਗਲੇ 'ਤੇ ਯਕੀਨ ਕਰ ਲੈਂਦੇ ਹੋ। ਅਕਸਰ ਇੱਕ-ਦੋ ਪੀਸ ਖ਼ਰਾਬ ਨਿਕਲਦੇ ਹਨ। ਆਪਣੀ ਆਦਤ ਅਨੁਸਾਰ ਕੱਲ੍ਹ ਵੀ ਮੈਂ ਰੇਹੜੀ ਵਾਲੇ ਤੋਂ ਅੰਬ ਅਤੇ ਦਰਜ਼ਨ ਕੇਲਿਆਂ ਦੀ ਲੈ ਕੇ ਤੁਰਿਆ ਤਾਂ ਇਕਦਮ ਖ਼ਿਆਲ ਆਇਆ ਕਿ ਲਿਫ਼ਾਫ਼ਾ ਖੋਲ੍ਹ ਕੇ ਵੇਖ ਤਾਂ ਲਵਾਂ। ਜਦੋਂ ਲਿਫ਼ਾਫ਼ਾ ਖੋਲ੍ਹ ਕੇ ਵੇਖਿਆ ਤਾਂ ਦੋ ਅੰਬ ਪਿਲਪਿਲੇ ਸਨ।

ਮੈਂ ਗੁੱਸੇ ਵਿੱਚ ਮੋਟਰਸਾਈਕਲ ਮੋੜਿਆ ਅਤੇ ਜਾ ਰੇਹੜੀ ਵਾਲੇ ਕੋਲ ਜਾ ਖਲੋਤਾ। ਇੱਕ ਦੋ ਗਾਹਕ ਹੋਰ ਖੜ੍ਹੇ ਸਨ। ਮੈਂ ਲਿਫ਼ਾਫ਼ਾ ਰੇਹੜੀ 'ਤੇ ਰੱਖ ਗੁੱਸੇ ਭਰੀਆਂ ਨਜ਼ਰਾਂ ਨਾਲ ਉਸ ਨੂੰ ਵੇਖਣ ਲੱਗਾ। ਜਦੋਂ ਗਾਹਕ ਚਲੇ ਗਏ ਤਾਂ ਮੈਂ ਰੇਹੜੀ ਵਾਲੇ ਨੂੰ ਆਖਿਆ, "ਮੈਂ ਰੇਟ ਵੀ ਨਹੀਂ ਘਟਾਇਆ, ਪੈਸੇ ਵੀ ਪੂਰੇ ਦਿੱਤੇ, ਪਰ ਤੂੰ ਅੰਬ ਪਿਲਪਿਲੇ ਕਿਉਂ ਪਾਏ?" ਅੰਬ ਵੇਖਦੇ ਸਾਰ ਉਹ ਘਬਰਾ ਗਿਆ ਤੇ ਆਖਣ ਲੱਗਾ, "ਵੀਰ ਜੀ ਮੁਆਫ਼ ਕਰ ਦਿਓ, ਗ਼ਲਤੀ ਨਾਲ ਪੈ ਗਏ ਹੋਣੇ।"

ਉਸ ਨੇ ਸਾਰੇ ਅੰਬ ਵਾਪਸ ਰੱਖੇ ਅਤੇ ਘਬਰਾਹਟ ਵਿੱਚ ਡੇਢ ਕਿਲੋ ਦੀ ਥਾਂ ਦੋ ਕਿਲੋ ਦਾ ਵੱਟਾ ਪਾ ਕੇ ਅੰਬ ਤੋਲ ਦਿੱਤੇ। ਮੈਂ ਵੀ ਚੁੱਪ ਰਿਹਾ ਅਤੇ ਮੋਟਰਸਾਈਕਲ ਲੈ ਕੇ ਤੁਰ ਪਿਆ। ਥੋੜ੍ਹੀ ਦੂਰ ਆ ਕੇ ਮੈਂ ਵੱਧ ਅੰਬਾਂ ਬਾਰੇ ਸੋਚਣ ਲੱਗਾ। ਹੁਣ ਮੈਨੂੰ ਸਮਝ ਨਹੀਂ ਸੀ ਆ ਰਹੀ ਕਿ ਬੇਈਮਾਨ ਉਹ ਸੀ ਕਿ ਮੈਂ ਜਾਂ ਫਿਰ ਦੋਵੇਂ।

# ਮੇਰੀ ਕਲਮ

## ਦਿਲ ਦੀ ਪੀੜ

ਕਰਮਜੀਤ ਕੌਰ



ਦਿਲ ਦਿਆ ਮਹਿਰਮਾ ਵੇ,
ਸੁਣ ਮੇਰੀ ਪੀੜ ਨੂੰ।
ਹਿਜਰਾਂ ਦੀ ਛਾਵੇਂ ਰੱਖਾਂ,
ਰੁੱਸੀ ਤਕਦੀਰ ਨੂੰ।
ਦਿਲ ਦਿਆ ਮਹਿਰਮਾ ਵੇ,
ਸੁਣ ਮੇਰੀ ਪੀੜ ਨੂੰ ।
ਦਿਲ ਦਿਆ ਮਹਿਰਮਾ ਵੇ।
ਉਮਰਾਂ ਦਾ ਸਾਥ ਮੇਰਾ,
ਸੁਪਨੇ 'ਚ ਰਹਿ ਗਿਆ।
ਰੂਹਾਂ ਵਾਲੀ ਪੀੜ ਇਹੋ,
ਦਿਲ ਮੇਰਾ ਸਹਿ ਗਿਆ।
ਤੋੜੀਂ ਨਾ ਤੂੰ ਚੰਨ ਮਾਹੀ,
ਪਿਆਰ ਦੀ ਜ਼ੰਜੀਰ ਨੂੰ।
ਦਿਲ ਦਿਆ ਮਹਿਰਮਾ ਵੇ,
ਸੁਣ ਮੇਰੀ ਪੀੜ ਨੂੰ।
ਹਿਜਰਾਂ ਦੀ ਛਾਵੇਂ ਰੱਖਾਂ,
ਰੁੱਸੀ ਤਕਦੀਰ ਨੂੰ।
ਦਿਲ ਦਿਆ ਮਹਿਰਮਾ ਵੇ।
ਮੁੱਕਣਾ ਨਹੀਂ ਪੰਧ ਇਹੋ,
ਦੂਰੀਆਂ ਦੇ ਵੇਗ ਦਾ।
ਜ਼ਿੰਦਗੀ 'ਚ ਆਏ ਮੇਰੇ,
ਦਰਦ ਹਨੇਰ ਦਾ।
ਜਿੰਦ ਮੇਰੀ ਚੜ੍ਹ ਚੱਲੀ,
ਇਸ਼ਕ ਸਲੀਬ ਨੂੰ।
ਦਿਲ ਦਿਆ ਮਹਿਰਮਾ ਵੇ,
ਸੁਣ ਮੇਰੀ ਪੀੜ ਨੂੰ।
ਹਿਜਰਾਂ ਦੀ ਛਾਵੇਂ ਰੱਖਾਂ,
ਰੁੱਸੀ ਤਕਦੀਰ ਨੂੰ।
ਦਿਲ ਦਿਆ ਮਹਿਰਮਾ ਵੇ...।

## ਮੰਨਿਆ ਵੀ ਕਰ

ਹਰਦੀਪ ਬਿਰਦੀ

ਪੀਣੇ ਪੈਂਦੇ ਹੰਝੂ ਖਾਰੇ ਮੰਨਿਆ ਵੀ ਕਰ।
ਬੰਦਾ ਕਿਸਮਤ ਤੋਂ ਜਦ ਹਾਰੇ ਮੰਨਿਆ ਵੀ ਕਰ।
ਜਿੰਨਾ ਮਰਜ਼ੀ ਧਨ ਕਮਾ ਲਉ ਨਾਲ ਨਾ ਜਾਣਾ
ਖਾਲੀ ਹੱਥ ਹੀ ਜਾਂਦੇ ਸਾਰੇ ਮੰਨਿਆ ਵੀ ਕਰ।
ਮਿਹਨਤ ਕਰਿਆਂ ਤੈਨੂੰ ਜਦ ਹੈ ਸਭ ਕੁਝ ਮਿਲਦਾ
ਕਾਹਤੋਂ ਕਰਨੇ ਪੁੱਠੇ ਕਾਰੇ ਮੰਨਿਆ ਵੀ ਕਰ।
ਕੁਦਰਤ ਦੇ ਜੋ ਸਿਰਜੇ ਹੋਏ ਸੱਜਣਾ ਵਧੀਆ
ਅਪਣੀ ਥਾਂ 'ਤੇ ਮੌਸਮ ਚਾਰੇ ਮੰਨਿਆ ਵੀ ਕਰ।
ਪਰਦੇਸਾਂ ਤੋਂ ਵਾਪਸ ਆ ਕੇ ਸੀਨੇ ਨਾਲ ਲੱਗ ਕੇ
ਪੁੱਤ ਕਲੇਜਾ ਮਾਂ ਦਾ ਠਾਰੇ ਮੰਨਿਆ ਵੀ ਕਰ।
ਨੇਤਾਵਾਂ ਨੇ ਪੱਲੇ ਕੁਝ ਨਹੀਂ ਪਾਉਣਾ ਹੁੰਦਾ
ਇਨ੍ਹਾਂ ਪੱਲੇ ਕੇਵਲ ਲਾਰੇ ਮੰਨਿਆ ਵੀ ਕਰ।
ਗੱਲੀਂ ਬਾਤੀਂ ਆਸ਼ਕ ਤਾਰੇ ਤੋੜ ਲਿਆਉਂਦੇ
ਕਿਹੜਾ ਤੋੜਨ ਜਾਂਦਾ ਤਾਰੇ ਮੰਨਿਆ ਵੀ ਕਰ।
ਇਹ ਜੋ ਲੁੱਟਾਂ ਖੋਹਾਂ ਖ਼ੂਨ ਖਰਾਬਾ ਜਗ 'ਤੇ
ਦੌਲਤ ਸ਼ੋਹਰਤ ਦੇ ਸਭ ਕਾਰੇ ਮੰਨਿਆ ਵੀ ਕਰ।
ਰੋਟੀ ਤਾਂ ਮਿਲ ਸਕਦੀ ਸਭ ਨੂੰ ਥੋੜ੍ਹੇ ਨਾਲ ਹੀ
ਦੌਲਤ ਸ਼ੋਹਰਤ ਪਿੱਛੇ ਸਾਰੇ ਮੰਨਿਆ ਵੀ ਕਰ।

## ਗ਼ਜ਼ਲ

ਪ੍ਰੋ. ਪਰਮਜੀਤ ਸਿੰਘ ਨਿੱਕੇ ਘੁੰਮਣ

ਨੈਣਾਂ ਵਿੱਚੋਂ ਨੀਂਦਰ ਖੋਹ ਕੇ, ਸਾਰੀ ਰਾਤ ਜਗਾਵੇ
ਇਸ਼ਕ ਦਾ ਸੌਦਾ ਬੜਾ ਅਨੋਖਾ, ਹਾਟੋ-ਹਾਟ ਵਿਕਾਵੇ।
ਬੜਾ ਬੁਲੰਦ ਇਸ਼ਕ ਦਾ ਰੁਤਬਾ, ਨਾ ਸਹੇ ਤੇ ਨਾ ਡਰਾਵੇ
ਯਾਰ ਮਨਾਵਣ ਖ਼ਾਤਰ ਚੰਦਰਾ, ਕੱਚਿਆਂ 'ਤੇ ਤਰ ਜਾਵੇ।
ਇਸ਼ਕ ਦੀ ਰੰਗਤ ਜੋਗੀ ਕਰ ਦਏ, ਰਾਂਝੇ ਕੰਨ ਪੜਵਾਵੇ
ਇਸ਼ਕ ਦੀ ਬੰਦਗੀ, ਮਹੀਂਵਾਲ ਤੋਂ ਪੱਟ ਦਾ ਮਾਸ ਖੁਆਵੇ।
ਇਸ਼ਕ ਦੀ ਰਾਹੇ ਤੁਰਦਾ ਹੈ ਜੋ, ਬਿਰਹਾ ਝੋਲੀ ਪਾਵੇ
ਕਦੇ ਇਹ ਬੁੱਲ੍ਹਾ, ਕਦੇ ਇਹ ਸਰਮਦ, ਕਦੇ ਫ਼ਰੀਦ ਕਹਾਵੇ।
ਇਸ਼ਕ ਵਤਨ ਦਾ ਜਿਸ ਨੂੰ ਲੱਗੇ, ਉਸ ਨੂੰ ਕੁਝ ਨਾ ਭਾਵੇ
ਤੱਕ ਦਿਲਬਰ ਤੱਕ ਇਸ਼ਕ ਦੀ ਟੀਸੀ, ਫ਼ਾਂਸੀ ਵੀ ਚੜ੍ਹ ਜਾਵੇ।
ਇਸ਼ਕ ਹੈ ਜਿਸਦੇ ਹੱਡੀਂ ਰਚਿਆ, ਮੰਦਰ-ਮਸੀਤ ਨਾ ਜਾਵੇ
ਸਭ ਵਿੱਚ ਵੇਖੇ ਨੂਰ ਇੱਕ ਖ਼ੁਦਾ ਦਾ, ਨੂਰੀ ਹੀ ਹੋ ਜਾਵੇ।

## ਗ਼ਜ਼ਲ

ਰਣਜੀਤ ਸਰਾਂਵਾਲੀ

ਸ਼ਿਅਰਾਂ ਵਿੱਚ ਗਹਿਰਾਈ ਲਈ ਖ਼ੁਦ ਗਹਿਰਾ ਹੋਇਆ ਹੋਵੇ
ਅੱਥਰੂਆਂ ਦੇ ਜ਼ਿਕਰ ਤੋਂ ਪਹਿਲਾਂ ਸ਼ਾਇਰ ਰੋਇਆ ਹੋਵੇ
ਨੈਣਾਂ ਵਿਚਲੇ ਧੁੰਦਲਕੇ ਨੂੰ ਪਾਸੇ ਕਰ ਕੇ ਭਾਲ਼ੀਂ
ਜਿਸ ਲਈ ਭੱਜਿਆ ਫਿਰਦੈਂ ਸ਼ਾਇਦ ਕਿਤੇ ਖਲੋਇਆ ਹੋਵੇ
ਐਨੇ ਥਾਈਂ ਵਗਦਾ ਹੈ ਜੋ ਸੂਹੇ ਰੰਗ ਦਾ ਪਾਣੀ
ਹੋ ਸਕਦੈ ਸਿਆਸਤ ਨੇ ਅਪਣਾ ਚਿਹਰਾ ਧੋਇਆ ਹੋਵੇ
ਸਫ਼ਰ 'ਚ ਲੋੜੋਂ ਵੱਧ ਸਮਾਨ ਉਠਾਉਂਦੇ ਨਈਓਂ ਜਿਹੜੇ
ਤੁਰਨੋਂ ਪਹਿਲਾਂ ਖ਼ਬਰੇ ਉਨ੍ਹਾਂ ਕੀ ਕੀ ਢੋਇਆ ਹੋਵੇ
ਦੁਨੀਆਂ ਦਾ ਹਰ ਰਿਸ਼ਤਾ ਧੌਣ ਝੁਕਾਉਂਦਾ ਹੈ ਖ਼ੁਸ਼ ਹੋ ਕੇ
ਬੰਦੇ ਕੋਲ਼ੇ ਸਮਝੌਤਿਆਂ ਦਾ ਹਾਰ ਪਰੋਇਆ ਹੋਵੇ

## ਬੰਦਿਆ

ਨਿਰਮਲ ਸਿੰਘ ਰੱਤਾ

ਘਾਲਣੀ ਹੈ ਪੈਂਦੀ ਸੱਚੀ ਘਾਲ ਬੰਦਿਆ
ਮਾਇਆ ਵਾਲਾ ਤੋੜ ਕੇ ਜੰਜਾਲ ਬੰਦਿਆ
ਕਾਬੂ ਵਿੱਚ ਰੱਖ ਮਨੂਆ ਸ਼ੈਤਾਨ ਜੀ
ਫੇਰ ਕਿਤੇ ਮਿਲਦਾ ਗੁਰਾਂ ਤੋਂ ਗਿਆਨ ਜੀ
ਭੱਠੀ ਵਿੱਚ ਪਾ ਕੇ ਪਹਿਲਾਂ ਸੋਨਾ ਗਾਲਦਾ
ਫੇਰ ਹੈ ਸੁਨਿਆਰ ਮਨਚਾਹਾ ਢਾਲਦਾ
ਤਪ ਕੇ ਹੀ ਆਉਂਦੀ ਸੋਨੇ ਵਿੱਚ ਸ਼ਾਨ ਜੀ
ਫੇਰ ਕਿਤੇ ਮਿਲਦਾ ਗੁਰਾਂ ਤੋਂ ਗਿਆਨ ਜੀ
ਧੀਰਜ ਦੇ ਨਾਲ ਔਖ ਸੌਖ ਝੱਲ ਕੇ
ਦੱਸਿਆ ਗੁਰਾਂ ਜੋ ਮਾਰਗ 'ਤੇ ਚੱਲ ਕੇ
ਬਣ ਜਾਂਦਾ ਬੰਦਾ ਆਮ ਵੀ ਮਹਾਨ ਜੀ
ਫੇਰ ਕਿਤੇ ਮਿਲਦਾ ਗੁਰਾਂ ਤੋਂ ਗਿਆਨ ਜੀ
ਝੂਠ ਚੁਗਲੀ ਤੇ ਨਿੰਦਿਆ ਤਿਆਗ ਕੇ
ਵੈਰ ਤੇ ਵਿਰੋਧ ਵਾਲੀ ਨੀਂਦੋਂ ਜਾਗ ਕੇ
ਆਦਮੀ ਤੋਂ ਹੋਣਾ ਪੈਂਦਾ ਇਨਸਾਨ ਜੀ
ਫੇਰ ਕਿਤੇ ਮਿਲਦਾ ਗੁਰਾਂ ਤੋਂ ਗਿਆਨ ਜੀ
ਸਾਰਿਆਂ ਦੇ ਵਿੱਚ ਇੱਕ ਉਹੀ ਵੱਸਦਾ
ਓਹੀ ਖੇਡੇ ਮੱਲੇ ਓਹੀ ਰੋਵੇ ਹੱਸਦਾ
ਸਭ ਵਿੱਚ ਸਮਝ ਬਿਰਾਜਮਾਨ ਜੀ
ਫੇਰ ਕਿਤੇ ਮਿਲਦਾ ਗੁਰਾਂ ਤੋਂ ਗਿਆਨ ਜੀ
ਕਰਦਾ ਪਰਖ ਰਹੇ ਵਾਰ ਵਾਰ ਜੀ
ਕੌਣ ਕਰੇ ਸੱਚਾ ਕੌਣ ਝੂਠਾ ਪਿਆਰ ਜੀ
ਤਨੋਂ ਮਨੋਂ ਹੋਣਾ ਪੈਂਦਾ ਕੁਰਬਾਨ ਜੀ
ਫੇਰ ਕਿਤੇ ਮਿਲਦਾ ਗੁਰਾਂ ਤੋਂ ਗਿਆਨ ਜੀ
ਸੱਚੇ ਗੁਰੂ ਨਾਲ ਆਪ ਹੀ ਮਿਲਾਂਵਦਾ
ਸਿੱਧੇ ਰਾਹੇ ਪਾ ਕੇ ਭਗਤੀ ਕਰਾਂਵਦਾ
ਫੜ ਲੈਂਦਾ ਹੱਥ ਹੋ ਮਿਹਰਬਾਨ ਜੀ
ਫੇਰ ਕਿਤੇ ਮਿਲਦਾ ਗੁਰਾਂ ਤੋਂ ਗਿਆਨ ਜੀ

## ਰੁੱਖ ਦਾ ਦਰਦ

ਹਰਪ੍ਰੀਤ ਪੱਤੋ



ਆ ਬੈਠ ਤੈਨੂੰ ਦਰਦ ਸੁਣਾਵਾਂ
ਡਾਢਾ ਮੈਂ ਦੁਖਿਆਰਾ,
ਜਿਨ੍ਹਾਂ ਨੇ ਮਾਣੀ ਛਾਂ ਸੀ ਮੇਰੀ
ਅੱਜ ਚੁੱਕੀ ਫਿਰਦੇ ਆਰਾ।
ਪਤਾ ਨੀ ਕਦ ਵਾਰੀ ਆ ਜਾਏ
ਗਿਣ ਗਿਣ ਦਿਨ ਲੰਘਾਵਾਂ,
ਮੇਰੇ ਨਾਲ ਦੇ ਰੁੱਖ ਜਿੰਨੇ ਸੀ
ਛੱਡਗੇ ਘਣੀਆਂ ਛਾਵਾਂ।
ਵੱਡੀਆਂ ਸੜਕਾਂ ਉੱਚੇ ਪੁਲਾਂ ਨੇ
ਕਿੰਨੇ ਰੁੱਖ ਮੁਕਾਏ,
ਵਧੀ ਆਬਾਦੀ ਘਰ ਕੋਠੀਆਂ
ਸਾਨੂੰ ਵੱਢ ਵੱਢ ਪਾਏ।
ਜਿਹੜੇ ਦਿਸਦੇ ਔਹ ਖੜੇ ਨੇ
ਮੇਰੇ ਨਾਲ ਦੇ ਸਾਥੀ,
ਸਾਨੂੰ ਕੱਟਣਾ, ਲਾਉਣ ਸਕੀਮਾਂ
ਜੋ ਕਰਦੇ ਸੀ ਰਾਖੀ।
ਬੜਾ ਰੁੱਖ ਦੁਖੀ ਸੀ ਲੱਗਦਾ,
ਹੁਬਕੀਂ ਹੁਬਕੀਂ ਰੋਵੇ,
ਥਾਂ ਉਸ ਨੂੰ ਕੋਈ ਨਾ ਦਿਸਦੀ
ਜਿੱਥੇ ਜਾ ਖਲੋਵੇ।
ਸ਼ੁੱਧ ਹਵਾ ਦੇ ਕੇ ਕਹੇ
ਵਾਤਾਵਰਣ ਬਚਾਈਏ,
ਪਰ 'ਪੱਤੋ' ਮਨੁੱਖ ਗੁਣ ਨਾ ਜਾਣੇ
ਅਸੀਂ ਜਾਨ ਗਵਾਈਏ।
* * *

## ਹਾਕਮ

ਰਵਿੰਦਰ ਸਿੰਘ ਕੁੰਦਰਾ
ਕਵੈਂਟਰੀ, ਯੂ.ਕੇ.
07748772308



ਹਾਕਮ ਤਾਕਤ ਦੇ ਨਸ਼ਿਆਂ ਵਿੱਚ,
ਚੂਰ ਨਿੱਤ ਹੀ ਰਹਿੰਦੇ ਨੇ,
ਤਾਮੀਲੇ ਹੁਕਮਾਂ ਦੀ ਆਸ ਵਿੱਚ,
ਮਗ਼ਰੂਰ ਹਮੇਸ਼ਾ ਰਹਿੰਦੇ ਨੇ।
ਮੌਸਮ ਨਾ ਬਦਲੇ ਬਿਨਾ ਪੁੱਛੇ,
ਇਹ ਸਮਝਾਉਂਦੇ ਨੇ ਸਾਨੂੰ,
ਢਲ ਜਾਏ ਰਾਤ ਫੇਰ ਵੀ ਇਹ,
ਦਿਨ ਨੂੰ ਰਾਤ ਹੀ ਕਹਿੰਦੇ ਨੇ।
ਝੁਰਮਟ ਚਾਟੜਿਆਂ ਦਾ ਰੱਖਣ,
ਸਦਾ ਹੀ ਆਲ਼ ਦੁਆਲ਼ੇ,
ਜਿੱਥੇ ਵੀ ਇਹ ਜਾ ਜਾ ਕੇ,
ਹਰ ਦਿਨ ਉੱਠਦੇ ਬਹਿੰਦੇ ਨੇ।
ਨਹੀਂ ਹੋਣ ਦਿੰਦੇ ਬਹਾਰ ਨੂੰ,
ਖੁਸ਼ ਤਾਜ਼ਾ ਫੁੱਲਾਂ ਦੇ ਨਾਲ,
ਉਜਾੜੇ ਇਨ੍ਹਾਂ ਦੇ ਬਾਗਾਂ ਦੇ ਵਿੱਚ,
ਸਦਾ ਹੀ ਉੱਲੂ ਰਹਿੰਦੇ ਨੇ।
ਮਰਜ਼ੀ ਨਾਲ ਹੀ ਚਿੜੀਆਂ ਨੂੰ ਇਹ,
ਜੀਵਣ ਦਾ ਹੱਕ ਦੇਵਣ,
ਜੇ ਚਾਹੁਣ ਤਾਂ ਕਿਸੇ ਵੀ ਵੇਲੇ,
ਜਾਨਾਂ ਕੋਹ ਵੀ ਲੈਂਦੇ ਨੇ।
ਘਿਰੇ ਰਹਿੰਦੇ ਨੇ ਹਮੇਸ਼ਾ,
ਤਣੀਆਂ ਹੋਈਆਂ ਸੰਗੀਨਾਂ ਵਿੱਚ,
ਬਹਾਦਰ ਇੰਨੇ ਨੇ ਕਿ ਨਿਹੱਥੇ,
ਲੋਕਾਂ ਤੋਂ ਵੀ ਤਰਿਹਦੇ ਨੇ।
ਡਰਦੇ ਨੇ ਕਿ ਸੋਨੇ ਦੀ ਲੰਕਾ,
ਕਿਤੇ ਮਿੱਟੀ ਨਾ ਹੋ ਜਾਵੇ,
ਇਸੇ ਹੀ ਲਾਲਚ ਦੀ ਖ਼ਾਤਰ,
ਜਨਤਾ ਨਾਲ਼ ਲੋਹਾ ਲੈਂਦੇ ਨੇ।
ਗ਼ਰੀਬਾਂ ਦੇ ਮੂਹੋਂ ਖੋਹ ਖੋਹ ਕੇ,
ਗੋਗੜਾਂ ਭਰਨੇ ਵਾਲੇ,
ਹਰਾਮਖੋਰੀ ਦੀ ਮਸਤੀ ਵਿੱਚ,
ਫੇਰ ਸਾਹ ਵੀ ਔਖਾ ਲੈਂਦੇ ਨੇ।
ਦਬਕੇ ਅਤੇ ਦਮਗਜੇ ਹਮੇਸ਼ਾਂ,
ਹੈ ਇਨ੍ਹਾਂ ਦੀ ਬੋਲੀ ਵਿੱਚ,
ਸਤੇ ਹੋਏ ਇਨ੍ਹਾਂ ਦੇ ਜ਼ੁਲਮਾਂ ਤੋਂ,
ਹਾਵੇ 'ਤੇ ਆਹਾਂ ਸਹਿੰਦੇ ਨੇ।
ਭੁੱਲ ਜਾਂਦੇ ਨੇ ਤਖਤਾਂ ਉੱਤੇ,
ਰਾਜ ਇਹ ਕਰਨੇ ਵਾਲੇ,
ਕਿ ਕਦੀ ਤਖਤੀਆਂ ਦੇ ਹਾਰ ਵੀ,
ਸ਼ਿੰਗਾਰ ਬਣਾਉਣੇ ਪੈਂਦੇ ਨੇ।

## ਵਾਸ਼ਿੰਗ ਮਸ਼ੀਨ

ਐੱਸ. ਪ੍ਰਸ਼ੋਤਮ

ਡੋਲੀ 'ਚੋਂ ਸਹੁਰੇ ਘਰ ਦੇ ਵਿਹੜੇ ਚਾਵਾਂ 'ਚ ਪੈਰ ਰੱਖਦਿਆਂ,
ਉਡਾ ਲੈ ਗਿਆ ਸੀ ਰੰਗੀਨ ਵਾਦੀਆਂ 'ਚ ਦੂਜੇ ਦਿਨ।
ਅਨੰਦਿਤ ਮਾਹੌਲ 'ਚ ਪਲਾਂ ਵਾਂਗ ਬੀਤਿਆ ਸੀ ਹਫ਼ਤਾ ਲੀਨ।
ਸੰਜੋਇਆ ਸੀ, ਉਸ ਨੇ ਜੋ ਯੂਨੀਵਰਸਿਟੀ ਪੜ੍ਹਾਈ 'ਚ ਸੀਨ।
ਘਰ ਪਰਤ ਕੇ ਮਹੀਨਿਆਂ 'ਚ ਮਹਿਰਮ ਦੀ ਬੇਰਹਿਮੀ ਨੇ,
ਪਸਾਰ ਦਿੱਤੀ ਪ੍ਰਸੰਨ ਜੀਵਨ 'ਚ ਸੁੰਨ।
ਨਸ਼ੇ, ਜੂਏ, ਯਾਰਾਂ ਦੀਆਂ ਹੇੜਾਂ 'ਚ ਰਾਤੀਂ ਸੀ ਓਦੀ ਵੈਲੀ ਧੁਨ।
ਮੱਖਣ 'ਚ ਸੰਧੂਰ ਰੰਗੀ ਤੇ ਸੰਦਲੀ ਦੇਹ ਦਾ,
ਸਮਝਾ ਵਰਚਾ ਕੇ ਕਰ ਚੁੱਕੀ ਸਾਂ ਵਿਗਾੜ।
ਪੜ੍ਹੇ ਮਾਂ ਪਿਓ, ਸ਼ਾਹੂਕਾਰ ਦਾਦੇ ਦਾ ਸੀ ਉਹ ਲਾਡਲਾ ਵਿਗੜੈਲ।
ਮੇਰੇ ਮਾਪਿਆਂ ਨੇ ਸੋਹਣੇ ਸੁਨੱਖੇ ਦੇ ਲੜ ਲਾਉਂਦਿਆਂ,
ਧਨਾਢ ਘਰ ਦੀ ਮੰਗ 'ਤੇ ਦਿੱਤਾ ਸੀ, ਸੁੱਖਾਂ ਲਈ ਧੀ ਦਾ ਦਾਨ।
ਤਲਾਕ ਲਈ ਨਿਆਂ ਮੰਦਰ ਦਾ ਬੂਹਾ ਮੱਲਣ ਤੋਂ ਪਹਿਲਾਂ ਜੁੜੀ,
ਮੋਹਤਬਰ ਸਭਾ 'ਚ ਜਦ ਮੱਚਿਆ ਸੰਜੋਗ ਵਿਜੋਗ ਦਾ ਸ਼ੋਰ,
ਵਿਗੜੈਲ ਦੇ ਵਾਰਿਸ ਕਹਿਣ, ਨਹੀਂ ਸੀ ਸੁਧਾਰਨ ਲਈ,
ਸੁੰਦਰ ਕੰਨਿਆ ਨਾਲ ਨਰੜਣ ਬਿਨਾਂ ਚਾਰਾ ਕੋਈ ਹੋਰ।
ਕੰਨੀਂ ਸ਼ਬਦਾਂ ਦੀ ਗੂੰਜ ਇਹ ਪੈਣ 'ਤੇ ਪਿੱਠ ਝਾੜਦਿਆਂ,
ਇੱਕ ਮੋਹਤਬਰ ਪਿਆ ਉੱਥੋਂ ਇਹ ਕਹਿ ਕੇ ਉੱਠ,
ਇੱਧਰ ਮੁੰਡੇ ਤੇ ਮੇਰੇ ਘਰ ਵਿਗੜੀ ਨੂੰਹ ਨੇ ਕੀਤਾ ਪਿਐ,
ਸਾਡੇ ਪਰਿਵਾਰ ਨੂੰ ਇਨ੍ਹਾਂ ਤੋਂ ਵੀ ਬਹੁਤਾ ਠਿੱਠ।
ਮਨ ਦੀ ਚੀਸ ਨਾਲ ਉਸ ਨੇ ਪੁੱਛਿਆ:
ਕੋਠੀ ਦੀ ਡਕਟ 'ਚ ਟਿਕੀ ਵਾਸ਼ਿੰਗ ਮਸ਼ੀਨ,
ਕਰਦੀ ਏ ਗੰਦੇ ਲੀੜੇ ਪਾਊਡਰ ਨਾਲ ਸਾਫ਼।
ਪੱਕੇ ਦਾਗਾਂ ਨੂੰ ਧੋਣ ਦੇ ਗੇੜਿਆਂ 'ਚ ਤੁੜਵਾ ਬਹਿੰਦੀ ਆਪ।
ਇਉਂ ਹੀ ਸਾਊ ਪਰਿਵਾਰਾਂ ਨੂੰ ਵਾਸ਼ਿੰਗ ਮਸ਼ੀਨਾਂ ਸਮਝਦਿਆਂ,
ਨੇਕ ਔਲਾਦਾਂ ਨੂੰ ਜਨਮ ਪੱਤਰੀ ਦੇ ਮਿਲਾਨ ਦੇ ਓਹਲਿਆਂ 'ਚ,
ਆਪਣੇ ਵਿਗੜੈਲਾਂ ਦੀਆਂ ਆਦਤਾਂ ਦੇ ਪੱਕੇ ਦਾਗਾਂ ਨੂੰ ਧੋਣ ਖ਼ਾਤਰ
ਦੂਜਿਆਂ ਦੇ ਜੀਵਨ ਨੂੰ ਖਸਤਾ ਮਸ਼ੀਨਾਂ ਜਿਹਾ ਕਰਦੇ ਤੇ
ਕਦ ਤੱਕ ਵਿਆਹਾਂ 'ਚ ਨਰੜਦੇ ਰਹਿਣਗੇ ਮਤਲਬੀ ਲੋਕ ?

## ਦੋਹੇ

ਪ੍ਰਿੰ. ਨਵਰਾਹੀ ਘੁਗਿਆਣਵੀ

ਮਤਲਬ ਦੀਆਂ ਸਕੀਰੀਆਂ, ਹੋਰ ਨਾ ਦੂਜੀ ਗੱਲ।
ਆਪੇ ਪਾਉਣ ਬੁਝਾਰਤਾਂ, ਆਪੇ ਲੱਭਣ ਹੱਲ।
ਕੁਰਸੀ ਉੱਤੇ ਬੈਠ ਕੇ, ਭੁੱਲ ਜਾਂਦੇ ਇਨਸਾਫ਼।
ਬਦਨੀਤਾਂ ਨੂੰ ਕਿਸ ਤਰ੍ਹਾਂ, ਕੀਤਾ ਜਾਵੇ ਮਾਫ਼ ?
ਬਾਬੇ ਨਾਨਕ ਆਖਿਆ, 'ਕਰਨ ਕਾਰਨ ਕਰਤਾਰ'।
ਸਭ ਤੋਂ ਉੱਤਮ ਨਿਮਰਤਾ, ਬੇਲੋੜਾ ਹੰਕਾਰ।
ਕਿਰਤ ਕਮਾਈ ਆਪਣੀ, ਹੈ ਜੱਗ ਦੀ ਬੁਨਿਆਦ।
ਨੇਕ ਨੀਤੀਆਂ ਨਾਲ ਹੀ, ਰਹਿ ਸਕਦੇ ਹਾਂ ਸ਼ਾਦ।
ਵਿਹਲੜ ਕਰਨ ਸ਼ਰਾਰਤਾਂ, ਮਿਹਨਤਕਸ਼ ਮਜਬੂਰ।
ਭਲਿਆਂ ਤਾਈਂ ਸਤਾਵਣਾ, ਇਹ ਕੇਹਾ ਦਸਤੂਰ ?
ਵਾਤਾਵਰਣ ਸੁਹਾਵਣਾ, ਵੰਡ ਰਿਹਾ ਖ਼ੁਸ਼ਬੋਅ।
ਅੱਖੀਆਂ ਨੂੰ ਤ੍ਰਿਪਤਾਂਵਦੀ, ਅਤਿ ਸੁਹਾਣੀ ਲੋਅ।
ਨਾ ਕਰ ਚਿੰਤਾ ਦੋਸਤਾ, ਹੋ ਜਾ ਬੇਪ੍ਰਵਾਹ।
ਵੇਖ ਖ਼ੁਦਾ ਦਾ ਸਿਲਸਿਲਾ, ਅਦਭੁਤ ਅਤੇ ਅਥਾਹ।
'ਨਵਰਾਹੀ' ਵਿਸ਼ਵਾਸ ਕਰ, ਸਹਿਜ, ਸਬਰ ਅਪਣਾ!
ਇਸ ਵਿੱਚ ਜੀਵਨ-ਜਾਚ ਹੈ, ਇਸ ਵਿੱਚ ਲੁਤਫ਼ ਮਜ਼ਾ।
*****

# 2024: ਖੇਡਾਂ ਦੇ ਮੈਦਾਨ ’ਤੇ ਰਿਹਾ ਭਾਰਤ ਦਾ ਦਬਦਬਾ

## ਕਈ ਖੇਡਾਂ ’ਚ ਦਰਜ ਕੀਤੀਆਂ ਅਨੇਕਾਂ ਵੱਡੀਆਂ ਪ੍ਰਾਪਤੀਆਂ









2024 ਭਾਰਤ ਲਈ ਖੇਡਾਂ ਵਿੱਚ ਬਹੁਤ ਯਾਦਗਾਰ ਰਿਹਾ ਹੈ। ਇਸ ਸਾਲ ਉਲੰਪਿਕ ਅਤੇ ਟੀ-20 ਕ੍ਰਿਕਟ ਵਰਲਡ ਕੱਪ ਵਰਗੇ ਕਈ ਵੱਡੇ ਗਲੋਬਲ ਈਵੈਂਟ ਹੋਏ। ਇਨ੍ਹਾਂ ਗਲੋਬਲ ਮੁਕਾਬਲਿਆਂ ਵਿੱਚ ਭਾਰਤ ਦਾ ਪ੍ਰਦਰਸ਼ਨ ਸ਼ਾਨਦਾਰ ਰਿਹਾ ਹੈ। ਦੇਸ਼ ਨੇ ਕ੍ਰਿਕਟ, ਟੈਨਿਸ, ਹਾਕੀ, ਸ਼ਤਰੰਜ ਅਤੇ ਪੈਰਿਸ ਉਲੰਪਿਕ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ। ਨਵੇਂ ਸਾਲ ਦੀ ਸ਼ੁਰੂਆਤ ਤੋਂ ਪਹਿਲਾਂ, ਆਓ ਉਨ੍ਹਾਂ ਮਹੱਤਵਪੂਰਨ ਪ੍ਰਾਪਤੀਆਂ ’ਤੇ ਇੱਕ ਨਜ਼ਰ ਮਾਰੀਏ ਜਿਨ੍ਹਾਂ ਨੇ ਹਰ ਭਾਰਤੀ ਨੂੰ ਜਸ਼ਨ ਮਨਾਉਣ ਦਾ ਕਾਰਨ ਦਿੱਤਾ।

### ਕ੍ਰਿਕਟ

ਸਭ ਤੋਂ ਪਹਿਲਾਂ ਗੱਲ ਕਰੀਏ ਕ੍ਰਿਕਟ ਦੀ, ਜਿਸ ਨੂੰ ਲੈ ਕੇ ਦੇਸ਼ ’ਚ ਹੈਰਾਨੀਜਨਕ ਕ੍ਰੇਜ਼ ਹੈ। ਸਾਨੂੰ 30 ਜੂਨ 2024 ਦਾ ਦਿਨ ਯਾਦ ਹੋਵੇਗਾ, ਜਦੋਂ ਭਾਰਤ ਨੇ ਰੋਹਿਤ ਸ਼ਰਮਾ ਦੀ ਕਪਤਾਨੀ ਵਿੱਚ ਵਿਸ਼ਵ ਕੱਪ ਜਿੱਤਿਆ ਸੀ। ਉਨ੍ਹਾਂ ਨੇ ਬਾਰਬਾਡੋਸ ਵਿੱਚ ਦੱਖਣੀ ਅਫ਼ਰੀਕਾ ਨੂੰ ਹਰਾਇਆ ਸੀ। ਇਸ ਜਿੱਤ ਨਾਲ 2023 ਵਿੱਚ ਘਰੇਲੂ ਵਨਡੇ ਵਿਸ਼ਵ ਕੱਪ ਤੋਂ ਖੁੰਝਣ ਤੋਂ ਬਾਅਦ ਆਈ.ਸੀ.ਸੀ. ਟਰਾਫ਼ੀ ਲਈ 11 ਸਾਲਾਂ ਦੀ ਉਡੀਕ ਖਤਮ ਹੋ ਗਈ।

### ਹਾਕੀ

ਭਾਰਤੀ ਹਾਕੀ ਟੀਮ ਨੇ ਚੀਨ ਨੂੰ 1-0 ਨਾਲ ਹਰਾ ਕੇ ਏਸ਼ੀਅਨ ਚੈਂਪੀਅਨਜ਼ ਟਰਾਫ਼ੀ 2024 ਜਿੱਤ ਲਈ ਹੈ। ਭਾਰਤ ਨੇ ਇਸ ਟੂਰਨਾਮੈਂਟ ਵਿੱਚ ਪੰਜਵੀਂ ਵਾਰ ਖ਼ਿਤਾਬ ਆਪਣੇ ਨਾਂਅ ਕੀਤਾ। ਇਸ ਜਿੱਤ ਨੇ ਖੇਡ ਜਗਤ ਵਿੱਚ ਭਾਰਤ ਦੇ ਨਾਂਅ ਵਿੱਚ ਇੱਕ ਹੋਰ ਪ੍ਰਾਪਤੀ ਜੋੜ ਦਿੱਤੀ ਹੈ।

### ਪੈਰਿਸ ਉਲੰਪਿਕ ਵਿੱਚ ਭਾਰਤ ਨੇ ਜਿੱਤੇ ਛੇ ਤ.ਗਮੇ

ਭਾਰਤ ਨੇ ਪੈਰਿਸ ਉਲੰਪਿਕ 2024 ਵਿੱਚ ਇੱਕ ਚਾਂਦੀ ਅਤੇ ਪੰਜ ਕਾਂਸੀ ਦੇ ਤ.ਗਮੇ ਜਿੱਤੇ ਸਨ। ਮਨੂ ਭਾਕਰ ਨੇ ਮਹਿਲਾਵਾਂ ਦੀ 10 ਮੀਟਰ ਏਅਰ ਪਿਸਟਲ ਸ਼ੂਟਿੰਗ ਵਿੱਚ ਕਾਂਸੀ ਦਾ ਤ.ਗਮਾ ਜਿੱਤ ਕੇ ਭਾਰਤ ਨੂੰ ਪਹਿਲਾ ਤ.ਗਮਾ ਦਿਵਾਇਆ। ਬਾਅਦ ਵਿੱਚ ਉਸ ਨੇ ਸਰਬਜੋਤ ਸਿੰਘ ਨਾਲ ਮਿਕਸਡ ਟੀਮ ਈਵੈਂਟ ਵਿੱਚ ਚਾਂਦੀ ਦਾ ਤ.ਗਮਾ ਜਿੱਤਿਆ।

### ਟੈਨਿਸ ਵਿੱਚ ਭਾਰਤ ਦੇ ਨਾਂਅ ਵੱਡੀ ਪ੍ਰਾਪਤੀ

ਟੈਨਿਸ ਵਿੱਚ ਭਾਰਤ ਲਈ ਵੱਡੀ ਪ੍ਰਾਪਤੀ ਦੁਆਰਾ ਸੰਚਾਲਿਤ ਰੋਹਨ ਬੋਪੰਨਾ ਨੇ ਆਪਣੇ ਸਾਥੀ ਏਬਡੇਨ ਨਾਲ ਮਿਲ ਕੇ ਆਸਟ੍ਰੇਲੀਅਨ ਓਪਨ 2024 ਵਿੱਚ ਪੁਰਸ਼ ਡਬਲਜ਼ ਦਾ ਖਿਤਾਬ ਜਿੱਤ ਕੇ ਇਤਿਹਾਸ ਰਚਿਆ। ਉਨ੍ਹਾਂ ਨੇ ਫ਼ਾਈਨਲ ਵਿੱਚ ਇਟਲੀ ਦੀ ਸਿਮੋਨ ਬੋਲੇਲੀ ਅਤੇ ਵਾਵਾਸੋਰੀ ਨੂੰ ਹਰਾਇਆ। 43 ਸਾਲ ਦੀ ਉਮਰ ਵਿੱਚ, ਬੋਪੰਨਾ ਗ੍ਰੈਂਡ ਸਲੈਮ ਜਿੱਤਣ ਵਾਲਾ ਸਭ ਤੋਂ ਵੱਧ ਉਮਰ ਦਾ ਪੁਰਸ਼ ਖਿਡਾਰੀ ਬਣ ਗਿਆ।

### ਸਭ ਤੋਂ ਘੱਟ ਉਮਰ ਦੇ ਚੈਂਪੀਅਨ ਬਣੇ ਗੁਕੇਸ਼




ਗੁਕੇਸ਼ 2024 ਵਿੱਚ ਸਿੰਗਾਪੁਰ ਵਿੱਚ ਹੋਈ ਵਿਸ਼ਵ ਸ਼ਤਰੰਜ ਚੈਂਪੀਅਨਸ਼ਿਪ ਵਿੱਚ ਚੀਨ ਦੇ ਡਿੰਗ ਲਿਰੇਨ ਨੂੰ ਹਰਾ ਕੇ ਸ਼ਤਰੰਜ ਵਿੱਚ ਸਭ ਤੋਂ ਘੱਟ ਉਮਰ ਦਾ ਚੈਂਪੀਅਨ ਬਣਿਆ। ਸਿਰ.ਫ 18 ਸਾਲ ਦੀ ਉਮਰ ਵਿੱਚ, ਉਹ ਇਹ ਵੱਕਾਰੀ ਖਿਤਾਬ ਜਿੱਤਣ ਵਾਲਾ ਵਿਸ਼ਵਨਾਥਨ ਆਨੰਦ ਤੋਂ ਬਾਅਦ ਸਭ ਤੋਂ ਘੱਟ ਉਮਰ ਦਾ ਚੈਂਪੀਅਨ ਅਤੇ ਦੂਜਾ ਭਾਰਤੀ ਬਣ ਗਿਆ।

ਭਾਰਤ ਦੀ ਤਾਕਤ ਨੂੰ ਦਰਸਾਉਂਦੀਆਂ ਉਪਲੱਬਧੀਆਂ ਤੁਹਾਨੂੰ ਭਾਵੁਕ ਕਰ ਦੇਣਗੀਆਂ, ਜਿਸ ਵਿੱਚ ਵੱਖ-ਵੱਖ ਖੇਡ ਪ੍ਰਾਪਤੀਆਂ ਰਹੀਆਂ ਹਨ। ਇਹ ਪ੍ਰਾਪਤੀਆਂ ਨਾ ਸਿਰ.ਫ ਵਿਅਕਤੀਗਤ ਯੋਗਤਾ ਨੂੰ ਉਜਾਗਰ ਕਰਦੀਆਂ ਹਨ ਸਗੋਂ ਅੰਤਰਰਾਸ਼ਟਰੀ ਖੇਡ ਅਖਾੜਿਆਂ ਵਿੱਚ ਭਾਰਤ ਦੀ ਵਧਦੀ ਤਾਕਤ ਨੂੰ ਵੀ ਦਰਸਾਉਂਦੀਆਂ ਹਨ।

## ਅਥਲੀਟ ਕਮਿਸ਼ਨ ’ਚ ਸ਼ਾਮਲ ਹੋਈ ਲਵਲੀਨਾ



ਨਵੀਂ ਦਿੱਲੀ/ਏ.ਟੀ.ਨਿਊਜ਼ः ਟੋਕੀਓ ਵਿੱਚ ਉਲੰਪਿਕ ਤ.ਗਮਾ ਜੇਤੂ ਲਵਲੀਨਾ ਬੋਰਗੋਹੇਨ ਨੂੰ ਵਿਸ਼ਵ ਮੁੱਕੇਬਾਜ਼ੀ ਦੀ ਨਵੀਂ ਬਣਾਈ ਗਈ ਅੰਤਰਿਮ ਏਸ਼ਿਆਈ ਸੰਸਥਾ ਦੇ ਅਥਲੀਟ ਕਮਿਸ਼ਨ ਵਿੱਚ ਸ਼ਾਮਲ ਕੀਤਾ ਗਿਆ ਹੈ। ਇਸ ਦੌਰਾਨ ਪ੍ਰਧਾਨ ਅਜੈ ਸਿੰਘ ਸਮੇਤ ਭਾਰਤੀ ਮੁੱਕੇਬਾਜ਼ੀ ਫੈਡਰੇਸ਼ਨ ਦੇ ਛੇ ਅਧਿਕਾਰੀ ਵੀ ਇਸ ਦਾ ਹਿੱਸਾ ਹੋਣਗੇ।

## ਜਸਪ੍ਰੀਤ ਬੁਮਰਾਹ ਸਾਲ ਦੇ ਸਰਬੋਤਮ ਟੈਸਟ ਕ੍ਰਿਕਟਰ ਦੇ ਪੁਰਸਕਾਰ ਲਈ ਨਾਮਜ਼ਦ

ਦੁਬਈ : ਭਾਰਤੀ ਤੇਜ਼ ਗੇਂਦਬਾਜ਼ ਜਸਪ੍ਰੀਤ ਬੁਮਰਾਹ ਨੂੰ ਅੱਜ ਇੰਗਲੈਂਡ ਦੇ ਸਟਾਰ ਬੱਲੇਬਾਜ਼ ਜੋਅ ਰੂਟ ਦੇ ਨਾਲ ਕੌਮਾਂਤਰੀ ਕ੍ਰਿਕਟ ਕੌਂਸਲ (ਆਈਸੀਸੀ) ਟੈਸਟ ਕ੍ਰਿਕਟਰ ਆਫ ਦਿ ਯੀਅਰ (ਸਾਲ ਦਾ ਸਰਬੋਤਮ ਟੈਸਟ ਕ੍ਰਿਕਟਰ) ਪੁਰਸਕਾਰ ਲਈ ਨਾਮਜ਼ਦ ਕੀਤਾ ਗਿਆ ਹੈ। ਇੰਗਲੈਂਡ ਦਾ ਇੱਕ ਹੋਰ ਬੱਲੇਬਾਜ਼ ਹੈਰੀ ਬਰੁੱਕ ਅਤੇ ਸ੍ਰੀਲੰਕਾ ਦਾ ਕਮਿੰਡੂ ਮੈਂਡਿਸ ਵੀ ਇਸ ਸੂਚੀ ਵਿੱਚ ਸ਼ਾਮਲ ਹਨ। ਬੁਮਰਾਹ 2024 ਵਿੱਚ ਟੈਸਟ ਕ੍ਰਿਕਟ ’ਚ ਸਰਬੋਤਮ ਗੇਂਦਬਾਜ਼ ਰਿਹਾ ਹੈ। ਉਸ ਨੇ 13 ਮੈਚਾਂ ਵਿੱਚ 14.92 ਦੀ ਔਸਤ ਅਤੇ 30.16 ਦੀ ਸਟ੍ਰਾਈਕ ਰੇਟ ਨਾਲ 71 ਵਿਕਟਾਂ ਲਈਆਂ ਹਨ। ਸੱਜੇ ਹੱਥ ਦੇ ਤੇਜ਼ ਗੇਂਦਬਾਜ਼ ਨੇ ਮੌਜੂਦਾ ਬਾਰਡਰ-ਗਾਵਸਕਰ ਟਰਾਫੀ ਵਿੱਚ ਵੀ ਸ਼ਾਨਦਾਰ ਪ੍ਰਦਰਸ਼ਨ ਕੀਤਾ ਹੈ। ਇਸ ਲੜੀ ਵਿੱਚ ਉਸ ਨੇ ਚਾਰ ਟੈਸਟ ਮੈਚਾਂ ’ਚ 30 ਵਿਕਟਾਂ ਲਈਆਂ ਹਨ। ਆਈਸੀਸੀ ਨੇ ਆਪਣੀ



ਵੈੱਬਸਾਈਟ ’ਤੇ ਕਿਹਾ, ‘2023 ਵਿੱਚ ਪਿੱਠ ਦੀ ਸੱਟ ਤੋਂ ਉਭਰਨ ਮਗਰੋਂ ਟੈਸਟ ਕ੍ਰਿਕਟ ’ਚ ਵਾਪਸੀ ਕਰਨ ਵਾਲੇ ਬੁਮਰਾਹ ਨੇ 2024 ’ਚ ਦਬਦਬਾ ਬਣਾਇਆ। ਕੈਲੰਡਰ ਸਾਲ ਦੇ 13 ਟੈਸਟ ਮੈਚਾਂ ’ਚ ਬੁਮਰਾਹ ਨੇ 71 ਵਿਕਟਾਂ ਲੈ ਕੇ ਹੁਣ ਤੱਕ ਦਾ ਸਰਬੋਤਮ ਪ੍ਰਦਰਸ਼ਨ ਕੀਤਾ ਅਤੇ ਇਸ ਫਾਰਮੈਟ ’ਚ ਉਹ ਸਭ ਤੋਂ ਸਫਲ ਗੇਂਦਬਾਜ਼ ਰਿਹਾ ਹੈ।’

ਇਸੇ ਤਰ੍ਹਾਂ ਰੂਟ ਨੇ 17 ਟੈਸਟ ਮੈਚਾਂ ’ਚ 55.57 ਦੀ ਔਸਤ ਨਾਲ 1,556 ਦੌੜਾਂ ਬਣਾਈਆਂ। 34 ਸਾਲਾ ਰੂਟ ਨੇ ਆਪਣੇ ਕਰੀਅਰ ਵਿੱਚ ਪੰਜਵੀਂ ਵਾਰ ਇੱਕ ਕੈਲੰਡਰ ਸਾਲ ਵਿੱਚ ਇੱਕ ਹਜ਼ਾਰ ਦੌੜਾਂ ਦਾ ਅੰਕੜਾ ਪਾਰ ਕੀਤਾ। ਇਸ ਦੌਰਾਨ ਉਸ ਨੇ ਛੇ ਸੈਂਕੜੇ ਅਤੇ ਪੰਜ ਨੀਮ ਸੈਂਕੜੇ ਲਾਏ। ਰੂਟ ਦਾ ਹਮਵਤਨ ਬਰੁੱਕ ਵੀ 12 ਟੈਸਟ ਮੈਚਾਂ ਵਿੱਚ 55.00 ਦੀ ਔਸਤ ਨਾਲ 1,100 ਦੌੜਾਂ ਬਣਾ ਕੇ ਟੈਸਟ ਕ੍ਰਿਕਟ ਵਿੱਚ ਸਰਬੋਤਮ ਚਾਰ ਖਿਡਾਰੀਆਂ ਦੀ ਸੂਚੀ ਵਿੱਚ ਥਾਂ ਬਣਾਉਣ ਵਿੱਚ ਕਾਮਯਾਬ ਰਿਹਾ। ਉਸ ਨੇ ਚਾਰ ਸੈਂਕੜੇ ਅਤੇ ਤਿੰਨ ਨੀਮ ਸੈਂਕੜੇ ਲਾਏ। ਨੌਂ ਟੈਸਟਾਂ ਵਿੱਚ 74.92 ਦੀ ਔਸਤ ਨਾਲ 1,049 ਦੌੜਾਂ ਬਣਾਉਣ ਵਾਲਾ ਸ੍ਰੀਲੰਕਾ ਦਾ ਮੈਂਡਿਸ ਵੀ ਇਸ ਸੂਚੀ ਵਿੱਚ ਸ਼ਾਮਲ ਹੈ।

## ਸ਼ਤਰੰਜ: ਹੰਪੀ ਨੇ ਦੂਜੀ ਵਾਰ ਵਿਸ਼ਵ ਰੈਪਿਡ ਚੈਂਪੀਅਨਸ਼ਿਪ ਜਿੱਤ ਕੇ ਰਚਿਆ ਇਤਿਹਾਸ

ਨਿਊਯਾਰਕ ਭਾਰਤੀ ਗਰੈਂਡਮਾਸਟਰ ਕੋਨੇਰੂ ਹੰਪੀ ਨੇ ਅੱਜ ਇੱਥੇ ਇੰਡੋਨੇਸ਼ੀਆ ਦੀ ਆਇਰੀਨ ਸੁਕੰਦਰ ਨੂੰ ਹਰਾ ਕੇ ਦੂਜੀ ਵਾਰ ਮਹਿਲਾ ਵਿਸ਼ਵ ਰੈਪਿਡ ਸ਼ਤਰੰਜ ਚੈਂਪੀਅਨਸ਼ਿਪ ਵਿੱਚ ਜਿੱਤ ਹਾਸਲ ਕੀਤੀ ਹੈ। ਇਸ ਤੋਂ



ਪਹਿਲਾਂ ਉਸ ਨੇ 2019 ਵਿੱਚ ਜੌਰਜੀਆ ’ਚ ਇਹ ਖਿਤਾਬ ਜਿੱਤਿਆ ਸੀ। ਹੰਪੀ ਚੀਨ ਦੀ ਜੂ ਵੇਨਜੁਨ ਤੋਂ ਬਾਅਦ ਇੱਕ ਤੋਂ ਵੱਧ ਖਿਤਾਬ ਜਿੱਤਣ ਵਾਲੀ ਦੂਜੀ ਖਿਡਾਰਨ ਹੈ। 37 ਸਾਲਾ ਹੰਪੀ ਨੇ 11 ’ਚੋਂ 8.5 ਦੇ ਸਕੋਰ ਨਾਲ ਚੈਂਪੀਅਨਸ਼ਿਪ ਜਿੱਤੀ।

# ਪੰਜਾਬੀ ਸਿਨੇਮਾ 2024



## ਦਰਸ਼ਕ ਹਸਾਏ ਵੀ ਤੇ ਰੁਆਏ ਵੀ

ਸੁਰਜੀਤ ਜੱਸਲ

ਇਸ ਸਾਲ 60 ਦੇ ਕਰੀਬ ਪੰਜਾਬੀ ਫ਼ਿਲਮਾਂ ਰਿਲੀਜ਼ ਹੋਈਆਂ, ਪਰ ਸਿਰਫ਼ 5-7 ਫ਼ਿਲਮਾਂ ਹੀ ਕਾਮਯਾਬ ਹੋਈਆਂ, ਜਦੋਂਕਿ ਪਿਛਲੇ ਸਾਲ ਰਚਨਾਤਮਕ ਪੱਖੋਂ ਉਸਾਰੂ ਸੋਚ ਵਾਲੀਆਂ ਚੰਗੀਆਂ ਫ਼ਿਲਮਾਂ ਦਾ ਦੌਰ ਚੱਲਿਆ। ਇਸ ਸਾਲ ਅਜਿਹੀਆਂ ਫ਼ਿਲਮਾਂ ਦੀ ਘਾਟ ਰੜਕਦੀ ਰਹੀ। 2024 ਦੀ ਸ਼ੁਰੂਆਤ ਪੰਜਾਬੀ ਸਿਨੇਮਾ ਲਈ ਨਿਰਾਸ਼ਾਜਨਕ ਹੀ ਰਹੀ। ਲੇਖਕ ਨਿਰਦੇਸ਼ਕ ਰਾਣਾ ਰਣਬੀਰ ਦੀ ਫ਼ਿਲਮ 'ਮਨਸੂਬਾ' ਗੁੰਝਲਦਾਰ ਵਿਸ਼ੇ ਕਰਕੇ ਦਰਸ਼ਕਾਂ ਦੀ ਸਮਝ ਤੋਂ ਬਾਹਰ ਰਹੀ। ਨਵੇਂ ਅਦਾਕਾਰ ਕਿਰਨਦੀਪ ਤੇ ਪ੍ਰਭ ਗਰੇਵਾਲ ਦੀ ਫ਼ਿਲਮ 'ਜੱਟਾ ਡੋਲੀ ਨਾ' ਵਿਸ਼ੇ 'ਤੇ ਚੰਗੀ ਪਕੜ ਨਾ ਹੋਣ ਕਰਕੇ ਦਰਸ਼ਕਾਂ ਦੀ ਪਸੰਦ ਨਾ ਬਣ ਸਕੀ।

ਗਾਇਕ ਯੁਵਰਾਜ ਹੰਸ ਫ਼ਿਲਮ 'ਮੁੰਡਾ ਰੌਕਸਟਾਰ' ਨਾਲ ਪੰਜਾਬੀ ਪਰਦੇ 'ਤੇ ਬਹੁਤਾ ਕਮਾਲ ਨਾ ਕਰ ਸਕਿਆ, ਜਦਕਿ ਹਰੀਸ਼ ਵਰਮਾ ਦੀ ਫ਼ਿਲਮ 'ਡਰਾਮੇ ਆਲੇ' ਚੰਗੀ ਫ਼ਿਲਮ ਹੋਣ ਦੇ ਬਾਵਜੂਦ ਬਹੁਤਾ ਪ੍ਰਭਾਵ ਨਾ ਛੱਡ ਸਕੀ। ਇਸੇ ਮਹੀਨੇ ਸਰਦਾਰ ਸੋਹੀ ਤੇ ਬੱਬਲ ਰਾਏ ਦੀ ਫ਼ਿਲਮ 'ਲੰਬੜਾਂ ਦਾ ਲਾਣਾ' ਭੂਤ-ਪ੍ਰੇਤਾਂ ਵਾਲੀ ਕਾਮੇਡੀ ਹੋਣ ਕਰਕੇ ਦਰਸ਼ਕਾਂ ਦੀ ਪਸੰਦ ਬਣੀ। ਭੂਤ-ਪ੍ਰੇਤਾਂ ਵਾਲੇ ਵਿਸ਼ਿਆਂ ਨੂੰ ਸਫ਼ਲ ਹੁੰਦੇ ਵੇਖ 'ਜੱਟ ਨੂੰ ਚੁੜੇਲ ਟੱਕਰੀ', 'ਜਿਊਂਦੇ ਰਹੋ ਭੂਤ ਜੀ', 'ਬੂ ਮੈਂ ਡਰਗੀ' ਅਤੇ 'ਨੀਂ ਮੈਂ ਸੱਸ ਕੁੱਟਣੀ-2' ਵਰਗੀਆਂ ਫ਼ਿਲਮਾਂ ਸਿਨੇਮਿਆਂ ਦਾ ਸ਼ਿੰਗਾਰ ਬਣੀਆਂ। ਇਨ੍ਹਾਂ ਵਿੱਚੋਂ ਅੰਬਰਦੀਪ ਦੀ ਲਿਖੀ ਅਤੇ ਵਿਕਾਸ ਵਸ਼ਿਸ਼ਟ ਦੀ ਨਿਰਦੇਸ਼ਿਤ ਫ਼ਿਲਮ 'ਜੱਟ ਨੂੰ ਚੁੜੇਲ ਟੱਕਰੀ' ਨੇ ਦਰਸ਼ਕਾਂ ਦਾ ਖ਼ੂਬ ਮਨੋਰੰਜਨ ਕੀਤਾ। ਗਿੱਪੀ ਗਰੇਵਾਲ, ਸਰਗੁਣ ਮਹਿਤਾ, ਰੂਪੀ ਗਿੱਲ ਆਦਿ ਕਲਾਕਾਰਾਂ ਨੇ ਇਸ ਫ਼ਿਲਮ ਵਿੱਚ ਅਹਿਮ ਕਿਰਦਾਰ ਨਿਭਾਏ। ਫ਼ਿਲਮ 'ਨੀਂ ਮੈਂ ਸੱਸ ਕੁੱਟਣੀ-2' ਪਹਿਲੀ ਚਰਚਿਤ ਫ਼ਿਲਮ ਵਾਂਗ ਦਰਸ਼ਕਾਂ ਦੀ ਪਸੰਦ 'ਤੇ ਖਰੀ ਨਾ ਉਤਰੀ, ਜਦਕਿ ਫ਼ਿਲਮ 'ਬੂ ਮੈਂ ਡਰਗੀ' ਨੇ ਦਰਸ਼ਕਾਂ ਪੱਲੇ ਕੋਰੀ ਨਿਰਾਸ਼ਾ ਪਾਈ।

ਐਕਸ਼ਨ ਅਤੇ ਥ੍ਰਿਲ ਭਰਪੂਰ ਫ਼ਿਲਮਾਂ ਬਣਾਉਣ ਵਾਲੇ ਨਿਰਦੇਸ਼ਕ ਅਮਰ ਹੁੰਦਲ ਨੇ ਫ਼ਿਲਮਾਂ 'ਵਾਰਨਿੰਗ-2', 'ਫ਼ੁਰਤੀਲਾ' ਅਤੇ 'ਬੀਬੀ ਰਜਨੀ' ਨਾਲ ਆਪਣੀ ਪਹਿਚਾਣ ਹੋਰ ਗੂੜ੍ਹੀ ਕੀਤੀ। 2021 ਦੀ ਸਫ਼ਲ ਫ਼ਿਲਮ 'ਵਾਰਨਿੰਗ' ਦੇ ਸੀਕੂਏਲ 'ਵਾਰਨਿੰਗ -2' ਨੂੰ ਹੋਰ ਵੀ ਬਿਹਤਰ ਅਤੇ ਦਿਲਚਸਪ ਬਣਾਉਣ ਲਈ ਖ਼ੂਬ ਮਿਹਨਤ ਕੀਤੀ। ਬੌਲੀਵੁੱਡ-ਹੌਲੀਵੁੱਡ ਪੱਧਰ ਦੇ ਐਕਸ਼ਨ ਨੂੰ ਪੇਸ਼ ਕਰਦੀ ਇਸ ਫ਼ਿਲਮ ਦੇ ਕਲਾਈਮੈਕਸ ਨੇ ਦਰਸ਼ਕਾਂ ਨੂੰ ਖ਼ੂਬ ਪ੍ਰਭਾਵਿਤ ਕੀਤਾ। ਪ੍ਰਿੰਸ ਕੰਵਲਜੀਤ ਸਿੰਘ, ਗਿੱਪੀ ਗਰੇਵਾਲ, ਹੌਬੀ ਧਾਲੀਵਾਲ, ਸਰਦਾਰ ਸੋਹੀ ਅਤੇ ਜੈਸਮੀਨ ਭਸੀਨ ਵਰਗੇ ਕਲਾਕਾਰਾਂ ਦੀ ਅਦਾਕਾਰੀ ਨੇ ਖ਼ੂਬ ਰੰਗ ਬੰਨ੍ਹਿਆ। ਅਦਾਕਾਰ ਤੋਂ ਨਿਰਮਾਤਾ ਬਣੇ ਜਗਜੀਤ ਸੰਧੂ ਨੇ ਫ਼ਿਲਮ 'ਓਏ ਭੋਲੇ ਓਏ' ਨਾਲ ਲੰਬੀ ਛਾਲ ਮਾਰੀ। ਸਮਾਜਿਕ ਮੁੱਦਿਆ 'ਤੇ ਵਿਅੰਗ ਕਰਦੀ ਤੇ ਹਾਸੇ-ਹਾਸੇ ਵਿੱਚ ਸੋਚ ਨੂੰ ਹਲੂਣਾ ਦਿੰਦੀ ਇਹ ਫ਼ਿਲਮ ਟਿਕਟ ਖਿੜਕੀ 'ਤੇ ਭੀੜ ਜਮਾਂ ਕਰਨ ਵਿੱਚ ਕਾਮਯਾਬ ਰਹੀ। ਜਗਜੀਤ ਸੰਧੂ ਦੀ ਇੱਕ ਹੋਰ ਫ਼ਿਲਮ 'ਚੋਰਦਿਲ' ਵੀ ਇਸੇ ਸਾਲ ਰਿਲੀਜ਼ ਹੋਈ।

ਫ਼ਿਲਮ 'ਤੁਣਕਾ-ਤੁਣਕਾ' ਨਾਲ ਗਾਇਕ ਤੋਂ ਅਦਾਕਾਰ ਬਣੇ ਹਰਦੀਪ ਗਰੇਵਾਲ ਦੀ ਇਸ ਸਾਲ ਤੀਸਰੀ ਫ਼ਿਲਮ 'ਜੇ ਪੈਸਾ ਬੋਲਦਾ ਹੁੰਦਾ' ਵੀ ਰਿਲੀਜ਼ ਹੋਈ। ਕਾਮੇਡੀ ਅਤੇ ਸਸਪੈਂਸ ਭਰਪੂਰ ਇਹ ਫ਼ਿਲਮ ਚੰਗੀ ਹੋਣ ਦੇ ਬਾਵਜੂਦ ਦਰਸ਼ਕਾਂ ਦੀ ਪਸੰਦ ਨਾ ਬਣ ਸਕੀ। ਸਿੰਮੀ ਚਾਹਲ ਅਤੇ ਇਮਰਾਨ ਅੱਬਾਸ ਦੀ ਜੋੜੀ ਵਾਲੀ ਫ਼ਿਲਮ 'ਜੀ ਵੇ ਸੋਹਣਿਆ ਜੀ' ਵਿਸ਼ੇ ਪੱਖੋਂ ਦਿਲਚਸਪ ਫ਼ਿਲਮ ਰਹੀ। ਗੁਰਨਾਮ ਭੁੱਲਰ ਦੀ ਫ਼ਿਲਮ 'ਖਿਡਾਰੀ' ਚੰਗੇ ਵਿਸ਼ੇ ਦੀ ਫ਼ਿਲਮ ਸਾਬਤ ਹੋਈ। ਪਹਿਲੀਆਂ ਫ਼ਿਲਮਾਂ ਦੇ ਮੁਕਾਬਲੇ ਗੁਰਨਾਮ ਭੁੱਲਰ ਇਸ ਫ਼ਿਲਮ ਨਾਲ ਬਹੁਤਾ ਕੱਦ ਨਾ ਕੱਢ ਸਕਿਆ। ਕਰਮਜੀਤ ਅਨਮੋਲ ਅਤੇ ਸਿਮਰ ਖਹਿਰਾ ਦੀ







ਕਾਮੇਡੀ ਫ਼ਿਲਮ 'ਵੇਖੀ ਜਾ ਛੇੜੀ ਨਾ' ਨੂੰ ਕਿਸੇ ਵੀ ਦਰਸ਼ਕ ਨੇ ਨਾ ਛੇੜਿਆ।

'ਇਕੋ-ਮਿਕੇ' ਤੇ 'ਕਲੀ ਜੋਟਾ' ਦੀ ਬੇਮਿਸਾਲ ਸਫ਼ਲਤਾ ਤੋਂ ਬਾਅਦ ਸਤਿੰਦਰ ਸਰਤਾਜ ਦੀ ਇਸ ਸਾਲ ਫ਼ਿਲਮ 'ਸ਼ਾਯਰ' ਨੇ ਨਵੇਂ ਮੀਲ-ਪੱਥਰ ਸਥਾਪਤ ਕੀਤੇ। ਸ਼ਾਇਰੋ-ਸ਼ਾਇਰੀ ਨਾਲ ਭਰਪੂਰ ਇਸ ਫ਼ਿਲਮ ਨੂੰ ਦਰਸ਼ਕਾਂ ਦਾ ਰੱਜਵਾਂ ਪਿਆਰ ਮਿਲਿਆ। 'ਇਕੋ-ਮਿਕੇ' ਵਾਂਗ 'ਸ਼ਾਯਰ' ਫ਼ਿਲਮ ਨਾਲ ਸਤਿੰਦਰ ਸਰਤਾਜ ਦਰਸ਼ਕਾਂ ਨੂੰ ਸਾਹਿਤ ਨਾਲ ਜੋੜਦਿਆਂ ਸੱਚੀਆਂ ਮੁਹੱਬਤਾਂ ਦੀ ਬਾਤ ਪਾਉਣ ਵਿੱਚ ਕਾਮਯਾਬ ਰਿਹਾ। ਇਸ ਫ਼ਿਲਮ ਵਿਚਲੀ ਅਦਾਕਾਰੀ ਦੇ ਨਾਲ-ਨਾਲ ਫ਼ਿਲਮ ਦੇ ਸ਼ਾਇਰੀ-ਨੁਮਾ ਗੀਤ ਵੀ ਦਰਸ਼ਕਾਂ ਦੀ ਪਸੰਦ ਬਣੇ।

ਪਿਛਲੇ ਸਾਲ ਸਿੱਖ ਇਤਿਹਾਸ ਦੀ ਪੇਸ਼ਕਾਰੀ ਕਰਦੀ ਫ਼ਿਲਮ 'ਮਸਤਾਨੇ' ਵਾਂਗ ਇਤਿਹਾਸਿਕ ਗਾਥਾ 'ਤੇ ਆਧਾਰਿਤ ਫ਼ਿਲਮ 'ਬੀਬੀ ਰਜਨੀ' ਵੀ ਚਰਚਾ ਵਿੱਚ ਰਹੀ। 26 ਜੂਨ 1972 ਨੂੰ ਰਿਲੀਜ਼ ਹੋਈ ਨਿਰਮਾਤਾ ਕੰਵਰ ਮਹਿੰਦਰ ਸਿੰਘ ਬੇਦੀ ਦੀ ਫ਼ਿਲਮ 'ਦੁੱਖ ਭੰਜਨ ਤੇਰਾ ਨਾਮ' ਵੀ ਬੀਬੀ ਰਜਨੀ ਦੀ ਕਹਾਣੀ ਸੀ। 70ਵੇਂ ਦਹਾਕੇ ਦੀ ਸਫ਼ਲ ਫ਼ਿਲਮ ਵਾਂਗ ਮੌਜੂਦਾ ਦੌਰ ਦੀ ਫ਼ਿਲਮ 'ਬੀਬੀ ਰਜਨੀ' ਨੇ ਦਰਸ਼ਕਾਂ ਨੂੰ ਮੁੜ ਸਿੱਖ ਇਤਿਹਾਸ ਨਾਲ ਜੋੜਿਆ। ਬੀਬੀ ਰਜਨੀ ਦੀ ਚੰਗੀ ਕਾਰਗੁਜ਼ਾਰੀ ਵੇਖਦਿਆਂ ਧਾਰਮਿਕ ਵਿਸ਼ੇ ਦੀਆਂ ਕਈ ਹੋਰ ਫ਼ਿਲਮਾਂ ਵੀ ਰਿਲੀਜ਼ ਹੋਈਆਂ ਜੋ ਗੁਰਬਾਣੀ ਨਾਲ ਜੁੜ ਕੇ ਸੱਚੀ-ਸੁੱਚੀ ਕਿਰਤ ਕਰ ਕੇ ਵੰਡ ਛੱਕਣ ਦਾ ਉਪਦੇਸ਼ ਦਿੰਦੀਆਂ ਨਜ਼ਰ ਆਈਆਂ। ਰਾਮ ਮਹੇਸ਼ਵਰੀ ਦੀ 1969 'ਚ ਨੈਸ਼ਨਲ ਐਵਾਰਡ ਜੇਤੂ ਫ਼ਿਲਮ 'ਨਾਨਕ ਨਾਮ ਜਹਾਜ਼ ਹੈ' ਤੋਂ ਬਾਅਦ ਇਸ ਸਾਲ ਨਵੀਂ ਨਿਰਦੇਸ਼ਿਕਾ ਕਲਿਆਣੀ ਸਿੰਘ ਵੱਲੋਂ 'ਨਾਨਕ ਨਾਮ ਜਹਾਜ਼ ਹੈ' ਨਾਮ ਦੀ ਇੱਕ ਹੋਰ ਫ਼ਿਲਮ ਰਿਲੀਜ਼ ਕੀਤੀ ਗਈ। 1982 ਵਿੱਚ ਰਿਲੀਜ਼ ਹੋਈ ਕੇ. ਪੱਪੂ ਵੱਲੋਂ ਨਿਰਦੇਸ਼ਿਤ ਫ਼ਿਲਮ 'ਉੱਚਾ ਦਰ ਬਾਬੇ ਨਾਨਕ ਦਾ' ਆਪਣੇ ਸਮੇਂ ਦੀ ਸੁਪਰਡੁਪਰ ਹਿੱਟ ਫ਼ਿਲਮ ਰਹੀ ਹੈ। ਇਸੇ ਸਿਰਲੇਖ ਅਧੀਨ ਲੇਖਕ-ਨਿਰਦੇਸ਼ਕ ਤਰਨਪਾਲ ਸਿੰਘ ਜਗਪਾਲ ਦੀ ਫ਼ਿਲਮ ਰਿਲੀਜ਼ ਹੋਈ, ਪਰ ਇਸ ਫ਼ਿਲਮ ਨੂੰ ਚੰਗਾ ਹੁੰਗਾਰਾ ਨਾ ਮਿਲਿਆ। 2016 ਵਿੱਚ ਰਿਲੀਜ਼ ਹੋਈ ਸੁਪਰਡੁਪਰ ਹਿੱਟ ਫ਼ਿਲਮ 'ਅਰਦਾਸ' ਦਾ ਤੀਸਰਾ ਭਾਗ 'ਅਰਦਾਸ-ਸਰਬੱਤ ਦੇ ਭਲੇ ਦੀ' ਚੰਗੀ ਫ਼ਿਲਮ ਸਾਬਤ ਹੋਈ। ਪਹਿਲੀਆਂ ਦੋ ਫ਼ਿਲਮਾਂ ਵਾਂਗ ਇਸ ਫ਼ਿਲਮ ਨੂੰ ਵੀ ਦਰਸ਼ਕਾਂ ਦਾ ਚੰਗਾ ਪਿਆਰ ਮਿਲਿਆ, ਭਾਵੇਂ ਇਸ ਸਾਲ ਸੀਕੂਏਲ ਫ਼ਿਲਮਾਂ ਦਾ ਜ਼ਿਆਦਾ ਬੋਲ-ਬਾਲਾ ਰਿਹਾ, ਪ੍ਰੰਤੂ ਪਹਿਲੀਆਂ ਫ਼ਿਲਮਾਂ ਵਾਲੀ ਕਾਮਯਾਬੀ ਕਿਸੇ-ਕਿਸੇ ਦੇ ਹੱਥ ਹੀ ਆਈ। ਇਸ ਲੜੀ ਵਿੱਚ 'ਬਲੈਕੀਆ-2', 'ਰੁਪਿੰਦਰ ਗਾਂਧੀ 3', 'ਪ੍ਰਾਹੁਣਾ 2', 'ਫ਼ੇਰ ਮਾਮਲਾ ਗੜਬੜ ਹੈ', 'ਨੀਂ ਮੈਂ ਸੱਸ ਕੁੱਟਣੀ 2', 'ਸਰੰਡਰ', 'ਤਬਾਹੀ ਰਿਲੋਡਡ' ਆਦਿ ਫ਼ਿਲਮਾਂ ਆਈਆਂ ਜੋ ਸਿਰਫ਼ ਆਈਆਂ ਗਈਆਂ ਹੋ ਗਈਆਂ।




ਚੰਗੀ ਤੇ ਉਸਾਰੂ ਸੋਚ ਵਾਲੇ ਨੌਜਵਾਨ ਹੈਪੀ ਰੋਡੇ ਦੀ ਇਸ ਸਾਲ ਰਿਲੀਜ਼ ਫ਼ਿਲਮ 'ਰੋਡੇ ਕਾਲਜ' ਕਾਫ਼ੀ ਚਰਚਾ ਵਿੱਚ ਰਹੀ। ਵਿਸ਼ੇ ਅਤੇ ਨਿਰਦੇਸ਼ਨ ਪੱਖੋਂ ਚੰਗੀ ਕਾਰਗੁਜ਼ਾਰੀ ਕਰਨ ਵਾਲੀ ਇਸ ਫ਼ਿਲਮ ਦੀ ਚਰਚਾ ਨੇ ਸਭ ਨੂੰ ਹੈਰਾਨ ਕੀਤਾ। ਅਮਰਿੰਦਰ ਗਿੱਲ ਇਸ ਸਾਲ ਦੋ ਫ਼ਿਲਮਾਂ ਲੈ ਕੇ ਆਇਆ, ਜਿਨ੍ਹਾਂ 'ਚੋਂ ਪਹਿਲੀ 'ਮਿੱਤਰਾਂ ਦਾ ਚੱਲਿਆ ਟਰੱਕ ਨੀਂ' ਵਿੱਚ ਉਹ ਇੱਕ ਡਰਾਈਵਰ ਦੇ ਕਿਰਦਾਰ ਵਿੱਚ ਨਜ਼ਰ ਆਇਆ। ਰਾਕੇਸ਼ ਧਵਨ ਵੱਲੋਂ ਨਿਰਦੇਸ਼ਤਿਤ ਇਸ ਫ਼ਿਲਮ ਵਿੱਚ ਸੁਨੰਦਾ ਸ਼ਰਮਾ, ਹਰਦੀਪ ਗਿੱਲ ਅਤੇ ਬੌਲੀਵੁੱਡ ਅਦਾਕਾਰਾ ਸਯਾਨੀ ਗੁਪਤਾ ਨੇ ਬਾਕਮਾਲ ਅਦਾਕਾਰੀ ਨਾਲ ਦਰਸ਼ਕਾਂ ਨੂੰ ਪ੍ਰਭਾਵਿਤ ਕੀਤਾ। ਦੂਜੀ ਫ਼ਿਲਮ 'ਦਾਰੂ ਨਾ ਪੀਂਦਾ ਹੋਵੇ' ਸ਼ਰਾਬੀਆਂ ਦੇ ਮਾੜੇ ਲੱਛਣਾਂ ਸਦਕਾ ਪੈਦਾ ਹੋਈਆਂ ਪਰਿਵਾਰਕ ਉਲਝਣਾਂ ਦੀ ਕਹਾਣੀ ਪੇਸ਼ ਕਰਦੀ ਚੰਗੀ ਫ਼ਿਲਮ ਸਾਬਤ ਹੋਈ। ਦਿਲਜੀਤ ਦੁਸਾਂਝ ਦੀ ਫ਼ਿਲਮ 'ਜੱਟ ਐਂਡ ਜੂਲੀਅਟ 3' ਨੇ ਵੀ ਸਫ਼ਲਤਾ ਦੇ ਝੰਡੇ ਲਹਿਰਾਏ।




ਗਿੱਪੀ ਗਰੇਵਾਲ ਦਾ ਬੇਟਾ ਸ਼ਿੰਦਾ ਗਰੇਵਾਲ ਫ਼ਿਲਮ 'ਸ਼ਿੰਦਾ ਸ਼ਿੰਦਾ ਨੋ ਪਾਪਾ' ਨਾਲ ਚਰਚਾ ਵਿੱਚ ਆਇਆ। ਪੰਜਾਬ ਅਤੇ ਬਾਹਰਲੇ ਸੱਭਿਆਚਾਰ ਦੇ ਵਖਰੇਵੇਂ ਅਤੇ ਸਹੀ ਪਰਿਵਾਰਕ ਪਾਲਣ ਪੋਸ਼ਣ ਦੀ ਗੱਲ ਕਰਦੀ ਇਹ ਚੰਗੀ ਫ਼ਿਲਮ ਸੀ। ਪਿੰਡਾਂ ਦੀ ਸਕੂਲੀ ਸਿੱਖਿਆ ਪ੍ਰਣਾਲੀ 'ਤੇ ਵਿਅੰਗ ਕਸਦੀ ਪ੍ਰੀਤ ਹਰਪਾਲ ਦੀ ਫ਼ਿਲਮ 'ਪਿੰਡ ਆਲਾ ਸਕੂਲ' ਸੰਜੀਦਾ ਵਿਸ਼ੇ 'ਤੇ ਆਧਾਰਿਤ ਸੀ। ਬੱਬੂ ਮਾਨ ਦੀ ਫ਼ਿਲਮ 'ਸੁੱਚਾ ਸੂਰਮਾ' ਵੀ ਇਸੇ ਸਾਲ ਰਿਲੀਜ਼ ਹੋਈ। ਪੁਰਾਣੀ ਲੋਕ ਗਾਥਾ 'ਤੇ ਆਧਾਰਿਤ ਇਸ ਫ਼ਿਲਮ ਨੂੰ ਅਮਿਤੋਜ਼ ਮਾਨ ਨੇ ਬਹੁਤ ਬਾਰੀਕੀ ਨਾਲ ਨਿਰਦੇਸ਼ਿਤ ਕੀਤਾ। ਫ਼ਿਲਮ ਦੀ ਪ੍ਰਸ਼ੰਸਾ ਤਾਂ ਹੋਈ, ਪਰ ਬਹੁਤੀ ਚਰਚਾ ਨਾ ਹੋ ਸਕੀ।

ਪਰਿਵਾਰਕ ਉਲਝਣਾਂ ਵਾਲੀ ਸਮਾਜਿਕ ਵਿਸ਼ੇ ਦੀ ਫ਼ਿਲਮ 'ਸ਼ੁਕਰਾਨਾ' ਆਮ ਫ਼ਿਲਮਾਂ ਤੋਂ ਹਟਕੇ ਸੀ, ਜਿਸ ਵਿੱਚ ਦਿਓਰ-ਭਰਜਾਈ ਦੇ ਸਤਿਕਾਰ ਅਤੇ ਮਾਣ ਮਰਿਆਦਾ ਭਰੇ ਰਿਸ਼ਤੇ ਨੂੰ ਮਜਬੂਰੀ ਵੱਸ ਦੂਸਰੇ ਵਿਆਹ ਬੰਧਨ ਵਿੱਚ ਵਿਖਾਇਆ ਗਿਆ। ਪੰਜਾਬ ਦੀਆਂ ਸੱਚੀਆਂ ਕਹਾਣੀਆਂ ਦੇ ਹਵਾਲੇ ਨਾਲ ਪੇਸ਼ ਕੀਤੀ ਇਸ ਫ਼ਿਲਮ ਦੇ ਕੁਝ ਦ੍ਰਿਸ਼ ਕਾਲਜੇ ਤੋਂ ਰੁੱਗ ਭਰਦੇ ਨਜ਼ਰ ਆਏ। ਚੰਗੀ ਫ਼ਿਲਮ ਹੋਣ ਦੇ ਬਾਵਜੂਦ ਇਹ ਬਹੁਤੀ ਲੰਮਾ ਸਮਾਂ ਸਿਨੇਮਾਂ ਘਰਾਂ ਵਿੱਚ ਨਾ ਟਿਕ ਸਕੀ। ਲੇਖਕ ਨਿਰਦੇਸ਼ਕ ਨਵ ਬਾਜਵਾ ਦੀ ਫ਼ਿਲਮ 'ਰੇਡੂਆ ਰਿਟਰਨਜ਼' ਨੇ ਦਰਸ਼ਕਾਂ ਨੂੰ ਬੁਰੀ ਤਰ੍ਹਾਂ ਨਿਰਾਸ਼ ਕੀਤਾ।

ਐਮੀ ਵਿਰਕ ਇਸ ਸਾਲ ਬੌਲੀਵੁੱਡ ਵਿੱਚ ਸਰਗਰਮ ਰਿਹਾ ਅਤੇ ਪੰਜਾਬੀ ਸਿਨੇਮਾ ਲਈ ਸਿਰਫ਼ ਇੱਕ ਫ਼ਿਲਮ 'ਕੁੜੀ ਹਰਿਆਣੇ ਵੱਲ ਦੀ' ਨਾਲ ਇਸ਼ਕ ਪੇਚੇ ਲੜਾਉਂਦਾ ਨਜ਼ਰ ਆਇਆ। ਭਲਵਾਨੀ ਦੀ ਆੜ 'ਚ ਰੁਮਾਂਟਕ ਵਿਸ਼ੇ ਦੀ ਇਹ ਫ਼ਿਲਮ ਦਰਸ਼ਕਾਂ ਨੇ ਪਸੰਦ ਕੀਤੀ। ਇਸ ਵਿੱਚ ਐਮੀ ਵਿਰਕ ਪਹਿਲੀ ਵਾਰ ਭਲਵਾਨੀ ਕਰਦਾ ਨਜ਼ਰ ਆਇਆ। ਗੁਰੂ ਰੰਧਾਵਾ ਨੇ ਵੀ ਫ਼ਿਲਮ 'ਸ਼ਾਹਕੋਟ' ਨਾਲ ਅਦਾਕਾਰੀ ਵਿੱਚ ਪੈਰ ਧਰਿਆ। ਉਦਾਸੀਨਤਾ ਨਾਲ ਭਰੀ ਫ਼ਿਲਮ 'ਆਪਣੇ ਘਰ ਬੇਗਾਨੇ' ਨੂੰ ਦਰਸ਼ਕਾਂ ਦਾ ਭਰਵਾਂ ਹੁੰਗਾਰਾ ਨਾ ਮਿਲਿਆ। ਆਰਿਆ ਬੱਬਰ ਦੀ 'ਹੇ ਸੀਰੀ ਵੇ ਸੀਰੀ' ਅਤੇ ਪਰਵਾਸੀ ਮੁਲਕ ਵਿੱਚ ਬਣੀ 'ਗੋਰਿਆਂ ਨਾਲ ਲੱਗਦੀ ਜ਼ਮੀਨ ਜੱਟ ਦੀ' ਨੇ ਦਰਸ਼ਕਾਂ ਦਾ ਚੰਗਾ ਮਨੋਰੰਜਨ ਕੀਤਾ। ਸਾਲ ਦੇ ਅੰਤ ਵਿੱਚ ਦਸੰਬਰ ਵਿੱਚ ਦੋ ਮੁੱਖ ਫ਼ਿਲਮਾਂ 'ਵੱਡਾ ਘਰ' ਅਤੇ 'ਪੰਜਾਬ ਫ਼ਾਇਲਜ਼' ਰਿਲੀਜ਼ ਹੋਈਆ। ਜਿੱਥੇ 'ਵੱਡਾ ਘਰ' ਸਾਂਝੇ ਵੱਡੇ-ਘਰ-ਪਰਿਵਾਰ ਦੀ ਅਹਿਮੀਅਤ ਦੱਸਦੀ ਹੈ, ਉੱਥੇ 'ਪੰਜਾਬ ਫ਼ਾਇਲਜ਼' ਪੰਜਾਬ ਦੇ ਕਾਲੇ ਦੌਰ ਦੀ ਗਾਥਾ ਬਿਆਨਦੀ ਪੀਰੀਅਡ ਡਰਾਮਾ ਕਹਾਣੀ ਹੈ।

ਸਿਨੇਮਿਆਂ ਵਿੱਚ ਰਿਲੀਜ਼ ਫ਼ਿਲਮਾਂ ਤੋਂ ਇਲਾਵਾ ਇਸ ਵਾਰ ਓਟੀਟੀ ਦੇ ਮੰਚ ਚੌਪਾਲ 'ਤੇ ਵੀ ਅਨੇਕਾਂ ਨਵੀਆਂ ਫ਼ਿਲਮਾਂ ਅਤੇ ਵੈੱਬ ਸੀਰੀਜ਼ ਰਿਲੀਜ਼ ਹੋਈਆਂ। ਲੇਖਕ ਨਿਰਦੇਸ਼ਕ ਗੁਰਪ੍ਰੀਤ ਸਿੰਘ ਭਲੇਰੀ ਦੀ ਚੌਪਾਲ 'ਤੇ ਇਸ ਵਰ੍ਹੇ ਰਿਲੀਜ਼ ਹੋਈ ਵੈੱਬ ਸੀਰੀਜ਼ 'ਸਰਪੰਚੀ' ਨੇ ਦਰਸ਼ਕਾਂ ਦਾ ਭਰਪੂਰ ਪਿਆਰ ਲਿਆ। ਇਸ ਵਿੱਚ ਵਿਖਾਇਆ ਗਿਆ ਹੈ ਕਿ ਕਿਵੇਂ ਅੱਜ ਦਾ ਵੋਟਰ ਜਾਗਰੂਕ ਹੋ ਗਿਆ ਹੈ। ਲੇਖਕ ਅਵਰਾਜ ਗਿੱਲ ਅਤੇ ਨਿਰਦੇਸ਼ਕ ਅਨੀਤ ਸੇਖੋਂ ਦੀ ਵੈੱਬ ਸੀਰੀਜ਼ 'ਤਖ਼ਤ' ਨਸ਼ਿਆਂ ਦੇ ਕਾਰੋਬਾਰ ਕਰਨ ਵਾਲੇ ਦੋ ਨੰਬਰੀ ਬੰਦਿਆਂ ਦੀ ਹਕੀਕਤ ਪੇਸ਼ ਕਰਦੀ ਦਿਲਚਸਪ ਕਹਾਣੀ ਹੈ। ਇਸ ਤੋਂ ਇਲਾਵਾ ਵੈੱਬ ਸੀਰੀਜ਼ 'ਪਲਸਤਰ', 'ਜੱਕੇ ਪੀ ਸੀ ਐੱਫ਼' ਵੀ ਚਰਚਾ ਵਿੱਚ ਰਹੀਆਂ। ਗਾਇਕ ਰਵਿੰਦਰ ਗਰੇਵਾਲ ਦੀ ਫ਼ਿਲਮ 'ਬਲੂ ਵੈਨ' ਵੀ ਕਾਫ਼ੀ ਚਰਚਾ ਵਿੱਚ ਰਹੀ।

## ਸ਼੍ਰੋਮਣੀ ਕਮੇਟੀ ਵੱਲੋਂ ਭਾਈ ਨਰਾਇਣ ਸਿੰਘ ਚੌੜਾ

ਅੰਤ੍ਰਿੰਗ ਕਮੇਟੀ ਨੇ ਮੰਗ ਕੀਤੀ ਕਿ ਇਸ ਦੀ ਨਿਆਂਇਕ ਜਾਂਚ ਕੀਤੀ ਜਾਣੀ ਚਾਹੀਦੀ ਹੈ। ਅੰਤ੍ਰਿੰਗ ਕਮੇਟੀ ਵੱਲੋਂ ਭਾਰਤ ਦੇ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੇ ਅਕਾਲ ਚਲਾਣੇ ’ਤੇ ਸ਼ੋਕ ਮਤਾ ਪਾਸ ਕੀਤਾ ਗਿਆ ਅਤੇ ਮੂਲਮੰਤਰ ਤੇ ਗੁਰਮੰਤਰ ਦੇ ਜਾਪ ਕਰਕੇ ਉਨ੍ਹਾਂ ਨੂੰ ਸ਼ਰਧਾਂਜਲੀ ਦਿੱਤੀ ਗਈ। ਇਸ ਇਕੱਤਰਤਾ ਵਿੱਚ ਧਾਮੀ ਦੇ ਨਾਲ ਸੀਨੀਅਰ ਮੀਤ ਪ੍ਰਧਾਨ ਰਘੂਜੀਤ ਸਿੰਘ ਵਿਰਕ, ਜੂਨੀਅਰ ਮੀਤ ਪ੍ਰਧਾਨ ਬਲਦੇਵ ਸਿੰਘ ਕਲਿਆਣ, ਜਨਰਲ ਸਕੱਤਰ ਸ਼ੇਰ ਸਿੰਘ ਮੰਡਵਾਲਾ ਅਤੇ ਅੰਤ੍ਰਿੰਗ ਕਮੇਟੀ ਦੇ ਮੈਂਬਰਾਂ ਸਮੇਤ ਅਧਿਕਾਰੀ ਹਾਜ਼ਰ ਸਨ।

***

## ਸ਼੍ਰੋਮਣੀ ਕਮੇਟੀ ਜਥੇ. ਹਰਪ੍ਰੀਤ ਸਿੰਘ ਦੀ ਜਾਂਚ ਅੱਗੇ

ਵੱਲੋਂ ਇਸ ਮਤੇ ਦੇ ਕੀਤੇ ਕਰੜੇ ਵਿਰੋਧ ਨੂੰ ਦੇਖਦਿਆਂ ਹੀ ਇਹ ਮਤਾ ਵਾਪਸ ਲੈਣਾ ਪਿਆ ਹੈ। ਇਸ ਦੇ ਨਾਲ ਹੀ ਇਸ ਮਤੇ ਨੂੰ ਰੱਦ ਕੀਤੇ ਜਾਣ ਨਾਲ ਹੀ ਇਸ ਗੋਲੀ ਦੀ ਘਟਨਾ ਬਾਰੇ ਪੜਤਾਲ ਲਈ ਰਘੂਜੀਤ ਸਿੰਘ ਵਿਰਕ ਦੀ ਅਗਵਾਈ ਵਿੱਚ ਬਣਾਈ ਗਈ ਚਾਰ ਮੈਂਬਰੀ ਕਮੇਟੀ ਵੀ ਬਿਨਾਂ ਕੋਈ ਜਾਂਚ ਕੀਤਿਆਂ ਭੰਗ ਹੋ ਗਈ ਹੈ। ਦੂਜੇ ਪਾਸੇ ਇਸ ਮਤੇ ਦਾ ਸਭ ਤੋਂ ਵੱਧ ਵਿਰੋਧ ਕਰਨ ਵਾਲੀ ਸਿੱਖ ਜਥੇਬੰਦੀ ਦਲ ਖ਼ਾਲਸਾ ਦੇ ਸਕੱਤਰ ਜਨਰਲ ਕੰਵਰਪਾਲ ਸਿੰਘ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਨੇ ਮਤੇ ਨੂੰ ਰੱਦ ਕਰਕੇ ਦਰੁਸਤ ਫ਼ੈਸਲਾ ਕੀਤਾ ਹੈ, ਜਿਸ ਨਾਲ ਕੌਮ ਅੰਦਰ ਆਪਸੀ ਪਾੜਾ ਵਧਣੋਂ ਰੁਕ ਗਿਆ ਹੈ। ਦਲ ਖ਼ਾਲਸਾ ਆਗੂ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਪ੍ਰਧਾਨ ਧਾਮੀ ਨੇ ਸਮਾਂ ਰਹਿੰਦੇ ਆਪਣੀ ਸੂਝ-ਬੂਝ ਨਾਲ ਕਮੇਟੀ ਵੱਲੋਂ ਪੈਣ ਜਾ ਰਹੀ ਗਲਤ ਪਿਰਤ ਨੂੰ ਮੋੜਾ ਦੇ ਕੇ ਸਹੀ ਫ਼ੈਸਲਾ ਕੀਤਾ ਹੈ।

ਇਸ ਤੋਂ ਸਪਸ਼ਟ ਹੈ ਕਿ ਬਾਦਲ ਦਲ ਖ਼ਾਲਿਸਤਾਨੀਆਂ ਨਾਲ ਟਕਰਾਅ ਨਹੀਂ ਵਧਾਉਣਾ ਚਾਹੁੰਦਾ, ਪਰ ਗਿਆਨੀ ਹਰਪ੍ਰੀਤ ਸਿੰਘ ਤੇ ਬਾਗੀ ਧੜੇ ਨਾਲ ਟਕਰਾਅ ਵਿੱਚ ਆਪਣੀ ਰਾਜਨੀਤੀ ਬੁਲੰਦ ਕਰਨਾ ਚਾਹੁੰਦਾ ਹੈ।

ਪੰਥਕ ਹਲਕਿਆਂ ਦਾ ਮੰਨਣਾ ਹੈ ਕਿ ਸ਼੍ਰੋਮਣੀ ਕਮੇਟੀ ਬਾਦਲ ਦਲ ਦੇ ਪ੍ਰਭਾਵ ਅਧੀਨ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਸ਼੍ਰੋਮਣੀ ਕਮੇਟੀ ਚੁਣੌਤੀ ਦੇ ਰਹੀ ਹੈ ਤੇ ਦਰਸਾ ਦਿੱਤਾ ਹੈ ਕਿ ਬਾਦਲ ਦਲ ਦੇ ਕਬਜ਼ੇ ਵਾਲੀ ਸ਼੍ਰੋਮਣੀ ਕਮੇਟੀ ਸੁਪਰੀਮ ਹੈ ਜੋ ਬੇਅਦਬੀਆਂ ਦੇ ਮਾਮਲੇ ਵਿੱਚ ਘਿਰੀ ਹੋਈ ਹੈ। ਹਾਲਾਂਕਿ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਉੱਪਰ ਲੱਗੇ ਦੋਸ਼ਾਂ ਦੀ ਜਾਂਚ ਦਾ ਅਧਿਕਾਰ ਸ਼੍ਰੋਮਣੀ ਕਮੇਟੀ ਕੋਲ ਨਹੀਂ ਹੈ। ਜਥੇਦਾਰ ਤਖ਼ਤ ਸਾਹਿਬਾਨ ਗੁਰਦੁਆਰਾ ਐਕਟ ਅਧੀਨ ਨਹੀਂ ਹਨ। ਬਾਦਲ ਦਲ ਦੇ ਲੀਡਰਸ਼ਿਪ ਅਧੀਨ ਸ਼੍ਰੋਮਣੀ ਕਮੇਟੀ ਜਥੇਦਾਰਾਂ ਨਾਲ ਕਰਮਚਾਰੀਆਂ ਵਾਲਾ ਸਲੂਕ ਕਰ ਰਹੀ ਹੈ।

ਸ਼੍ਰੋਮਣੀ ਕਮੇਟੀ ਨੇ ਅਜਿਹਾ ਕਰਕੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨਾਲ ਖੁਣਸ ਕੱਢੀ ਹੈ, ਕਿਉਂਕਿ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਜੋ ਗੁਰਮਤੇ ਗੁਨਾਹਗਾਰ ਲੀਡਰਸ਼ਿਪ ਵਿਰੁੱਧ ਹੋਏ ਹਨ, ਉਹ ਪਿਛੇ ਸਾਰੀ ਨੀਤੀ ਤੇ ਨੈਰੇਟਿਵ ਜਥੇਦਾਰ ਹਰਪ੍ਰੀਤ ਸਿੰਘ ਦਾ ਸੀ ਤਾਂ ਜੋ ਸਿੱਖ ਪੰਥ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਫ਼ੈਸਲੇ ਨਾਲ ਸਤੁੰਸ਼ਟ ਕੀਤਾ ਜਾ ਸਕੇ ਤੇ ਅਕਾਲ ਤਖ਼ਤ ਸਾਹਿਬ ਦੀ ਪੁਰਾਤਨ ਖੁਦਮੁਖਤਿਆਰ ਪਰੰਪਰਾ ਬਹਾਲ ਕਰਾਈ ਜਾਵੇ।

***

## ਕੀ ਕਹਿੰਦੇ ਹਨ ਜਥੇਦਾਰ ਹਰਪ੍ਰੀਤ ਸਿੰਘ ?

ਉਨ੍ਹਾਂ ਕਿਹਾ ਕਿ ਮੈਂ 2 ਦਸੰਬਰ ਨੂੰ ਪੰਜ ਸਿੰਘ ਸਾਹਿਬਾਨਾਂ ਦੇ ਫ਼ੈਸਲੇ ਵਿੱਚ ਸ਼ਾਮਲ ਹੋਇਆ ਸੀ। ਉਨ੍ਹਾਂ ਕਿਹਾ ਕਿ ਮੈਂ ਅਡੋਲ ਰਹਾਂਗਾ ਅਤੇ ਕਿਸੇ ਤਰ੍ਹਾਂ ਦੀ ਘਬਰਾਹਟ ਜਾਂ ਚਿੰਤਾ ’ਚ ਨਹੀਂ ਪਵਾਂਗਾ। ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਸੰਘਰਸ਼ ਬੰਦੇ ਨੂੰ ਜਿਊਣਾ ਅਤੇ ਲੜਨਾ ਸਿਖਾਉਂਦੇ ਹਨ।

ਉਨ੍ਹਾਂ ਨੇ ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਨੂੰ ਅਪੀਲ ਕਰਦਿਆਂ ਕਿਹਾ ਕਿ ਅਕਾਲੀ ਦਲ ਸਿੱਖਾਂ ਦੀ ਖੇਤਰੀ ਪਾਰਟੀ ਹੈ ਅਤੇ ਨੁਮਾਇੰਦਾ ਜੱਥੇਬੰਦੀ ਹੈ। ਜੇਕਰ ਇਹ ਬਚਦੀ ਹੈ ਤਾਂ ਇਸ ਨੂੰ ਬਚਾ ਲਓ। ਇਸ ਨੂੰ ਬਚਾਉਣ ਲਈ ਅਕਾਲੀ ਆਗੂ ਡੱਟ ਕੇ ਪਹਿਰਾ ਦੇਣ, ਜਿਵੇਂ ਪੁਰਾਣੇ ਅਕਾਲੀ ਆਪਣੀ ਪੰਥਕ ਜਮਾਤ ਨੂੰ ਮਜ਼ਬੂਤ ਕਰਨ ਲਈ ਦਿੰਦੇ ਸਨ। ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਵੱਡੇ-ਵੱਡੇ ਥੰਮ ਅਕਾਲੀ ਦਲ ’ਚ ਪੈਦਾ ਹੋਏ ਹਨ। ਬੰਦੇ ਚਲੇ ਜਾਣਗੇ ਪਰ ਅਕਾਲੀ ਦਲ ਇਸੇ ਤਰ੍ਹਾਂ ਰਹੇਗਾ। ਉਨ੍ਹਾਂ ਕਿਹਾ ਕਿ ਅਕਾਲੀ ਦਲ ਉਸ ਸੂਰਤ ’ਚ ਹੀ ਬਚੇਗਾ, ਜਦੋਂ ਸਾਡੀਆਂ ਪਰੰਪਰਾਵਾਂ ਅਤੇ ਮਰਿਆਦਾਵਾਂ ਬਚਣਗੀਆਂ।

## ਬਾਦਲ ਦਲ ਸ੍ਰੀ ਅਕਾਲ ਤਖ਼ਤ ਸਾਹਿਬ

ਦੂਜੇ ਪਾਸੇ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਦਲਜੀਤ ਸਿੰਘ ਚੀਮਾ ,ਬਲਵਿੰਦਰ ਸਿੰਘ ਭੂੰਦੜ ਕਾਰਕਾਰੀ ਪ੍ਰਧਾਨ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੂੰ ਕਿਹਾ ਸੀ ਕਿ ਜੇਕਰ ਉਹ ਜਥੇਦਾਰਾਂ ਵੱਲੋਂ 2 ਦਸੰਬਰ ਨੂੰ ਜਾਰੀ ਹਦਾਇਤਾਂ ਦੀ ਪਾਲਣਾ ਕਰਦੇ ਹਨ ਤਾਂ ਉਨ੍ਹਾਂ ਨੂੰ ਗੰਭੀਰ ਕਾਨੂੰਨੀ ਮੁਸੀਬਤ ਦਾ ਸਾਹਮਣਾ ਕਰਨਾ ਪੈ ਸਕਦਾ ਹੈ ਪਰ ਇਹ ਗੱਲ ਸਾਹਮਣੇ ਆਈ ਹੈ ਕਿ ਸੀਨੀਅਰ ਵਕੀਲ ਐਚ.ਐਸ. ਫੂਲਕਾ ਨੇ ਕੁਝ ਦਿਨ ਪਹਿਲਾਂ ਪੱਤਰ ਲਿਖ ਕੇ ਕਿਹਾ ਸੀ ਕਿ ਅਕਾਲੀ ਦਲ 2 ਦਸੰਬਰ ਦੇ ‘ਸੁਝਾਅ’ ਨੂੰ ਬਿਨਾਂ ਕਿਸੇ ਇਤਰਾਜ਼ ਦੇ ਲਾਗੂ ਕਰੇ ਕਿਉਂਕਿ ਇਨ੍ਹਾਂ ਵਿੱਚ ਕੁਝ ਵੀ ਗ਼ੈਰ-ਕਾਨੂੰਨੀ ਨਹੀਂ ਹੈ। ਫੂਲਕਾ ਨੇ ਸੂਖਮ ਤਰੀਕੇ ਸੁਝਾਏ, ਦਲੀਲ ਦਿੱਤੀ ਸੀ ਕਿ ਅਕਾਲ ਤਖ਼ਤ ਸਾਹਿਬ ਦੀ ‘ਸਲਾਹ’ ਨੂੰ ਕਾਨੂੰਨੀ ਉਲਝਣਾਂ ਵਿੱਚ ਨਹੀਂ ਫ਼ਸਾਉਣਾ ਚਾਹੀਦਾ।

ਉਨ੍ਹਾਂ ਧਾਰਮਿਕ ਸੰਸਥਾਵਾਂ ਨੂੰ ਸਿਆਸੀ ਪਾਰਟੀਆਂ ਦੇ ਕੰਟਰੋਲ ਤੋਂ ਬਾਹਰ ਕਰਨ ਦੀ ਵਕਾਲਤ ਕਰਦਿਆਂ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਇਸ ਮੰਤਵ ਲਈ ਹਦਾਇਤਾਂ ਜਾਰੀ ਕਰਨ ਦੀ ਅਪੀਲ ਕੀਤੀ। ਫੂਲਕਾ ਨੇ 6 ਨਵੰਬਰ ਨੂੰ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵੱਲੋਂ ਰੱਖੀ ਗਈ ਸਿੱਖ ਬੁੱਧੀਜੀਵੀਆਂ ਦੀ ਮੀਟਿੰਗ ਵਿੱਚ ਸ਼ਿਰਕਤ ਕੀਤੀ ਸੀ ਅਤੇ ਚਿੱਠੀ ਵਿੱਚ ਉਨ੍ਹਾਂ ਨੇ ਉੱਥੇ ਪ੍ਰਗਟਾਏ ਵਿਚਾਰਾਂ ਦਾ ਵੀ ਜ਼ਿਕਰ ਕੀਤਾ ਸੀ।

***

## ਨਵੇਂ ਸਾਲ ’ਚ 90,000 ਰੁਪਏ

ਇਸ ਸਾਲ 30 ਅਕਤੂਬਰ ਨੂੰ ਸੋਨੇ ਦੀ ਕੀਮਤ 82,400 ਰੁਪਏ ਪ੍ਰਤੀ 10 ਗ੍ਰਾਮ ਦੇ ਸਭ ਤੋਂ ਉੱਚੇ ਪੱਧਰ ’ਤੇ ਪਹੁੰਚ ਗਈ ਸੀ। ਚਾਂਦੀ ਵੀ ਪਿੱਛੇ ਨਹੀਂ ਰਹੀ ਅਤੇ 1 ਲੱਖ ਰੁਪਏ ਪ੍ਰਤੀ ਕਿਲੋਗ੍ਰਾਮ ਦੇ ਪੱਧਰ ਨੂੰ ਪਾਰ ਕਰ ਗਈ।

ਵਿਸ਼ਵ ਪੱਧਰ ’ਤੇ, ਕਾਮੈਕਸ ਗੋਲਡ ਫ਼ਿਊਚਰਜ਼ ਨੇ ਸਾਲ ਦੀ ਸ਼ੁਰੂਆਤ ਲਗਭਗ 2,062 ਪ੍ਰਤੀ ਡਾਲਰ ਔਂਸ ਤੋਂ ਕੀਤੀ ਅਤੇ 31 ਅਕਤੂਬਰ ਨੂੰ 2,790 ਪ੍ਰਤੀ ਡਾਲਰ ਔਂਸ ਦੇ ਉੱਚ ਪੱਧਰ ’ਤੇ ਪਹੁੰਚ ਗਈ। ਮਾਹਿਰਾਂ ਦਾ ਮੰਨਣਾ ਹੈ ਕਿ ਭੂ-ਰਾਜਨੀਤਕ ਤਣਾਅ, ਕੇਂਦਰੀ ਬੈਂਕ ਦੀ ਖ਼ਰੀਦਦਾਰੀ ਅਤੇ ਪ੍ਰਮੁੱਖ ਕੇਂਦਰੀ ਬੈਂਕਾਂ ਦੁਆਰਾ ਵਿਆਜ ਦਰਾਂ ਨੂੰ ਘਟਾਉਣ ਵੱਲ ਕਦਮ ਵਧਣ ਕਾਰਨ ਸੋਨੇ ਦੀਆਂ ਕੀਮਤਾਂ 2025 ਵਿੱਚ ਰਿਕਾਰਡ ਬਣਾਉਂਦੀਆਂ ਰਹਿਣਗੀਆਂ।

***

## ਕੈਨੇਡਾ ’ਚ ਪ੍ਰਧਾਨ ਮੰਤਰੀ ਟਰੂਡੋ ਦੀ

ਐਂਗਸ ਰੀਡ ਇੰਸਟੀਚਿਊਟ ਟਰੈਕਿੰਗ ਵਿੱਚ ਪਾਰਟੀ ਲਈ ਸਮਰਥਨ ਦੇ ਸਭ ਤੋਂ ਹੇਠਲੇ ਪੱਧਰ ਨੂੰ ਦਰਸਾਉਂਦਾ ਹੈ।’ ਇਹ ਸੰਭਾਵਤ ਤੌਰ ’ਤੇ ਆਧੁਨਿਕ ਯੁੱਗ ਵਿੱਚ ਲਿਬਰਲਾਂ ਦੀ ਸਭ ਤੋਂ ਘੱਟ ਵੋਟਿੰਗ ਵੀ ਹੈ। ਉਸ ਸਮੇਂ ਦੇ ਲੀਡਰ ਮਾਈਕਲ ਇਗਨਾਟੀਫ ਦੀ ਅਗਵਾਈ ਹੇਠ ਲਿਬਰਲਾਂ ਨੇ 2011 ਦੀਆਂ ਚੋਣਾਂ ਵਿੱਚ ਕੈਨੇਡੀਅਨਾਂ ਤੋਂ 18.9 ਪ੍ਰਤੀਸ਼ਤ ਵੋਟਾਂ ਪ੍ਰਾਪਤ ਕੀਤੀਆਂ, ਜੋ ਪਾਰਟੀ ਦੇ 157 ਸਾਲਾਂ ਦੇ ਇਤਿਹਾਸ ਵਿੱਚ ਸਭ ਤੋਂ ਮਾੜਾ ਚੋਣ ਪ੍ਰਦਰਸ਼ਨ ਸੀ। ਦੂਜੇ ਪਾਸੇ ਟਰੂਡੋ ਦੀ ਨਿੱਜੀ ਲੋਕਪ੍ਰਿਅਤਾ ਵੀ ਨਵੇਂ ਹੇਠਲੇ ਪੱਧਰ ’ਤੇ ਪਹੁੰਚ ਗਈ ਹੈ। ਏ.ਆਰ.ਆਈ ਅਨੁਸਾਰ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਪ੍ਰਸਿੱਧੀ ਪਹਿਲਾਂ 20 ਦੇ ਹੇਠਲੇ ਪੱਧਰ ’ਤੇ ਸੀ, ਜੋ ਹੁਣ ਘੱਟ ਕੇ 22 ਪ੍ਰਤੀਸ਼ਤ ਦੇ ਹੇਠਲੇ ਪੱਧਰ ’ਤੇ ਆ ਗਈ ਹੈ।

***

## ਅਮਰੀਕਾ ’ਚ ਜੱਜਾਂ ਦੀਆਂ ਵਧੀਆਂ ਮੁਸ਼ਕਿਲਾਂ

ਪੂਰੇ ਸਮੇਂ ਦੀ ਸੁਰੱਖਿਆ ਵੇਰਵੇ ਦੀ ਲੋੜ ਸੀ। ਚੀਫ਼ ਜਸਟਿਸ ਨੇ ਕਿਹਾ, ‘ਨਿਆਂਇਕ ਸੁਤੰਤਰਤਾ ਲਈ ਅੰਤਮ ਖ਼ਤਰਾ ਸਮਰੱਥ ਅਧਿਕਾਰ ਖੇਤਰ ਦੀਆਂ ਅਦਾਲਤਾਂ ਦੁਆਰਾ ਕਾਨੂੰਨੀ ਤੌਰ ’ਤੇ ਦਰਜ ਕੀਤੇ ਗਏ ਫ਼ੈਸਲਿਆਂ ਦੀ ਅਣਦੇਖੀ ਹੈ, ਪਰ ਜਦੋਂ ਹੋਰ ਸ਼ਾਖਾਵਾਂ ਅਦਾਲਤੀ ਹੁਕਮਾਂ ਨੂੰ ਲਾਗੂ ਕਰਨ ਲਈ ਆਪਣੀ ਜ਼ਿੰਮੇਵਾਰੀ ਵਿਚ ਦ੍ਰਿੜ੍ਹ ਨਹੀਂ ਹੁੰਦੀਆਂ ਤਾਂ ਨਿਆਂਇਕ ਸੁਤੰਤਰਤਾ ਘੱਟ ਜਾਂਦੀ ਹੈ।’ ਜਸਟਿਸ ਰੌਬਰਟਸ ਨੇ ਇਹ ਦੱਸੇ ਬਿਨਾਂ ਕਿਹਾ ਕਿ ਕਿਹੜੀਆਂ ਸ਼ਾਖਾਵਾਂ ਜਾਂ ਅਧਿਕਾਰੀ ਕਾਨੂੰਨੀ ਫ਼ੈਸਲਿਆਂ ਨੂੰ ਕਮਜ਼ੋਰ ਕਰਨ ਦੀ ਕੋਸ਼ਿਸ਼ ਕਰ ਰਹੇ ਸਨ, ਪਰ ਦਾਅਵਾ ਕੀਤਾ ਕਿ ਅਦਾਲਤਾਂ ਦੇ ਫ਼ੈਸਲੇ ਸਿਆਸੀ ਤੌਰ ’ਤੇ ਪ੍ਰੇਰਿਤ ਸਨ।

***

## ਕੈਨੇਡਾ ਦੀ ਵੈਸਟ ਜੈੱਟ ਏਅਰਲਾਈਨ ’ਚ

ਇੱਕ ਖੋਜ ਉਪਰੰਤ ਦਸਿਆ ਗਿਆ ਲੰਮੀ ਦਾੜ੍ਹੀ ਵਾਲਾ ਪਾਇਲਟ ਵੀ ਆਕਸੀਜਨ ਮਾਸਕ ਲਾ ਸਕਦਾ ਹੈ।

ਕੋਰੋਨਾ ਮਹਾਂਮਾਰੀ ਉਪਰੰਤ ਨਵੰਬਰ 2022 ਵਿੱਚ ਹਸਨਦੀਪ ਸਿੰਘ ਵੈਸਟ ਜੈੱਟ ਏਨਕੋਰ ਏਅਰਲਾਈਨ ਵਿੱਚ ਪਾਇਲਟ ਬਣ ਗਿਆ ਤੇ ਉਸ ਦੀਆਂ ਸੇਵਾਵਾਂ ਨੂੰ ਦੇਖਦੇ ਹੋਏ ਏਅਰਲਾਈਨ ਵੱਲੋਂ ਉਸ ਨੂੰ ਕੈਪਟਨ ਬਣਾਇਆ ਗਿਆ ਹੈ। ਬਾਸਕਟਬਾਲ ਦਾ ਵਧੀਆ ਖਿਡਾਰੀ ਰਿਹਾ ਹਸਨਦੀਪ ਸਿੰਘ ਵਾਈ.ਐਮ.ਸੀ.ਏ. ਬਾਸਕਟਬਾਲ ਟੀਮ ਦਾ ਕੋਚ ਵੀ ਰਹਿ ਚੁਕਾ ਹੈ।

***

## ਸਿੰਘ ਇਜ ਕਿੰਗ

ਡਾ. ਮਨਮੋਹਨ ਸਿੰਘ ਦਾ ਯੂਨੀਵਰਸਿਟੀ ਦੇ ਪ੍ਰੋਫ਼ੈਸਰ ਤੋਂ ਆਰਥਿਕ ਸੁਧਾਰਾਂ ਦੇ ਮੋਢੀ ਅਤੇ ਦੇਸ਼ ਦੇ ਪ੍ਰਧਾਨ ਮੰਤਰੀ ਬਣਨ ਤੱਕ ਦਾ ਸਫ਼ਰ ਬਹੁਤ ਦਿਲਚਸਪ ਅਤੇ ਪ੍ਰੇਰਨਾਦਾਇਕ ਹੈ।

**ਅੰਮ੍ਰਿਤਸਰ ਨਾਲ ਰਿਸ਼ਤਾ** : ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਅੰਮ੍ਰਿਤਸਰ ਦੀ ਪਵਿੱਤਰ ਧਰਤੀ ਨਾਲ ਇੱਕ ਵਿਸ਼ੇਸ਼ ਰਿਸ਼ਤਾ ਬਣਾਇਆ, ਜਿੱਥੇ ਉਨ੍ਹਾਂ ਨੇ ਆਪਣੇ ਕਈ ਸਾਲ ਬਿਤਾਏ ਸਨ। ਡਾ. ਮਨਮੋਹਨ ਸਿੰਘ ਪੰਜਾਬ ਸੂਬੇ ਦੇ ਪਿੰਡ ਗਾਹ ਵਿੱਚ ਪੈਦਾ ਹੋਏ ਸਨ, ਜੋ ਕਿ ਹੁਣ ਪਾਕਿਸਤਾਨ ਦੇ ਚਕਵਾਲ ਜ਼ਿਲ੍ਹੇ ਵਿੱਚ ਪੈਂਦਾ ਹੈ। ਉਨ੍ਹਾਂ ਆਪਣੀ ਸਕੂਲੀ ਪੜ੍ਹਾਈ ਅੰਮ੍ਰਿਤਸਰ ਤੋਂ ਪੂਰੀ ਕੀਤੀ ਅਤੇ ਇੱਥੋਂ ਦੇ ਹਿੰਦੂ ਕਾਲਜ ਤੋਂ ਅਰਥ ਸ਼ਾਸਤਰ ਵਿੱਚ ਗ੍ਰੈਜੂਏਸ਼ਨ ਕੀਤੀ। ਸ੍ਰ. ਮਨਮੋਹਨ ਸਿੰਘ ਦੇ ਸੌਤੇਲੇ ਭਰਾ ਸੁਰਜੀਤ ਸਿੰਘ ਕੋਹਲੀ ਨੇ ਕਿਹਾ ਕਿ ਸਾਬਕਾ ਪ੍ਰਧਾਨ ਮੰਤਰੀ ਦਾ ਆਪਣੀ ਦਾਦੀ ਨਾਲ ਡੂੰਘਾ ਪਿਆਰ ਸੀ, ਜਿਸ ਨੇ ਮਾਂ ਦੀ ਮੌਤ ਤੋਂ ਬਾਅਦ ਉਨ੍ਹਾਂ ਦਾ ਪਾਲਣ-ਪੋਸ਼ਣ ਕੀਤਾ ਸੀ। ਪਰਵਾਸ ਕਰਨ ਤੋਂ ਬਾਅਦ ਸਿੰਘ ਪਰਿਵਾਰ ਗ੍ਰੈਜੂਏਟ ਹੋਣ ਤੱਕ ਅੰਮ੍ਰਿਤਸਰ ਵਿੱਚ ਇੱਕ ਛੋਟੇ ਜਿਹੇ ਕਿਰਾਏ ਦੇ ਮਕਾਨ ਵਿੱਚ ਵਸ ਗਿਆ ਸੀ।

**ਚੰਡੀਗੜ੍ਹ ਨਾਲ ਸਾਂਝ** :ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੀ ਚੰਡੀਗੜ੍ਹ ਨਾਲ ਲੰਮੀ ਸਾਂਝ ਹੈ। ਉਨ੍ਹਾਂ ਨੇ ਪੰਜਾਬ ਯੂਨੀਵਰਸਿਟੀ ਤੋਂ ਹੀ ਪੜ੍ਹਾਈ ਕੀਤੀ ਤੇ ਉੱਥੇ ਪ੍ਰੋਫ਼ੈਸਰ ਵੀ ਰਹੇ। ਇਕ ਸਮਾਗਮ ਵਿੱਚ ਉਨ੍ਹਾਂ ਨੇ ਪੰਜਾਬ ਯੂਨੀਵਰਸਿਟੀ ਨੂੰ ਆਪਣੀਆਂ 3500 ਕਿਤਾਬਾਂ ਵੀ ਦਾਨ ਦਿੱਤੀਆਂ ਸੀ। ਮਨਮੋਹਨ ਸਿੰਘ ਚੰਡੀਗੜ੍ਹ ਸੈਕਟਰ 11 ਵਿੱਚ ਇੱਕ ਕਨਾਲ ਦੇ ਮਕਾਨ ਵਿੱਚ ਵੀ ਰਹੇ।

### ਅਰਥ ਸ਼ਾਸਤਰ ’ਚ ਕੀਤੀ ਮਾਸਟਰ ਡਿਗਰੀ

ਡਾ. ਮਨਮੋਹਨ ਸਿੰਘ ਨੇ ਪੰਜਾਬ ਯੂਨੀਵਰਸਿਟੀ ਤੋਂ 1954 ਵਿੱਚ ਅਰਥ ਸ਼ਾਸਤਰ ਵਿੱਚ ਮਾਸਟਰ ਡਿਗਰੀ ਹਾਸਲ ਕੀਤੀ, ਜਿਸ ਤੋਂ ਬਾਅਦ 1957 ਤੋਂ 1966 ਤੱਕ ਪੰਜਾਬ ਯੂਨੀਵਰਸਿਟੀ ਵਿੱਚ ਅਰਥ ਸ਼ਾਸਤਰ ਦੇ ਸੀਨੀਅਰ ਫ਼ੈਕਲਟੀ ਵਜੋਂ ਨੌਕਰੀ ਕੀਤੀ ਸੀ। ਹੋਰ ਪੜ੍ਹਾਈ ਕਰਨ ਲਈ ਡਾ. ਮਨਮੋਹਨ ਸਿੰਘ ਵਿਦੇਸ਼ ਚਲੇ ਗਏ। ਸਾਲ 1957 ਵਿੱਚ ਉਹ ਬ੍ਰਿਟੇਨ ਦੀ ਕੈਮਬ੍ਰਿਜ ਯੂਨੀਵਰਸਿਟੀ ਤੋਂ ਪਹਿਲੇ ਸਥਾਨ ਵਿੱਚ ਅਰਥ ਸ਼ਾਸਤਰ ਵਿੱਚ ਆਪਣੀ ਗ੍ਰੈਜੂਏਸ਼ਨ ਪੂਰੀ ਕੀਤੀ। ਇਸ ਤੋਂ ਬਾਅਦ ਉਨ੍ਹਾਂ ਨੇ ਸਾਲ 1962 ਵਿੱਚ ਆਕਸਫ਼ੋਰਡ ਯੂਨੀਵਰਸਿਟੀ ਦੇ ਨਫ਼ੀਲਡ ਕਾਲਜ ਤੋਂ ਅਰਥ ਸ਼ਾਸਤਰ ਵਿੱਚ ਪੀਐੱਚਡੀ ਕੀਤੀ।

ਵਿਦੇਸ਼ ਵਿੱਚ ਪੀਐੱਚਡੀ ਪੂਰੀ ਕਰਨ ਤੋਂ ਬਾਅਦ ਉਨ੍ਹਾਂ ਨੂੰ ਡਾਕਟਰ ਦੀ ਉਪਾਧੀ ਮਿਲੀ। ਇਸ ਤੋਂ ਬਾਅਦ ਮਨਮੋਹਨ ਸਿੰਘ ਨੇ ਪੰਜਾਬ ਯੂਨੀਵਰਸਿਟੀ ਤੇ ਦਿੱਲੀ ਸਕੂਲ ਆਫ਼ ਇਕਨਾਮਿਕਸ ਵਿੱਚ ਅਰਥ ਸ਼ਾਸਤਰ ਪੜ੍ਹਾਇਆ। ਵਿਦਿਆਰਥੀ ਉਨ੍ਹਾਂ ਨੂੰ ਅਧਿਆਪਕ ਵਜੋਂ ਬਹੁਤ ਪਸੰਦ ਕਰਦੇ ਸੀ। ਜ਼ਿਕਰਯੋਗ ਹੈ ਕਿ ਉਨ੍ਹਾਂ ਨੂੰ ਜਨੇਵਾ ਵਿੱਚ ਦੱਖਣੀ ਕਮਿਸ਼ਨ ਵਿੱਚ ਸਕੱਤਰ ਜਨਰਲ ਵਜੋਂ ਵੀ ਨਿਯੁਕਤ ਕੀਤਾ ਗਿਆ ਸੀ।

****

## ਡਾ. ਮਨਮੋਹਨ ਸਿੰਘ ਦੇ ਵੱਡੇ ਫ਼ੈਸਲਿਆਂ ਨੇ ਬਦਲੀ

ਇਸ ਕਾਨੂੰਨ ਨੇ 2008 ਦੀ ਮੰਦੀ ਦੌਰਾਨ ਦੇਸ਼ ਅੰਦਰ ਪੇਂਡੂ ਅਰਥਚਾਰੇ ਨੂੰ ਬਚਾਉਣ ਦਾ ਕੰਮ ਵੀ ਕੀਤਾ। ਡਾ. ਮਨਮੋਹਨ ਸਿੰਘ ਦੀ ਸਰਕਾਰ ਵੇਲੇ ਸੂਚਨਾ ਦਾ ਅਧਿਕਾਰ ਪਾਸ ਕੀਤਾ ਗਿਆ ਸੀ। ਇਸ ਇੱਕ ਕਾਨੂੰਨ ਨੇ ਆਰਥਿਕਤਾ ਵਿੱਚ ਪਾਰਦਰਸ਼ਤਾ ਲਿਆਉਣ ਵਿੱਚ ਬਹੁਤ ਵਧੀਆ ਕੰਮ ਕੀਤਾ ਹੈ। ਇਸ ਨਾਲ ਸਰਕਾਰ ਦੀ ਜਵਾਬਦੇਹੀ ਅਤੇ ਪਾਰਦਰਸ਼ਤਾ ਯਕੀਨੀ ਬਣੀ, ਜੋ ਸਮੁੱਚੀ ਆਰਥਿਕਤਾ ਲਈ ਇੱਕ ਚੰਗਾ ਕਦਮ ਸਾਬਤ ਹੋਇਆ। ਇਸ ਫ਼ੈਸਲੇ ਨੇ ਦੇਸ਼ ਦੇ ਆਮ ਆਦਮੀ ਦੀ ਉਨ੍ਹਾਂ ਥਾਵਾਂ ’ਤੇ ਪਹੁੰਚ ਵੀ ਕਰ ਦਿੱਤੀ, ਜੋ ਕਿ ਅਸੰਭਵ ਸਨ। ਆਧਾਰ ਕਾਰਡ ਨਾਂਅ ਦਾ ਵਿਲੱਖਣ ਪਛਾਣ ਪੱਤਰ ਵੀ ਡਾ. ਮਨਮੋਹਨ ਸਿੰਘ ਦੀ ਹੀ ਦੇਣ ਹੈ।ਡਾ. ਮਨਮੋਹਨ ਸਿੰਘ ਦੀ ਸਰਕਾਰ ਵਿੱਚ ‘ਭੋਜਨ ਦੇ ਅਧਿਕਾਰ’ ਬਾਰੇ ਇੱਕ ਹੋਰ ਵੱਡਾ ਕੰਮ ਹੋਇਆ। ਇਸ ਤਹਿਤ ਦੇਸ਼ ਦੇ ਗਰੀਬ ਲੋਕਾਂ ਨੂੰ ਰਿਆਇਤੀ ਦਰਾਂ ’ਤੇ ਭੋਜਨ ਮੁਹੱਈਆ ਕਰਵਾਉਣ ਦਾ ਪ੍ਰਬੰਧ ਕੀਤਾ ਗਿਆ ਸੀ। ਅੱਜ ਦੇਸ਼ ਵਿੱਚ ਜੋ ਪ੍ਰਧਾਨ ਮੰਤਰੀ ਗਰੀਬ ਕਲਿਆਣ ਅੰਨ ਯੋਜਨਾ ਚੱਲ ਰਹੀ ਹੈ, ਉਹ ਇਸ ਕਾਨੂੰਨ ਦੀ ਬਦੌਲਤ ਹੈ। ਇਸ ਕਾਨੂੰਨ ਨੇ ਕੋਵਿਡ ਦੌਰਾਨ ਦੇਸ਼ ਦੇ ਗਰੀਬ ਲੋਕਾਂ ਦੀ ਬਹੁਤ ਮਦਦ ਕੀਤੀ। ਇਤਿਹਾਸ ਉਨ੍ਹਾਂ ਸੁਧਾਰਾਂ ਵਿੱਚ ਉਨ੍ਹਾਂ ਦੀ ਅਹਿਮ ਭੂਮਿਕਾ ਦਾ ਸਨਮਾਨ ਕਰੇਗਾ ਜਿਨ੍ਹਾਂ ਨੇ 1991 ਵਿੱਚ ਭਾਰਤ ਨੂੰ ਨਵਾਂ ਰੂਪ ਦਿੱਤਾ ਅਤੇ ਦੁਨੀਆਂ ਲਈ ਆਪਣੇ ਦਰਵਾਜ਼ੇ ਖੋਲ੍ਹ ਦਿੱਤੇ।

***

## ਡਾ. ਮਨਮੋਹਨ ਸਿੰਘ ਦੀ ਨੀਲੀ ਪੱਗ ਬਣੀ

ਦਿਨਾਂ ਦੌਰਾਨ ਉਨ੍ਹਾਂ ਦੇ ਨਾਲ ਸੀ, ਉਹ ਬਾਅਦ ਵਿੱਚ ਪ੍ਰਧਾਨ ਮੰਤਰੀ ਬਣਨ ਤੱਕ ਉਨ੍ਹਾਂ ਦੇ ਨਾਲ ਰਿਹਾ।

### ਯੂਨੀਵਰਸਿਟੀ ਲਈ ਪਿਆਰ ਦਰਸਾਉਂਦੀ ਹੈ ਦਸਤਾਰ

ਇਸ ਤੋਂ ਇਲਾਵਾ ਸਾਬਕਾ ਪ੍ਰਧਾਨ ਮੰਤਰੀ ਨੇ ਇਹ ਵੀ ਦੱਸਿਆ ਸੀ ਕਿ ਨੀਲਾ ਉਨ੍ਹਾਂ ਦਾ ਪਸੰਦੀਦਾ ਰੰਗ ਰਿਹਾ ਹੈ। ਇਹੀ ਕਾਰਨ ਹੈ ਕਿ ਉਹਨਾਂ ਨੇ ਹਮੇਸ਼ਾ ਨੀਲੇ ਰੰਗ ਦੀ ਪੱਗ ਦੀ ਚੋਣ ਕੀਤੀ। ਨਾਲ ਹੀ, ਨੀਲੇ ਰੰਗ ਨੂੰ ਕੈਂਬਰਿਜ ਯੂਨੀਵਰਸਿਟੀ ਦਾ ਰੰਗ ਮੰਨਿਆ ਜਾਂਦਾ ਹੈ ਅਤੇ ਮਨਮੋਹਨ ਸਿੰਘ ਨੇ ਕਿਹਾ ਸੀ ਕਿ ਉਨ੍ਹਾਂ ਕੋਲ ਕੈਂਬਰਿਜ ਵਿੱਚ ਬਿਤਾਏ ਦਿਨਾਂ ਦੀਆਂ ਬਹੁਤ ਯਾਦਾਂ ਹਨ। ਅਜਿਹੀ ਸਥਿਤੀ ਵਿਚ ਉਸ ਦੀ ਨੀਲੀ ਪੱਗ ਯੂਨੀਵਰਸਿਟੀ ਲਈ ਉਸ ਦੇ ਪਿਆਰ ਅਤੇ ਸਤਿਕਾਰ ਨੂੰ ਦਰਸਾਉਂਦੀ ਹੈ।

***

## ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ

ਅਦਾਲਤੀ ਫ਼ੈਸਲੇ ਦੀ ਪਾਲਣਾ ਨਹੀਂ ਹੁੰਦੀ ਤਾਂ ਅਦਾਲਤ ਵੱਲੋਂ ਦੋਵਾਂ ਖ਼ਿਲਾਫ਼ ਅਦਾਲਤ ਦੀ ਮਾਣਹਾਨੀ ਕਰਨ ਦੇ ਦੋਸ਼ ਆਇਦ ਕੀਤੇ ਜਾਣਗੇ। ਬੈਂਚ ਨੇ ਕਿਹਾ ਸੀ,‘ਅਸੀਂ 20 ਦਸੰਬਰ ਨੂੰ ਅਦਾਲਤ ਵੱਲੋਂ ਦਿੱਤੇ ਗਏ ਹੁਕਮ ਲਾਗੂ ਕਰਵਾਉਣ ਲਈ ਪੰਜਾਬ ਦੀ ਕਾਰਗੁਜ਼ਾਰੀ ਤੋਂ ਸੰਤੁਸ਼ਟ ਨਹੀਂ ਹਾਂ। ਹੁਣ ਐਡਵੋਕੇਟ ਜਨਰਲ ਵੱਲੋਂ ਦਿੱਤੇ ਗਏ ਭਰੋਸੇ ਮਗਰੋਂ ਅਸੀਂ ਇਨ੍ਹਾਂ ਹੁਕਮਾਂ ਨੂੰ ਲਾਗੂ ਕਰਵਾਉਣ ਲਈ ਪੰਜਾਬ ਸਰਕਾਰ ਨੂੰ ਕੁਝ ਹੋਰ ਸਮਾਂ ਦੇਣ ਲਈ ਰਜ਼ਾਮੰਦ ਹਾਂ। ਜੇਕਰ ਪੰਜਾਬ ਸਰਕਾਰ ਨੂੰ ਕਿਸੇ ਸਹਾਇਤਾ ਦੀ ਲੋੜ ਹੈ ਤਾਂ ਅਸੀਂ ਕੇਂਦਰ ਸਰਕਾਰ ਨੂੰ ਅਦਾਲਤੀ ਹੁਕਮਾਂ ਦੀ ਤਾਮੀਲ ਲਈ ਲੋੜੀਂਦੀ ਸਹਾਇਤਾ ਮੁਹੱਈਆ ਕਰਵਾਉਣ ਲਈ ਆਖਦੇ ਹਾਂ।



## ਲੋਕਤੰਤਰ ਲਈ ਖ਼ਤਰਾ-ਬੁਲਡੋਜ਼ਰ ਨੀਤੀ

ਪਰ ਕਿਉਂਕਿ ਸਰਕਾਰ ਮੰਡੀਕਰਨ ਦਾ ਨਿੱਜੀਕਰਨ ਕਰਨ ਦੇ ਰਾਹ ਤੁਰੀ ਹੋਈ ਹੈ, ਇਹ ਵੱਡੇ ਹਾਈਵੇ ਕਾਰਪੋਰੇਟਾਂ ਦੇ ਕਾਰੋਬਾਰ ਨੂੰ ਹੀ ਹੁਲਾਰਾ ਦੇਣਗੇ ਹਾਲਾਂਕਿ ਕਿਹਾ ਜਾ ਰਿਹਾ ਹੈ ਕਿ ਇਹਨਾ ਪ੍ਰਾਜੈਕਟਾਂ ਨਾਲ ਰੁਜ਼ਗਾਰ ਦੇ ਮੌਕੇ ਪੈਦਾ ਹੋਣਗੇ, ਜੋ ਕਿ ਇੱਕ ਭਰਮਾਓ ਗੱਲ ਹੈ।

ਰੁਜ਼ਗਾਰ ਦੇਣ ਦੇ ਨਾਂਅ ਉਤੇ ਕੇਂਦਰ ਵਲੋਂ ਕੀਤੀਆਂ ਗੱਲਾਂ, ਆਮ ਲੋਕਾਂ ਦਾ ਢਿੱਡ ਨਹੀਂ ਭਰ ਸਕੀਆਂ। ਦੇਸ਼ ਵੱਡਾ ਬਣੇਗਾ, ਆਰਥਿਕ ਤੌਰ 'ਤੇ ਤਰੱਕੀ ਕਰੇਗਾ, ਵਿਸ਼ਵ ਗੁਰੂ ਵਰਗੇ ਬਿਆਨ ਦੇ ਕੇ ਅਤੇ ਦੇਸ਼ 'ਚ ਧਰਮਾਂ ਦੇ ਧਰੁਵੀਕਰਨ ਨਾਲ ਚੋਣਾਂ ਜਿੱਤੇ ਕੇ ਪਹਿਲੀਆਂ ਦੋ ਵੇਰ ਦੀਆਂ ਸਰਕਾਰਾਂ ਅਤੇ ਹੁਣ ਵਾਲੀ ਸਰਕਾਰ ਵੀ ਸਭ ਦਾ ਵਿਕਾਸ ਦਾ ਨਾਹਰਾ ਮਾਰਦੀ ਹੈ, ਪਰ ਅਸਲ ਅਰਥਾਂ ਵਿੱਚ ਉਸਦਾ ਅਜੰਡਾ ਦੇਸ਼ ਨੂੰ ਹਿੰਦੂ ਰਾਸ਼ਟਰ ਬਨਾਉਣ ਦਾ ਹੈ। ਇੱਕ ਦੇਸ਼-ਇੱਕ ਕੌਮ-ਇੱਕ ਭਾਸ਼ਾ-ਇੱਕ ਚੋਣ ਇਸੇ ਅਜੰਡੇ ਦੀ ਕੜੀ ਹਨ। ਇਸੇ ਅਜੰਡੇ ਤਹਿਤ ਦੇਸ਼ ਨੂੰ ਇੱਕ ਦੇਸ਼-ਇੱਕ ਪਾਰਟੀ-ਇੱਕ ਵਿਸ਼ੇਸ਼ ਵਿਅਕਤੀ, ਰਾਜ ਵੱਲ ਤੋਰਿਆ ਜਾ ਰਿਹਾ ਹੈ। ਇਸ ਕਰਕੇ ਸਮੇਂ-ਸਮੇਂ ਦੇਸ਼ ਦੇ ਸੰਘੀ ਢਾਂਚੇ ਦੀ ਸੰਘੀ ਘੁੱਟੀ ਜਾਂਦੀ ਹੈ, ਇਸੇ ਕਰਕੇ ਦੇਸ਼ ਦੇ ਸੰਵਿਧਾਨ ਨੂੰ ਤੋੜਿਆ ਮਰੋੜਿਆ ਜਾਂਦਾ ਹੈ, ਇਸੇ ਕਰਕੇ ਸੂਬਿਆਂ ਦੇ ਹੱਕ ਹਥਿਆਏ ਜਾ ਰਹੇ ਹਨ, ਇਸੇ ਕਰਕੇ ਕੌਮੀ ਸਿਖਿਆ ਨੀਤੀ ਤਹਿਤ ਲੋਕਾਂ ਦੀਆਂ ਬੋਲੀਆਂ ਅਤੇ ਸਭਿਆਚਾਰ ਉਤੇ ਸੱਟ ਮਾਰੀ ਜਾ ਰਹੀ ਹੈ। ਇਸ ਸਭ ਕੁਝ ਦੇ ਪਿੱਛੇ ਸੋਚ ਉਸ ਬੁਲਡੋਜ਼ਰ ਨੀਤੀ ਵਾਲੀ ਹੈ,ਜਿਸਦੀ ਵਰਤੋਂ ਉਤਰ ਪ੍ਰਦੇਸ਼ ਵਿੱਚ ਸ਼ਰੇਆਮ ਕੀਤੀ ਗਈ, ਜਿਥੇ ਪਹਿਲਾਂ ਧਰਮ ਧਰੁਵੀਕਰਨ ਨਾਲ ਹਿੰਦੂ ਵੋਟਾਂ ਇੱਕ ਪਾਸੇ ਇਕੱਠੀਆਂ ਕੀਤੀਆਂ ਗਈਆਂ, ਪਾਕਿਸਤਾਨ ਜਾਂ ਗੁਆਂਢੀ ਦੇਸ਼ਾਂ ਦੇ ਹਮਲੇ ਦਾ ਡਰ ਦੇਕੇ ਜਾਂ ਫ਼ਿਰ ਹੁਣ ਹਰਿਆਣਾ ਵਿੱਚ ਕਿਸਾਨ ਵਿਰੋਧੀ, ਜੱਟ ਵਿਰੋਧੀ ਲੋਕਾਂ ਨੂੰ ਇਕੱਠਿਆਂ ਕਰਕੇ ਇਹ ਦਰਸਾਉਣ ਦਾ ਯਤਨ ਹੋਇਆ ਜੋ ਸਾਡੇ ਨਾਲ ਟਕਰਾਏਗਾ, ਸਾਡੀ ਸੋਚ ਦੇ ਉਲਟ ਕੰਮ ਕਰੇਗਾ, ਸਾਡੇ ਚਲਦੇ ਕੰਮਾਂ 'ਚ ਰੁਕਾਵਟ ਪਾਏਗਾ, ਉਸ ਨੂੰ ਵੋਟ ਪਾੜੂ ਚਾਨਕੀਆ ਨੀਤੀ ਨਾਲ ਸਬਕ ਸਿਖਾਵਾਂਗੇ। ਇਹਨਾਂ ਹਾਕਮਾਂ ਦੀ ਇਹ ਸੋਚ ਭਾਰਤੀ ਲੋਕਤੰਤਰ ਅਤੇ ਸੰਵਿਧਾਨ ਨੂੰ ਨਸ਼ਟ ਕਰਨ ਵੱਲ ਤੁਰਦੀ ਦਿਸਦੀ ਹੈ।

ਸ਼ਿਕਾਗੋ ਯੂਨੀਵਰਸਿਟੀ ਦਾ ਇੱਕ ਖੋਜ਼ ਪੱਤਰ ਇਹਨਾ ਦਿਨਾਂ ਵਿੱਚ ਬਹੁਤ ਚਰਚਾ 'ਚ ਹੈ ਕਿ 50 ਪ੍ਰਤੀਸ਼ਤ ਸੰਵਿਧਾਨਾਂ ਦੀ 80 ਵਰ੍ਹਿਆਂ ਦੀ ਉਮਰ ਹੋ ਜਾਣ ਤੱਕ ਉਸਦੀ ਮੌਤ ਹੋ ਜਾਣ ਦੀ ਸੰਭਾਵਨਾ ਹੁੰਦੀ ਹੈ, ਕੇਵਲ 19% ਸੰਵਿਧਾਨ ਹੀ 50 ਵਰ੍ਹੇ ਦੀ ਉਮਰ ਤੱਕ ਜੀਊਂਦੇ ਰਹਿ ਪਾਉਂਦੇ ਹਨ ਅਤੇ 7% ਤਾਂ ਆਪਣਾ ਦੂਜਾ ਜਨਮ ਦਿਨ ਵੀ ਨਹੀਂ ਮਨਾ ਪਾਉਂਦੇ। ਪਰ ਭਾਰਤ ਆਪਣੇ 75 ਵਰ੍ਹੇ ਸਫ਼ਲ ਲੋਕਤੰਤਰ ਦੇ ਤੌਰ 'ਤੇ ਪੂਰੇ ਕਰ ਚੁੱਕਾ ਹੈ ਅਤੇ ਇਥੋਂ ਦੇ ਲੋਕ ਇਸ ਸੰਵਿਧਾਨ ਅਤੇ ਲੋਕਤੰਤਰ ਦੇ ਰਾਖੇ ਬਣਕੇ ਚੌਕੀਦਾਰੀ ਕਰ ਰਹੇ ਹਨ।

ਦੇਸ਼ ਦੇ ਹਾਕਮ ਕੰਧ 'ਤੇ ਲਿਖਿਆ ਉਦੋਂ ਪੜ੍ਹ ਲੈਣਗੇ, ਜਦੋਂ ਦੇਸ਼ ਦੇ ਲੋਕ ਹਾਕਮਾਂ ਨੂੰ ਸਮੇਂ-ਸਮੇਂ ਸੰਘਰਸ਼ ਕਰਕੇ ਦਿਖਾ ਦੇਣਗੇ ਕਿ ਦੇਸ਼ ਦੇ ਜਿਸ ਸੰਵਿਧਾਨ ਨੇ 75 ਵਰ੍ਹੇ ਪੂਰੇ ਕਰ ਲਏ ਹਨ ਤਾਂ ਇਸ ਲੋਕਤੰਤਰੀ ਸੋਚ ਵਾਲੇ ਸੰਵਿਧਾਨ ਨੂੰ ਭਵਿੱਖ ਵਿੱਚ ਵੀ ਕੋਈ ਭੈੜੀ ਸੋਚ, ਜਾਂ ਭੈੜੀ ਨਜ਼ਰ ਜਾਂ ਬੁਲਡੋਜ਼ਰ ਨੀਤੀ ਤਬਾਹ ਨਹੀਂ ਕਰ ਸਕੇਗੀ।

***

## ਮੰਦਿਰਾਂ ਤੇ ਮਸਜਿਦਾਂ ਦੇ ਵਿਵਾਦਾਂ ਨੂੰ

ਇਹ ਪਰੰਪਰਾਵਾਂ ਉਸ ਸੱਭਿਆਚਾਰਕ ਵਿਰਾਸਤ ਦਾ ਹਿੱਸਾ ਹਨ, ਜਿਨ੍ਹਾਂ 'ਤੇ ਹਰੇਕ ਭਾਰਤੀ ਨੂੰ ਮਾਣ ਹੈ। ਸਭ ਧਰਮਾਂ ਪ੍ਰਤੀ ਸਹਿਣਸ਼ੀਲਤਾ ਆਦਿ ਕਾਲ ਤੋਂ ਸਾਡੀ ਮਹਾਨ ਸੱਭਿਅਤਾ ਦੀ ਵਿਸ਼ੇਸ਼ਤਾ ਰਹੀ ਹੈ। ਏਕਤਾ, ਸਦਭਾਵਨਾ ਤੇ ਆਪਸੀ ਸਤਿਕਾਰ ਦੀਆਂ ਇਹ ਪਰੰਪਰਾਵਾਂ ਆਜ਼ਾਦੀ ਤੋਂ ਪਹਿਲਾਂ ਦੇ ਸਮੇਂ ਦੌਰਾਨ ਗੰਭੀਰ ਤਣਾਅ 'ਚ ਆ ਗਈਆਂ ਸਨ, ਜਦੋਂ ਬਸਤੀਵਾਦੀ ਹਕੂਮਤ ਵੱਲੋਂ ਦੇਸ਼ 'ਚ ਫ਼ਿਰਕੂ ਵੰਡਾਂ ਸਰਗਰਮੀ ਨਾਲ ਪੈਦਾ ਕਰਨ ਤੇ ਉਤਸ਼ਾਹਿਤ ਕਰਨ ਦੀ ਕੋਸ਼ਿਸ਼ ਕੀਤੀ ਗਈ। ਆਜ਼ਾਦੀ ਦੇ ਬਾਅਦ ਅਸੀਂ ਅਤੀਤ ਦੇ ਜ਼ਖਮਾਂ ਨੂੰ ਭਰਨਾ ਸ਼ੁਰੂ ਕੀਤਾ ਤੇ ਫ਼ਿਰਕੂ ਏਕਤਾ ਤੇ ਸਦਭਾਵਨਾ ਦੀਆਂ ਆਪਣੀਆਂ ਪਰੰਪਰਾਵਾਂ ਦੀ ਪੁਰਾਣੀ ਸ਼ਾਨ ਨੂੰ ਬਹਾਲ ਕਰਨ ਦੀ ਕੋਸ਼ਿਸ਼ ਕੀਤੀ ਹੈ। ਅਸੀਂ ਕੁਝ ਸਫ਼ਲ ਰਹੇ, ਹਾਲਾਂਕਿ ਸਵੀਕਾਰ ਕਰਨਾ ਹੋਵੇਗਾ ਕਿ ਕੁਝ ਮੰਦਭਾਗੀਆਂ ਅਸਫ਼ਲਤਾਵਾਂ ਵੀ ਮਿਲੀਆਂ ਹਨ। ਅਜਿਹੀਆਂ ਅਸਫ਼ਲਤਾਵਾਂ ਤੋਂ ਨਿਰਾਸ਼ ਹੋਣ ਦੀ ਬਜਾਏ ਭਵਿੱਖ ਲਈ ਉਨ੍ਹਾਂ ਤੋਂ ਸਬਕ ਸਿੱਖਣਾ, ਸਾਡਾ ਫ਼ਰਜ਼ ਤੇ ਸਾਡੀ ਵਚਨਬੱਧਤਾ ਹੈ।

ਅਯੁੱਧਿਆ ਫ਼ੈਸਲੇ 'ਚ ਪੂਜਾ ਸਥਾਨ ਐਕਟ ਦਾ ਉਦੇਸ਼ ਨਵੇਂ ਵਿਵਾਦ ਪੈਦਾ ਕਰਨਾ ਤੇ ਪੁਰਾਣੇ ਵਿਵਾਦਾਂ ਨੂੰ ਉਠਾਉਣਾ ਨਹੀਂ, ਜਿਨ੍ਹਾਂ ਨੂੰ ਲੋਕ ਭੁੱਲ ਚੁੱਕੇ ਹਨ। ਫ਼ੈਸਲੇ 'ਚ ਕਿਹਾ ਗਿਆ ਹੈ ਕਿ 1991 'ਚ ਸੰਸਦ ਦੁਆਰਾ ਪਾਸ ਕੀਤਾ ਗਿਆ ਪੂਜਾ ਸਥਾਨ ਐਕਟ ਸੰਵਿਧਾਨ ਦੇ ਬੁਨਿਆਦੀ ਮੁੱਲਾਂ ਦੀ ਰੱਖਿਆ ਤੇ ਸੁਰੱਖਿਆ ਕਰਦਾ ਹੈ। ਦੇਸ਼ ਨੇ ਕਾਨੂੰਨ ਬਣਾ ਕੇ ਸੰਵਿਧਾਨਕ ਵਚਨਬੱਧਤਾ ਨੂੰ ਲਾਗੂ ਕਰਦਿਆਂ ਸਾਰੇ ਧਰਮਾਂ ਦੀ ਸਮਾਨਤਾ ਤੇ ਧਰਮ ਨਿਰਪੱਖਤਾ ਨੂੰ ਕਾਇਮ ਰੱਖਣ ਲਈ ਆਪਣੀਆਂ ਸੰਵਿਧਾਨਕ ਜ਼ਿੰਮੇਵਾਰੀਆਂ ਨੂੰ ਲਾਗੂ ਕੀਤਾ ਹੈ, ਜੋ ਕਿ ਸੰਵਿਧਾਨ ਦੀਆਂ ਬੁਨਿਆਦੀ ਵਿਸ਼ੇਸ਼ਤਾਵਾਂ ਦਾ ਇੱਕ ਹਿੱਸਾ ਹੈ।

ਪੂਜਾ ਸਥਾਨ ਐਕਟ ਭਾਰਤੀ ਸੰਵਿਧਾਨ ਦੇ ਅਧੀਨ ਧਰਮ ਨਿਰਪੱਖਤਾ ਪ੍ਰਤੀ ਸਾਡੀ ਵਚਨਬੱਧਤਾ ਨੂੰ ਲਾਗੂ ਕਰਨ ਲਈ ਇੱਕ ਨਾ-ਤਬਦੀਲੀ ਯੋਗ ਜ਼ਿੰਮੇਵਾਰੀ ਲਾਗੂ ਕਰਦਾ ਹੈ। ਇਸ ਲਈ ਇਹ ਕਾਨੂੰਨ ਭਾਰਤੀ ਰਾਜਨੀਤੀ ਦੀਆਂ ਧਰਮ ਨਿਰਪੱਖ ਵਿਸ਼ੇਸ਼ਤਾਵਾਂ ਦੀ ਰੱਖਿਆ ਲਈ ਬਣਾਇਆ ਗਿਆ ਇੱਕ ਵਿਧਾਨਕ ਸਾਧਨ ਹੈ, ਜੋ ਸੰਵਿਧਾਨ ਦੀਆਂ ਬੁਨਿਆਦੀ ਵਿਸ਼ੇਸ਼ਤਾਵਾਂ 'ਚੋਂ ਇੱਕ ਹੈ। ਜੋ ਮੌਲਿਕ ਸੰਵਿਧਾਨਕ ਸਿਧਾਂਤਾਂ ਦੀਆਂ ਬੁਨਿਆਦੀ ਵਿਸ਼ੇਸ਼ਤਾਵਾਂ 'ਚੋਂ ਇੱਕ ਹੈ, ਜਿਸ ਦਾ ਮੁੱਖ ਹਿੱਸਾ ਧਰਮ ਨਿਰਪੱਖਤਾ ਹੈ। ਇਸ ਤਰ੍ਹਾਂ ਪੂਜਾ ਸਥਾਨ ਕਾਨੂੰਨ ਇੱਕ ਵਿਧਾਨਕ ਦਖਲ ਹੈ, ਜੋ ਸਾਡੀਆਂ ਧਰਮਨਿਰਪੱਖ ਕਦਰਾਂ-ਕੀਮਤਾਂ ਦੀ ਜ਼ਰੂਰੀ ਵਿਸ਼ੇਸ਼ਤਾ ਦੇ ਰੂਪ 'ਚ ਸੰਭਾਲ ਕਰਦਾ ਹੈ।

ਅਯੁੱਧਿਆ ਫ਼ੈਸਲੇ ਨੇ ਐਸ.ਆਰ. ਬੋਮਈ ਬਨਾਮ ਭਾਰਤੀ ਸੰਘ ਮਾਮਲੇ ਵਿੱਚ ਸੁਪਰੀਮ ਕੋਰਟ ਦੇ 9 ਜੱਜਾਂ ਦੇ ਬੈਂਚ ਦੇ ਫ਼ੈਸਲੇ ਦਾ ਹਵਾਲਾ ਦਿੰਦਿਆਂ 'ਧਰਮ ਨਿਰਪੱਖਤਾ ਨੂੰ ਇੱਕ ਸੰਵਿਧਾਨਕ ਮੁੱਲ ਦੇ ਰੂਪ 'ਚ' ਬਰਕਰਾਰ ਰੱਖਿਆ ਹੈ। ਇਸ 'ਚ ਕਿਹਾ ਗਿਆ ਹੈ ਕਿ ਪੂਜਾ ਸਥਾਨਾਂ ਦਾ ਕਾਨੂੰਨ ਇੱਕ ਧਰਮ ਨਿਰਪੱਖ ਰਾਜ ਦੀਆਂ ਜ਼ਿੰਮੇਵਾਰੀਆਂ ਨਾਲ ਅੰਦਰੂਨੀ ਤੌਰ 'ਤੇ ਜੁੜਿਆ ਹੋਇਆ ਹੈ, ਜੋ ਸਾਰੇ ਧਰਮਾਂ ਦੀ ਸਮਾਨਤਾ ਲਈ ਭਾਰਤ ਦੀ ਵਚਨਬੱਧਤਾ ਨੂੰ ਦਰਸਾਉਂਦਾ ਹੈ। ਸਭ ਤੋਂ ਵੱਧ ਪੂਜਾ ਸਥਾਨ ਐਕਟ ਇੱਕ ਗੰਭੀਰ ਫ਼ਰਜ਼ ਦੀ ਪੁਸ਼ਟੀ ਕਰਦਾ ਹੈ, ਜੋ ਦੇਸ਼ ਦੇ ਸਭ ਧਰਮਾਂ ਦੀ ਬਰਾਬਰੀ ਨੂੰ ਇੱਕ ਜ਼ਰੂਰੀ ਸੰਵਿਧਾਨਕ ਮੁੱਲ ਦੇ ਤੌਰ 'ਤੇ ਸੁਰੱਖਿਅਤ ਕਰਨ ਲਈ ਲਾਗੂ ਕੀਤਾ ਗਿਆ ਸੀ। ਇਸ ਮਾਪਦੰਡ ਨੂੰ ਸੰਵਿਧਾਨ ਦੀ ਇੱਕ ਬੁਨਿਆਦੀ ਵਿਸ਼ੇਸ਼ਤਾ ਹੋਣ ਦਾ ਦਰਜਾ ਪ੍ਰਾਪਤ ਹੈ, ਜੋ ਕਿ ਪੂਜਾ ਸਥਾਨਾਂ ਦੇ ਕਾਨੂੰਨ ਨੂੰ ਲਾਗੂ ਕਰਨ ਦਾ ਇੱਕ ਉਦੇਸ਼ ਹੈ। ਅਯੁੱਧਿਆ ਮਾਮਲੇ ਦੇ ਫ਼ੈਸਲੇ ਵਿੱਚ ਕਿਹਾ ਗਿਆ ਸੀ ਕਿ ਇਹ ਕਾਨੂੰਨ ਸਾਡੇ ਇਤਿਹਾਸ ਤੇ ਦੇਸ਼ ਦੇ ਭਵਿੱਖ ਬਾਰੇ ਗੱਲ ਕਰਦਾ ਹੈ, ਅਸੀਂ ਆਪਣੇ ਇਤਿਹਾਸ ਤੇ ਦੇਸ਼ ਦਰਪੇਸ਼ ਚੁਣੌਤੀਆਂ ਤੋਂ ਜਾਣੂ ਹਾਂ ਅਤੇ ਆਜ਼ਾਦੀ ਅਤੀਤ ਦੇ ਜ਼ਖਮਾਂ ਨੂੰ ਭਰਨ ਲਈ ਇਕ ਮਹਤੱਵਪੂਰਨ ਪਲ ਸੀ। ਲੋਕਾਂ ਵੱਲੋਂ ਇਤਿਹਾਸਕ ਗਲਤੀਆਂ ਨੂੰ ਕਾਨੂੰਨ ਨੂੰ ਆਪਣੇ ਹੱਥਾਂ ਵਿੱਚ ਲੈ ਕੇ ਠੀਕ ਨਹੀਂ ਕੀਤਾ ਜਾ ਸਕਦਾ। ਇਸ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਇਤਿਹਾਸ ਤੇ ਇਸ ਦੀਆਂ ਗਲਤੀਆਂ ਨੂੰ ਵਰਤਮਾਨ ਤੇ ਭਵਿੱਖ ਵਿੱਚ ਲੋਕਾਂ 'ਤੇ ਜ਼ੁਲਮ ਕਰਨ ਲਈ ਨਹੀਂ ਵਰਤਿਆ ਜਾਵੇਗਾ।

***

## ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ

ਫੱਗਣ ਦੀ ਰੁੱਤ ਵਿਚ ਹੋਲੀ ਖੇਡਣ ਨੂੰ 'ਖੇਲਤ ਧਮਾਰ' ਕਹਿਣਾ ਉਸ ਸਮੇਂ ਦੀ ਪ੍ਰਸਿਧ ਗਾਇਨ ਸ਼ੈਲੀ ਧਮਾਰ ਸਬੰਧੀ ਜਾਣਕਾਰੀ ਹੀ ਨਹੀਂ ਦਰਸਾਉਂਦੀ ਸਗੋਂ ਇਸ ਸ਼ੈਲੀ ਦੀ ਵਿਹਾਰਕਤਾ ਨੂੰ ਸੰਗੀਤਕ ਦ੍ਰਿਸ਼ਟੀ ਤੋਂ ਪ੍ਰਗਟਾਇਆ ਹੈ।

ਸ੍ਰੀ ਸਰਬ ਲੋਹ ਗ੍ਰੰਥ ਨੂੰ ਗੁਰੂ ਗੋਬਿੰਦ ਜੀ ਦੀ ਰਚਨਾ ਮੰਨਣ ਬਾਰੇ ਤਾਂ ਵਿਦਵਾਨ ਕਿੰਤੂ-ਪਰੰਤੂ ਕਰਦੇ ਹਨ ਪਰ ਗੁਰੂ ਗੋਬਿੰਦ ਸਿੰਘ ਜੀ ਦੇ ਕਾਲ ਨਾਲ ਜੁੜੀ ਇਸ ਰਚਨਾ ਵਿਚ ਸੰਗੀਤ ਦਾ ਵਿਸ਼ਾਲ ਸਰਮਾਇਆ ਮੌਜੂਦ ਹੈ ਜਿਸ ਵਿਚ ਅਨੇਕ ਰਾਗਾਂ, ਰਾਗ ਪ੍ਰਕਾਰਾਂ ਦਾ ਜ਼ਿਕਰ ਹੈ, ਜਿਵੇਂ : ਰਾਗ ਸਾਰੰਗ, ਗਉੜੀ, ਭੈਰਉ, ਰਾਮਕਲੀ, ਗੂਜਰੀ, ਦੇਵਗੰਧਾਰੀ, ਪ੍ਰਭਾਤੀ, ਜੈਤਸਰੀ, ਬੈਰਾੜੀ, ਬਿਲਾਵੀ, ਬੰਗਾਲਮ, ਖਉਖਟ ਤਯਲੰਗੀ ਮੰਗਲਨ, ਕੁਸਮ, ਸਯਾਮ ਆਦਿ। ਇਸੇ ਤਰ੍ਹਾਂ ਕੁਝ ਰਾਗ ਪ੍ਰਕਾਰ ਧਨਾਸਰੀ ਅੰਬਿਕਾ, ਬਿਲਾਵਲ ਮੰਗਲ, ਤੇਲੰਗ ਕਾਫੀ, ਗਾਉੜੀ ਪੂਰਬੀ, ਗਉੜੀ ਬੈਰਾਗਣਿ, ਗਉੜੀ ਚੇਤੀ, ਆਸਾ ਕਾਫੀ, ਨਟ ਨਾਰਾਇਣ, ਕਾਫੀ ਨਟ, ਬਿਹਾਗੜਾ ਅਡਾਨਾ, ਮਾਲਵਾ, ਗੋਂਡ ਬਿਲਾਵਲ, ਸਾਰੰਗ ਕਾਫੀ ਆਦਿ ਹਨ। ਗੁਰੂ ਗੋਬਿੰਦ ਸਿੰਘ ਜੀ ਦੇ ਸੰਗੀਤਕ ਯੋਗਦਾਨ ਨੂੰ ਗੁਰਮਤਿ ਸੰਗੀਤ ਦੇ ਵਿਕਾਸ ਲਈ ਵਿਸ਼ੇਸ਼ ਰੂਪ ਵਿਚ ਅਧਿਐਨ ਕਰਨ ਦੀ ਜ਼ਰੂਰਤ ਹੈ ਜਿਸ ਨਾਲ ਅਸੀਂ ਗੁਰਮਤਿ ਸੰਗੀਤ ਨੂੰ ਕ੍ਰਾਂਤੀਕਾਰੀ ਵਿਸਥਾਰ ਕਰ ਸਕਦੇ ਹਾਂ। ਗੁਰੂ ਗੋਬਿੰਦ ਸਿੰਘ ਜੀ ਦੁਆਰਾ ਪ੍ਰਯੋਗ ਕੀਤੇ ਗਏ ਰਾਗ, ਗਾਇਨ ਰੂਪ, ਸੰਗੀਤ ਛੰਦ ਅਤੇ ਹੋਰ ਸੰਗੀਤ ਜੁਗਤਾਂ ਦੇ ਗਹਿਰੇ ਅਧਿਐਨ ਦੁਆਰਾ ਹੀ ਸੰਭਵ ਹੈ।

****

## ਪੰਜਾਬ ਵਿੱਚ ਝੂਠੇ ਪੁਲਿਸ ਮੁਕਾਬਲੇ ਵਿਰੁੱਧ

ਸਰਗਣਿਆਂ ਤੋਂ ਮਿਲੇ ਹੁਕਮਾਂ ਦੇ ਆਧਾਰ 'ਤੇ ਇਹ ਕਾਰਵਾਈ ਕੀਤੀ ਜਾ ਰਹੀ ਸੀ। ਹਮਲਿਆਂ ਵਿੱਚ ਗ੍ਰਨੇਡਾਂ ਅਤੇ ਆਰ.ਡੀ.ਐਕਸ. ਦੀ ਵਰਤੋਂ ਹੋਈ ਸੀ। ਉਨ੍ਹਾਂ ਕਿਹਾ, 'ਇਨ੍ਹਾਂ ਵਿਚੋਂ ਤਿੰਨ ਮਾਡਿਊਲ ਬੀ.ਕੇ.ਆਈ., ਜਦਕਿ ਦੋ ਕੇ.ਜ਼ੈੱਡ.ਐੱਫ਼. ਨਾਲ ਸਬੰਧਿਤ ਹਨ। ਉਨ੍ਹਾਂ ਕੋਲੋਂ ਦੋ ਏਕੇ-47 ਰਾਈਫ਼ਲਾਂ, ਪੰਜ ਗ੍ਰਨੇਡ, ਦੋ ਗਲੌਕ ਪਿਸਤੌਲਾਂ ਅਤੇ 1.04 ਕਿਲੋ ਹੈਰੋਇਨ ਬਰਾਮਦ ਕੀਤੀ ਗਈ ਹੈ। ਡੀ.ਜੀ.ਪੀ. ਨੇ ਲੋਕਾਂ ਨੂੰ ਅਜਿਹੀਆਂ ਸਾਜ਼ਿਸ਼ਾਂ ਤੋਂ ਸੁਚੇਤ ਰਹਿਣ ਦੀ ਅਪੀਲ ਕੀਤੀ ਹੈ। ਪਹਿਲਾ ਹਮਲਾ 23 ਨਵੰਬਰ ਨੂੰ ਅਜਨਾਲਾ ਥਾਣੇ 'ਤੇ ਹੋਇਆ ਸੀ। ਇਸ ਹਮਲੇ ਲਈ 1.5 ਕਿਲੋ ਆਈ.ਈ.ਡੀ. ਦੀ ਵਰਤੋਂ ਕੀਤੀ ਗਈ ਸੀ। 29 ਨਵੰਬਰ ਨੂੰ ਅੰਮ੍ਰਿਤਸਰ ਦੇ ਗੁਰਬਖ਼ਸ਼ ਨਗਰ ਵਿੱਚ ਰਾਤ 11 ਵਜੇ ਪੁਲਿਸ ਚੌਕੀ ਨੇੜੇ ਧਮਾਕਾ ਹੋਇਆ। 2 ਦਸੰਬਰ ਨੂੰ ਨਵਾਂਸ਼ਹਿਰ ਦੀ ਅਨਸਾਰੋ ਚੌਕੀ ਵਿੱਚ ਧਮਾਕਾ ਹੋਇਆ। 4 ਦਸੰਬਰ ਨੂੰ ਅੰਮ੍ਰਿਤਸਰ ਦੇ ਮਜੀਠਾ ਥਾਣੇ ਵਿੱਚ ਹੋਏ ਗ੍ਰਨੇਡ ਧਮਾਕੇ ਵਿੱਚ ਥਾਣੇ ਦੀਆਂ ਖਿੜਕੀਆਂ ਟੁੱਟ ਗਈਆਂ ਸਨ। ਇਸੇ ਤਰ੍ਹਾਂ 13 ਦਸੰਬਰ ਨੂੰ ਬਟਾਲਾ ਦੇ ਥਾਣਾ ਘਣੀਆਂ ਕੇ ਬਾਂਗਰ 'ਤੇ ਹਮਲਾ ਹੋਇਆ। 17 ਦਸੰਬਰ ਨੂੰ ਅੰਮ੍ਰਿਤਸਰ ਦੇ ਇਸਲਾਮਾਬਾਦ ਥਾਣੇ 'ਤੇ ਹੋਏ ਹਮਲੇ ਦੀ ਜ਼ਿੰਮੇਵਾਰੀ ਬੀ.ਕੇ.ਆਈ. ਦੇ ਜੀਵਨ ਸਿੰਘ ਫ਼ੌਜੀ ਨੇ ਲਈ ਸੀ

ਡੀ.ਜੀ.ਪੀ. ਅਨੁਸਾਰ ਗ੍ਰਿਫ਼ਤਾਰ ਕੀਤੇ ਗਏ ਬਾਕੀ ਚਾਰ ਵਿਅਕਤੀਆਂ ਦੀ ਪਛਾਣ ਕੁਲਜੀਤ ਸਿੰਘ, ਰੋਹਿਤ ਘੇਸੀ, ਸ਼ੁਭਮ ਅਤੇ ਗੁਰਜਿੰਦਰ ਸਿੰਘ ਰਾਜਾ ਸਾਰੇ ਵਾਸੀਆਨ ਕਿਲ੍ਹਾ ਲਾਲ ਸਿੰਘ, ਬਟਾਲਾ ਵਜੋਂ ਹੋਈ ਹੈ। ਪੁਲਿਸ ਦੀਆਂ ਟੀਮਾਂ ਨੇ ਮੁਲਜ਼ਮਾਂ ਦੇ ਕਬਜ਼ੇ 'ਚੋਂ ਇੱਕ 9 ਐੱਮਐੱਮ ਤੇ ਇੱਕ .32 ਬੋਰ ਦਾ ਪਿਸਤੌਲ ਬਰਾਮਦ ਕੀਤਾ ਹੈ।

ਡੀ.ਜੀ.ਪੀ. ਨੇ ਦੱਸਿਆ ਕਿ ਜਦੋਂ ਮੁਲਜ਼ਮ ਅਭੀਜੋਤ ਸਿੰਘ ਅਤੇ ਕੁਲਜੀਤ ਸਿੰਘ ਨੂੰ ਬਰਾਮਦਗੀ ਲਈ ਲਿਜਾਇਆ ਗਿਆ ਤਾਂ ਉਨ੍ਹਾਂ ਨੇ ਹਿਰਾਸਤ ਵਿਚੋਂ ਭੱਜਣ ਲਈ ਪੁਲਿਸ ਪਾਰਟੀ 'ਤੇ ਹਮਲਾ ਕਰ ਦਿੱਤਾ, ਜਿਸ ਦੇ ਜਵਾਬ ਵਿੱਚ ਪੁਲਿਸ ਨੇ ਵੀ ਆਪਣੇ ਬਚਾਅ ਵਿੱਚ ਗੋਲੀਬਾਰੀ ਕੀਤੀ। ਇਸ ਦੌਰਾਨ ਦੋਹਾਂ ਮੁਲਜ਼ਮਾਂ ਦੇ ਗੋਲੀਆਂ ਲੱਗੀਆਂ। ਉਨ੍ਹਾਂ ਦੱਸਿਆ ਕਿ ਮੁਲਜ਼ਮਾਂ ਨੂੰ ਬਟਾਲਾ ਦੇ ਸਿਵਲ ਹਸਪਤਾਲ ਵਿੱਚ ਦਾਖ਼ਲ ਕਰਵਾਇਆ ਗਿਆ ਹੈ, ਜਿੱਥੇ ਉਨ੍ਹਾਂ ਦੀ ਹਾਲਤ ਸਥਿਰ ਦੱਸੀ ਜਾ ਰਹੀ ਹੈ।

****

## ਤਾਲਿਬਾਨ ਵੱਲੋਂ ਮੌਜੂਦਾ ਅਫ਼ਗਾਨਿਸਤਾਨ ਦੀ

ਜਦੋਂ ਕਿਸੇ ਵੀ ਨੌਜਵਾਨ ਜੋੜੇ ਨੂੰ ਪਾਰਕਾਂ ਵਿੱਚ ਬੈਠਣ ਜਾਂ ਸੜਕਾਂ 'ਤੇ ਘੁੰਮਣ ਫ਼ਿਰਨ 'ਤੇ ਗ੍ਰਿਫ਼ਤਾਰ ਕਰ ਲਿਆ ਜਾਂਦਾ ਸੀ। ਨੌਜਵਾਨ ਪੀੜ੍ਹੀ ਨੇ ਇਸ ਦਾ ਵਿਰੋਧ ਕੀਤਾ। ਇਸ ਹੁਕਮ ਨੂੰ ਜਲਦੀ ਹੀ ਵਾਪਸ ਲੈ ਲਿਆ ਸੀ, ਪਰ ਕਿਸੇ ਨਾ ਕਿਸੇ ਰੂਪ ਵਿੱਚ ਇਹ ਪਾਬੰਦੀਆਂ ਔਰਤਾਂ ਉੱਪਰ ਅਜੇ ਵੀ ਲਾਗੂ ਹਨ। 1990ਵਿਆਂ ਵਿੱਚ ਮੁਜਾਹਿਦੀਨ ਦੇ ਰਾਜਕਾਲ ਦੌਰਾਨ ਵੀ ਔਰਤਾਂ ਵਿਰੁੱਧ ਪਾਬੰਦੀਆਂ ਲਗਾਈਆਂ ਗਈਆਂ ਸਨ ਜਿਹੜੀਆਂ 2001 ਤੱਕ ਜਾਰੀ ਰਹੀਆਂ। ਬਾਅਦ ਵਿੱਚ ਕੌਮਾਂਤਰੀ ਸੰਸਥਾਵਾਂ ਦੇ ਦਖ਼ਲ ਅਤੇ ਮਨੁੱਖੀ ਅਧਿਕਾਰਾਂ ਨਾਲ ਸਬੰਧਿਤ ਜਥੇਬੰਦੀਆਂ ਦੇ ਦਬਾਅ ਕਾਰਨ ਇਨ੍ਹਾਂ ਨੂੰ ਕੁਝ ਹੱਦ ਤੱਕ ਘਟਾ ਦਿੱਤਾ ਗਿਆ ਸੀ ਪਰ 2021 ਤੋਂ ਤਾਲਿਬਾਨ ਹਕੂਮਤ ਨੇ ਮੁੜ ਸੱਤਾ ਵਿੱਚ ਆਉਣ ਮਗਰੋਂ ਔਰਤਾਂ ਦੇ ਮੁੱਢਲੇ ਅਧਿਕਾਰਾਂ ਦੀ ਸ਼ਰ੍ਹੇਆਮ ਉਲੰਘਣਾ ਕਰਦਿਆਂ ਕੁਝ ਅਜਿਹੇ ਫ਼ੁਰਮਾਨ ਜਾਰੀ ਕਰ ਦਿੱਤੇ ਹਨ:

ਛੇਵੀਂ ਜਮਾਤ ਤੋਂ ਬਾਅਦ ਉਚੇਰੀ ਪੜ੍ਹਾਈ ਲਈ ਲੜਕੀਆਂ ਦੇ ਸਕੂਲ ਜਾਂ ਕਾਲਜ ਵਿੱਚ ਜਾਣ ਦੀ ਮਨਾਹੀ ਹੈ, ਯੂਨੀਵਰਸਿਟੀ ਦੀ ਪੜ੍ਹਾਈ ਬਾਰੇ ਤਾਂ ਉਹ ਸੋਚ ਵੀ ਨਹੀਂ ਸਕਦੀਆਂ। ਲੜਕੀਆਂ ਘਰ ਤੋਂ ਬਾਹਰ ਕਿਸੇ ਵੀ ਸਰਕਾਰੀ ਜਾਂ ਗ਼ੈਰ-ਸਰਕਾਰੀ ਸੰਸਥਾ ਵਿੱਚ ਕੰਮ ਕਰਨ ਲਈ ਨਹੀਂ ਜਾ ਸਕਦੀਆਂ, ਖ਼ਾਸ ਤੌਰ 'ਤੇ ਉਨ੍ਹਾਂ ਗ਼ੈਰ-ਸਰਕਾਰੀ ਸੰਸਥਾਵਾਂ ਵਿੱਚ ਜਿਹੜੀਆਂ ਅਫ਼ਗਾਨਿਸਤਾਨ ਨੂੰ ਮਨੁੱਖਤਾ ਦੇ ਆਧਾਰ 'ਤੇ ਗਰਾਂਟ ਜਾਂ ਹੋਰ ਵਿੱਤੀ ਸਹਾਇਤਾ ਪ੍ਰਦਾਨ ਕਰ ਰਹੀਆਂ ਹਨ। ਬਿਨਾਂ ਕਿਸੇ ਜ਼ਰੂਰੀ ਕੰਮ ਤੋਂ ਲੜਕੀਆਂ ਇਕੱਲਿਆਂ ਘਰ ਤੋਂ ਬਾਹਰ ਨਹੀਂ ਜਾ ਸਕਦੀਆਂ, ਜੇਕਰ ਜਾਣਾ ਵੀ ਹੋਵੇ ਤਾਂ ਉਨ੍ਹਾਂ ਨਾਲ ਘਰ ਦਾ ਮਰਦ ਹੋਣਾ ਜ਼ਰੂਰੀ ਹੈ। ਇਕੱਲਿਆਂ ਸਫ਼ਰ ਕਰਨ ਦੀ ਬਿਲਕੁਲ ਮਨਾਹੀ ਹੈ। ਘਰ ਤੋਂ ਬਾਹਰ ਨਿਕਲਣ ਵੇਲੇ ਬੁਰਕਾ, ਨਕਾਬ ਜਾਂ ਹਿਜਾਬ ਜ਼ਰੂਰੀ ਅਤੇ ਸਹੀ ਢੰਗ ਨਾਲ ਪਹਿਨਿਆ ਹੋਣਾ ਚਾਹੀਦਾ ਹੈ ਭਾਵ ਖ਼ਾਸ ਡਰੈੱਸ ਕੋਡ ਲਾਗੂ ਹੈ। ਉਲੰਘਣਾ ਕਰਨ ਵਾਲੀ ਔਰਤ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ ਜਾ ਸਕਦੀ ਹੈ ਜਿਸ ਦੀ ਜ਼ਿੰਮੇਵਾਰ ਉਹ ਖ਼ੁਦ ਹੋਵੇਗੀ। ਲੜਕੀਆਂ ਰਾਜਨੀਤਕ ਜਾਂ ਪ੍ਰਬੰਧਕੀ ਮਾਮਲਿਆਂ ਵਿੱਚ ਦਖਲ ਨਹੀਂ ਦੇ ਸਕਦੀਆਂ ਤੇ ਨਾ ਹੀ ਕੋਈ ਆਰਥਿਕ ਜਾਂ ਸਮਾਜਿਕ ਫ਼ੈਸਲੇ ਲੈ ਸਕਦੀਆਂ ਹਨ।

ਇਸ ਵੇਲੇ ਅਫ਼ਗਾਨਿਸਤਾਨ ਦੀ ਕੈਬਨਿਟ ਵਿੱਚ ਸਾਰੇ ਮਰਦ ਹੀ ਹਨ। ਇੱਥੋਂ ਤੱਕ ਕਿ ਔਰਤਾਂ ਨਾਲ ਸਬੰਧਿਤ ਮੰਤਰਾਲੇ ਨੂੰ ਵੀ ਸਰਕਾਰੀ ਤੌਰ 'ਤੇ ਖ਼ਤਮ ਕਰ ਦਿੱਤਾ ਗਿਆ ਹੈ।

ਅਫ਼ਗਾਨ ਔਰਤਾਂ ਨੂੰ ਹੋਰ ਔਰਤਾਂ ਦੇ ਸਾਹਮਣੇ ਉੱਚੀ ਆਵਾਜ਼ ਵਿੱਚ ਨਮਾਜ਼ ਪੜ੍ਹਨ ਜਾਂ ਕੁਰਾਨ ਪੜ੍ਹਨ ਦੀ ਮਨਾਹੀ ਹੈ। ਇਨ੍ਹਾਂ ਕਾਨੂੰਨਾਂ ਤਹਿਤ ਔਰਤਾਂ ਨੂੰ ਘਰ ਦੇ ਬਾਹਰ ਉੱਚੀ ਆਵਾਜ਼ 'ਚ ਗੱਲ ਕਰਨ ਅਤੇ ਅਪਣਾ ਚਿਹਰਾ ਵਿਖਾਉਣ 'ਤੇ ਪਾਬੰਦੀ ਹੈ।

ਇਸ ਤੋਂ ਇਲਾਵਾ ਕੁੜੀਆਂ ਨੂੰ ਛੇਵੀਂ ਜਮਾਤ ਤੋਂ ਬਾਅਦ ਸਿੱਖਿਆ ਤੋਂ ਵਾਂਝੀਆਂ ਰਖਿਆ ਗਿਆ ਹੈ ਅਤੇ ਔਰਤਾਂ ਨੂੰ ਪਹਿਲਾਂ ਹੀ ਕਈ ਜਨਤਕ ਥਾਵਾਂ ਅਤੇ ਜ਼ਿਆਦਾਤਰ ਨੌਕਰੀਆਂ ਤੋਂ ਬਾਹਰ ਰੱਖਿਆ ਗਿਆ ਹੈ।

ਔਰਤਾਂ ਜਥੇਬੰਦ ਹੋ ਕੇ ਖੁੱਲ੍ਹੇਆਮ ਆਪਣੇ ਨਾਲ ਹੋ ਰਹੀ ਜ਼ਿਆਦਤੀ ਵਿਰੁੱਧ ਆਵਾਜ਼ ਨਹੀਂ ਉਠਾ ਸਕਦੀਆਂ। ਇਉਂ ਤਾਲਿਬਾਨ ਸਰਕਾਰ ਨੇ ਇਸਲਾਮੀ ਸ਼ਰੀਅਤ ਦੇ ਓਹਲੇ ਹੇਠ ਅਜਿਹੇ ਫ਼ੁਰਮਾਨ ਜਾਰੀ ਕੀਤੇ ਹਨ ਜਿਹੜੇ ਔਰਤਾਂ ਨੂੰ ਵਿਚਾਰ ਪ੍ਰਗਟ ਕਰਨ ਦਾ ਅਧਿਕਾਰ, ਆਜ਼ਾਦੀ ਅਤੇ ਸਿੱਖਿਆ ਪ੍ਰਾਪਤੀ ਤੋਂ ਇਲਾਵਾ ਰੁਜ਼ਗਾਰ ਦਾ ਅਧਿਕਾਰ ਅਤੇ ਆਰਥਿਕ, ਸਮਾਜਿਕ ਫ਼ੈਸਲੇ ਲੈਣ ਦੇ ਮੁੱਢਲੇ ਅਧਿਕਾਰਾਂ ਤੋਂ ਵਾਂਝਿਆਂ ਕਰਦੇ ਹਨ।

ਅਸਲ ਵਿੱਚ ਤਾਲਿਬਾਨ ਦੀ ਕੱਟੜਤਾ ਨੇ ਮੌਜੂਦਾ ਅਫ਼ਗਾਨਿਸਤਾਨ ਦੀ ਰਾਜਨੀਤਿਕ ਤੇ ਸਮਾਜਿਕ ਵਿਵਸਥਾ ਨੂੰ 1990ਵਿਆਂ ਜਿਹੇ ਦੌਰ ਵਿੱਚ ਮੁੜ ਧੱਕ ਦਿੱਤਾ ਹੈ ਜਿਸ ਨੂੰ ਯੂ.ਐੱਨ. ਦੀਆਂ ਔਰਤਾਂ ਦੀਆਂ ਜਥੇਬੰਦੀਆਂ ਨੇ ਸਖ਼ਤ ਘਾਲਣਾ ਕਰ ਕੇ ਥੋੜ੍ਹਾ ਬਹੁਤ ਠੀਕ ਕਰਨ ਦਾ ਯਤਨ ਕੀਤਾ ਸੀ। ਇਸ ਦੇ ਮੂਲ ਕਾਰਨ ਮਰਦ ਪ੍ਰਧਾਨ ਸਮਾਜਿਕ ਢਾਂਚਾ ਤੇ ਧਾਰਮਿਕ ਕੱਟੜਤਾ ਹਨ। ਇਸ ਦਾ ਸਿੱਧਾ ਪ੍ਰਭਾਵ ਅਫ਼ਗਾਨਿਸਤਾਨ ਦੀ ਅਰਥ-ਵਿਵਸਥਾ ਉਪਰ ਪਿਆ ਹੈ।

ਇਸ ਲਈ ਨਵੇਂ ਸਾਲ 2025 ਵਿੱਚ ਸੁਚਾਰੂ ਅਤੇ ਜਮਹੂਰੀਅਤ ਸੋਚ ਦੇ ਧਾਰਨੀ ਲੋਕਾਂ ਨੂੰ ਇਹ ਯਤਨ ਕਰਨਾ ਚਾਹੀਦਾ ਹੈ ਕਿ ਔਰਤਾਂ ਦੇ ਅਧਿਕਾਰ ਸਹੀ ਅਰਥਾਂ ਵਿੱਚ ਬਰਕਰਾਰ ਰਹਿਣ, ਉਹ ਹਰ ਪ੍ਰਕਾਰ ਦੀ ਹਿੰਸਾ ਤੋਂ ਮੁਕਤ ਹੋਣ ਅਤੇ ਉਨ੍ਹਾਂ ਦਾ ਅਜੋਕੇ ਸਮਾਜ ਵਿੱਚ ਬਰਾਬਰੀ ਦਾ ਰੁਤਬਾ ਬਣਿਆ ਰਹੇ। ਯੂ.ਐਨ.ਓ. ਅਤੇ ਹੋਰ ਦੇਸ਼ਾਂ ਸਮੇਤ ਭਾਰਤ ਨੂੰ ਵੀ ਕੌਮਾਂਤਰੀ ਪੱਧਰ 'ਤੇ ਅਪੀਲ ਕਰਨੀ ਚਾਹੀਦੀ ਹੈ ਕਿ ਕੱਟੜਪੰਥੀਆਂ ਵੱਲੋਂ ਔਰਤਾਂ ਦੀ ਜ਼ਿੰਦਗੀ ਤੇ ਆਜ਼ਾਦੀ ਵਿਰੁੱਧ ਜਾਰੀ ਕੀਤੇ ਫ਼ੁਰਮਾਨ ਜਲਦੀ ਹੀ ਵਾਪਸ ਲਏ ਜਾਣ। ਇਸੇ ਵਿੱਚ ਸਾਰੀ ਮਨੁੱਖਤਾ ਦਾ ਭਲਾ ਹੈ।

***

## ਹਰਿਆਣਾ ਦੇ ਅੰਬਾਲਾ ਅਤੇ ਰੋਹਤਕ

ਨਿਯਮ 2022 ਵਿੱਚ ਪਾਸ ਕੀਤਾ ਗਿਆ ਸੀ। ਉਸ ਨੇ ਦੋਸ਼ ਲਾਇਆ ਕਿ ਉਸ ਨੂੰ ਅਨੁਸੂਚਿਤ ਜਾਤੀ ਅਤੇ ਅਨੁਸੂਚਿਤ ਕਬੀਲੇ ਦੇ ਲੋਕਾਂ ਨੂੰ ਲਾਲਚ ਦੇ ਕੇ, ਧਮਕੀਆਂ ਦੇ ਕੇ ਜਾਂ ਉਨ੍ਹਾਂ ਨੂੰ ਚਮਤਕਾਰ ਦਿਖਾ ਕੇ ਧਰਮ ਪਰਿਵਰਤਨ ਕਰਨ ਦੀਆਂ ਸ਼ਿਕਾਇਤਾਂ ਮਿਲਦੀਆਂ ਰਹਿੰਦੀਆਂ ਹਨ।

ਬਾਂਸਲ ਨੇ ਪੁੱਛਿਆ ਕਿ ਉਹ ਲੋਕਾਂ ਨੂੰ ਚਮਤਕਾਰਾਂ ਰਾਹੀਂ ਬਿਮਾਰੀਆਂ ਠੀਕ ਕਰਨ ਦਾ ਵਾਅਦਾ ਕਰਕੇ ਵੀ ਭਰਮਾਉਂਦਾ ਹੈ। ਕੀ ਇਹ ਅਜੀਬ ਗੱਲ ਨਹੀਂ ਹੈ ਕਿ ਉਹ ਮਦਰ ਟੈਰੇਸਾ ਅਤੇ ਪੋਪ ਦਾ ਇਲਾਜ ਨਹੀਂ ਕਰ ਸਕਿਆ, ਪਰ ਦਾਅਵਾ ਕਰਦਾ ਹੈ ਕਿ ਉਹ ਭਾਰਤ ਦੇ ਗਰੀਬ ਲੋਕਾਂ ਨੂੰ ਠੀਕ ਕਰ ਸਕਦਾ ਹੈ?

ਇਸੇ ਤਰ੍ਹਾਂ ਦੀਆਂ ਘਟਨਾਵਾਂ 2021 ਵਿੱਚ ਹਰਿਆਣਾ ਵਿੱਚ ਵਾਪਰੀਆਂ ਸਨ। ਕੁਰੂਕਸ਼ੇਤਰ ਵਿੱਚ ਇੱਕ ਹਿੰਦੂ ਸਮੂਹ ਨੇ ਇੱਕ ਚਰਚ ਵਿੱਚ ਦਾਖਲ ਹੋ ਕੇ ਹਿੰਦੂ ਭਗਤੀ ਗੀਤ ਗਾ ਕੇ ਕ੍ਰਿਸਮਸ ਦੇ ਜਸ਼ਨਾਂ ਵਿੱਚ ਵਿਘਨ ਪਾਇਆ ਅਤੇ ਗੁਰੂਗ੍ਰਾਮ ਦੇ ਪਟੌਦੀ ਵਿੱਚ ਸੰਘ ਪਰਿਵਾਰ ਦੇ ਵਰਕਰ ਇੱਕ ਸਕੂਲ ਵਿੱਚ ਦਾਖਲ ਹੋ ਕੇ ਵਿਘਨ ਪਾਇਆ, ਜਿੱਥੇ ਕ੍ਰਿਸਮਸ ਦਾ ਜਸ਼ਨ ਚੱਲ ਰਿਹਾ ਸੀ ਅਤੇ ਸਕੂਲੀ ਬੱਚੇ ਪ੍ਰਦਰਸ਼ਨ ਕਰ ਰਹੇ ਸਨ।

***

## ਹੁਨਰਮੰਦ ਵਿਦੇਸ਼ੀ ਕਾਮਿਆਂ ਨੂੰ ਅਮਰੀਕਾ

ਸੰਭਾਵੀ ਤੌਰ 'ਤੇ ਤੁਸੀਂ ਇਸ ਪ੍ਰੋਗਰਾਮ ਨੂੰ ਖਤਮ ਨਹੀਂ ਕਰ ਸਕਦੇ। ਦੱਖਣੀ ਅਫ਼ਰੀਕਾ ਵਿੱਚ ਪੈਦਾ ਹੋਏ ਮਸਕ ਆਪਣੀ ਮਾਂ ਸਦਕਾ ਕੈਨੇਡੀਅਨ ਨਾਗਰਿਕਤਾ ਲੈਣ ਉਪਰੰਤ ਅਮਰੀਕਾ ਵਿੱਚ ਇੱਕ ਵਿਦੇਸ਼ੀ ਵਿਦਿਆਰਥੀ ਵਜੋਂ ਆਇਆ ਸੀ ਤੇ ਬਾਅਦ ਵਿੱਚ ਉਸ ਨੇ ਐਚ-1ਬੀ ਵੀਜ਼ੇ ਉਪਰ ਕੰਮ ਕੀਤਾ ਸੀ। ਦੂਸਰੇ ਪਾਸੇ ਇਮੀਗ੍ਰੇਸ਼ਨ ਵਿਰੋਧੀ ਟਰੰਪ ਸਮਰਥਕ ਇਸ ਮੁੱਦੇ 'ਤੇ ਕੋਈ ਸਮਝੌਤਾ ਕਰਨ ਲਈ ਤਿਆਰ ਨਹੀਂ ਹਨ। ਸਾਬਕਾ ਟਰੰਪ ਸਹਾਇਕ ਸਟੀਵ ਬੈਨਨ ਟਰੰਪ ਦੇ ਉਨ੍ਹਾਂ ਵਫ਼ਾਦਾਰਾਂ ਵਿੱਚ ਸ਼ਾਮਿਲ ਹੋ ਗਏ ਹਨ ਜੋ ਵਿਦੇਸ਼ੀ ਕਾਮਿਆਂ ਨੂੰ ਅਮਰੀਕਾ ਸੱਦਣ ਦਾ ਵਿਰੋਧ ਕਰ ਰਹੇ ਹਨ। ਇਨ੍ਹਾਂ ਵਿੱਚ ਸਾਬਕਾ ਸਾਂਸਦ ਮੈਟ ਗੇਟਜ ਤੇ ਸੱਜੇ ਪੱਖੀ ਲੌਰਾ ਲੂਮਰ ਸ਼ਾਮਿਲ ਹਨ। ਸਟੀਵ ਬੈਨਨ ਨੇ ਐਚ-1ਬੀ ਵੀਜ਼ਾ ਪ੍ਰੋਗਰਾਮ ਨੂੰ ਘੋਟਾਲਾ ਕਰਾਰ ਦਿੱਤਾ ਹੈ।

***

## ਘੱਗਰੇ ਵੀ ਗਏ, ਫ਼ੁਲਕਾਰੀਆਂ ਵੀ

ਨੂੰਹ, ਧੀ ਦੀ ਪਛਾਣ ਹੀ ਘੁੰਡ ਤੋਂ ਹੁੰਦੀ ਸੀ। ਪੁਰਾਤਨ ਸਮਿਆਂ ਦੇ ਪਿੰਡਾਂ ਵਿੱਚ ਘਰਾਂ ਦੇ ਬਾਹਰ ਘੰਟੀ ਦੀ ਸਵਿੱਚ ਨਹੀਂ ਲੱਗੀ ਹੁੰਦੀ ਸੀ। ਅੱਜ ਦਰਵਾਜ਼ੇ ਛੋਟੇ ਤੇ ਬੰਦ ਰਹਿੰਦੇ ਹਨ। ਉਦੋਂ ਦਰਵਾਜ਼ੇ ਵੱਡੇ ਅਤੇ ਬਾਰ ਖੁੱਲ੍ਹੇ ਰਹਿੰਦੇ ਸਨ। ਫ਼ਿਰ ਵੀ ਸਾਡੇ ਬਜ਼ੁਰਗ ਸਿਆਣੇ ਤੇ ਸੂਝਵਾਨ ਹੋਣ ਕਾਰਨ ਖੰਘੂਰਾ ਮਾਰ ਕੇ ਅੰਦਰ ਆਉਂਦੇ ਸਨ। ਉਦੋਂ ਜੇਠ, ਸਹੁਰਾ ਜਾਂ ਕਿਸੇ ਵੀ ਵਡੇਰੀ ਉਮਰ ਦੇ ਵਿਅਕਤੀ ਨੇ ਆਪਣੇ ਜਾਂ ਕਿਸੇ ਦੇ ਘਰ ਆਉਣਾ-ਜਾਣਾ ਹੁੰਦਾ ਸੀ ਤਾਂ ਖੰਘੂਰਾ ਮਾਰ ਕੇ ਅੰਦਰ ਵੜਦੇ ਸਨ ਤਾਂ ਕਿ ਨੂੰਹ ਜਾਂ ਸੱਸ ਪੱਲਾ ਕਰ ਲਵੇ।

ਪੁਰਾਤਨ ਸੱਭਿਆਚਾਰ ਵਿੱਚ ਲਾੜੇ ਨੇ ਵਿਆਹ ਤੋਂ ਪਹਿਲਾਂ ਆਪਣੀ ਲਾੜੀ ਨੂੰ ਵੇਖਿਆ ਨਹੀਂ ਹੁੰਦਾ ਸੀ। ਉਦੋਂ ਰਾਜੇ ਸਿੱਖ ਹੀ ਮੁੰਡੇ ਦੀ ਤਲੀ 'ਤੇ ਰੁਪਈਆ ਧਰ ਕੇ ਰਿਸ਼ਤਾ ਪੱਕਾ ਕਰ ਆਉਂਦੇ ਸਨ। ਉਨ੍ਹਾਂ ਰਿਸ਼ਤਿਆਂ ਵਿੱਚ ਅੰਤ ਤੱਕ ਨਿਭਾਉਣ ਦੀ ਲਿਆਕਤ ਕੁੱਟ-ਕੁੱਟ ਕੇ ਭਰੀ ਹੁੰਦੀ ਸੀ। ਅੱਜ ਵਾਲੇ ਛੋਟੀ ਜਿਹੀ ਗੱਲ 'ਤੇ ਕੱਪੜਿਆਂ ਦੀ ਤਰ੍ਹਾਂ ਇੱਕ ਦੂਜੇ ਨੂੰ ਮਗਰੋਂ ਲਾਹੁਣ ਵਾਲੀਆਂ ਕਾਰਵਾਈਆਂ ਕਰਦੇ ਹਨ। ਉਦੋਂ ਰਿਸ਼ਤਿਆਂ ਦਾ ਆਪਸੀ ਨਿੱਘ ਹੀ ਐਨਾ ਹੁੰਦਾ ਸੀ ਕਿ ਤਲਾਕ ਸ਼ਬਦ ਨੂੰ ਕੋਈ ਜਾਣਦਾ ਹੀ ਨਹੀਂ ਸੀ। ਅੱਜ ਘੁੰਡ ਤਾਂ ਬਿਲਕੁਲ ਖ਼ਤਮ ਹੋ ਗਿਆ ਹੈ, ਪਰ ਚੁੰਨੀ ਅਜੇ ਬਰਕਰਾਰ ਹੈ। ਕਾਰਪੋਰੇਟ ਘਰਾਣਿਆਂ ਨੇ ਪਹਿਰਾਵੇ ਨੂੰ ਵਪਾਰ ਦਾ ਸਾਧਨ ਬਣਾ ਕੇ ਲੋਕਾਂ ਅਤੇ ਖ਼ਾਸ ਕਰ ਕੇ ਨਵੀਂ ਪੀੜ੍ਹੀ ਨੂੰ ਬਹੁਤ ਪ੍ਰਭਾਵਿਤ ਕੀਤਾ ਹੈ।


ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ
ਜਾਣੋ ਪਲ ਪਲ ਦੀ ਖਬਰ
AJJ DA MUDDA
ON
jus PUNJABI HD
sling
CREDIBILITY
RELIABILITY
Minute to Minute Coverage of Punjab Elections
Punjabi Super Pack
20 channels for only $25/month on
sling
SCAN ME TO SUBSCRIBE
Get 30% off ANY Pack for the first month! w/code: SLINGER854
To Subscribe Call: +1-718-752-9290
Visit: sling.com/juspunjabi
for advertisement & more information call: +1-718-752-9293
www.jusbroadcasting.com